ਸ਼ੁੱਕਰਵਾਰ, 31 ਮਾਰਚ, 2023

18 ਚੇਤ { ਨਾਨਕਸ਼ਾਹੀ 555 / ਬਿਕਰਮੀ 2080 }

ਜਿਲਦ/VOL. : 71

ਅੰਕ/NO. : 299

# ਨਵਾਂ ਜ਼ਮਾਨਾ

DAILY NAWAN ZAMANA • FRIDAY, 31 MARCH, 2023 ਜਲੰਧਰ

nawan zamana TV

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12


## ਐੱਚ-1 ਬੀ ਵੀਜ਼ਾ ਧਾਰਕਾਂ ਦੇ ਹੱਕ ’ਚ ਫੈਸਲਾ

**ਵਾਸ਼ਿੰਗਟਨ** : ਅਮਰੀਕੀ ਤਕਨਾਲੋਜੀ ਖੇਤਰ ’ਚ ਕੰਮ ਕਰ ਰਹੇ ਵਿਦੇਸ਼ੀ ਕਾਮਿਆਂ ਨੂੰ ਵੱਡੀ ਰਾਹਤ ਦਿੰਦਿਆਂ ਜੱਜ ਨੇ ਫੈਸਲਾ ਸੁਣਾਇਆ ਹੈ ਕਿ ਐੱਚ-1ਬੀ ਵੀਜ਼ਾਧਾਰਕਾਂ ਦੇ ਜੀਵਨ ਸਾਥੀ ਅਮਰੀਕਾ ’ਚ ਕੰਮ ਕਰ ਸਕਦੇ ਹਨ। ਜ਼ਿਲ੍ਹਾ ਜੱਜ ਤਾਨਿਆ ਚਟਕਨ ਨੇ ‘ਸੇਵ ਜੌਬਸ ਯੂ ਐੱਸ ਏ’ ਵੱਲੋਂ ਦਾਇਰ ਪਟੀਸ਼ਨ ਨੂੰ ਖਾਰਜ ਕਰ ਦਿੱਤਾ, ਜਿਸ ’ਚ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਕਾਰਜਕਾਲ ਦੇ ਨਿਯਮਾਂ ਨੂੰ ਖਤਮ ਕਰਨ ਦੀ ਮੰਗ ਕੀਤੀ ਗਈ ਸੀ। ਇਸ ਨਿਯਮ ਦੇ ਤਹਿਤ ਐੱਚ-1ਬੀ ਵੀਜ਼ਾਧਾਰਕਾਂ ਦੀਆਂ ਕੁਝ ਸ਼੍ਰੇਣੀਆਂ ਦੇ ਜੀਵਨ ਸਾਥੀ ਨੂੰ ਰੁਜ਼ਗਾਰ ਅਧਿਕਾਰ ਕਾਰਡ ਜਾਰੀ ਕੀਤੇ ਜਾਂਦੇ ਹਨ।

## ਕੋਰੋਨਾ ਦੇ ਇਕ ਦਿਨ ’ਚ ਤਿੰਨ ਹਜ਼ਾਰ ਤੋਂ ਵੱਧ ਮਾਮਲੇ

**ਨਵੀਂ ਦਿੱਲੀ** : ਕੇਂਦਰੀ ਸਿਹਤ ਮੰਤਰਾਲੇ ਵੱਲੋਂ ਬੁੱਧਵਾਰ ਜਾਰੀ ਅੰਕੜਿਆਂ ਅਨੁਸਾਰ ਭਾਰਤ ’ਚ ਇੱਕ ਦਿਨ ’ਚ 3,016 ਕੋਰੋਨਾ ਕੇਸ ਵਧੇ ਹਨ। ਇਹ ਛੇ ਮਹੀਨਿਆਂ ’ਚ ਇਕ ਦਿਨ ਦਾ ਰਿਕਾਰਡ ਹੈ। ਸਰਗਰਮ ਕੇਸ ਵਧ ਕੇ 13,509 ਹੋ ਗਏ ਹਨ। ਪਿਛਲੇ ਸਾਲ 2 ਅਕਤੂਬਰ ਨੂੰ 3,375 ਕੇਸ ਨਿਕਲੇ ਸਨ। ਦੇਸ਼ ’ਚ ਕੋਵਿਡ-19 ਕਾਰਨ 14 ਮੌਤਾਂ ਹੋਈਆਂ ਹਨ ਤੇ ਗਿਣਤੀ ਵਧ ਕੇ 5,30,862 ਹੋ ਗਈ ਹੈ। ਮਹਾਰਾਸ਼ਟਰ ’ਚ 3, ਦਿੱਲੀ ’ਚ 2, ਹਿਮਾਚਲ ’ਚ ਇਕ ਤੇ ਕੇਰਲਾ ’ਚ ਅੱਠ ਮੌਤਾਂ ਹੋਈਆਂ ਹਨ।

## ਮੈਲਬੋਰਨ ਝਗੜੇ ਦੇ ਸੰਬੰਧ ’ਚ 3 ਹੋਰ ਗ੍ਰਿਫ਼ਤਾਰ

**ਮੈਲਬੋਰਨ** : ਇੱਥੋਂ ਦੀ ਪੁਲਸ ਨੇ ਜਨਵਰੀ ਦੇ ਅਖੀਰ ’ਚ ਫੈਡਰੇਸ਼ਨ ਸਕੁਏਅਰ ’ਚ ਕਥਿਤ ਝਗੜੇ ਸੰਬੰਧੀ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। 29 ਜਨਵਰੀ ਨੂੰ ਖਾਲਿਸਤਾਨ ਰਾਇਸ਼ੁਮਾਰੀ ਸਮਾਗਮ ’ਚ ਝਗੜੇ ਦੌਰਾਨ ਝੰਡਿਆਂ ਵਿਚਲੇ ਡੰਡਿਆਂ ਨੂੰ ਕਈ ਵਿਅਕਤੀਆਂ ਨੇ ਹਥਿਆਰ ਵਜੋਂ ਵਰਤਿਆ ਸੀ। ਦੋ ਪੀੜਤਾਂ ਵਿੱਚੋਂ ਇੱਕ ਦੇ ਸਿਰ ਤੇ ਹੱਥ ਅਤੇ ਦੂਜੇ ਦੇ ਹੱਥ ’ਚ ਸੱਟ ਲੱਗੀ ਸੀ। ਘਟਨਾ ਵਾਲੇ ਦਿਨ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਇਸ ਹਫਤੇ ਤਿੰਨ ਹੋਰ ਗ੍ਰਿਫ਼ਤਾਰ ਕੀਤੇ ਗਏ ਹਨ। ਇਹ 23, 36 ਤੇ 39 ਸਾਲ ਦੇ ਹਨ।

## ਧਮਾਕੇ ਨਾਲ ਵੱਡਾ ਟੋਆ

**ਜੰਮੂ** : ਕਠੂਆ ਜ਼ਿਲ੍ਹੇ ’ਚ ਭਾਰਤ-ਪਾਕਿਸਤਾਨ ਸਰਹੱਦ ਨੇੜੇ ਪਿੰਡ ’ਚ ਜ਼ਬਰਦਸਤ ਧਮਾਕੇ ਕਾਰਨ ਵੱਡਾ ਟੋਆ ਪੈ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਇਹ ਜ਼ਮੀਨਦੋਜ਼ ਸੁਰੰਗ ਧਮਾਕਾ ਜਾਪਦਾ ਹੈ। ਸ਼ੱਕ ਹੈ ਕਿ ਇਸ ਨੂੰ ਡਰੋਨ ਰਾਹੀਂ ਲਿਜਾਇਆ ਜਾ ਰਿਹਾ ਸੀ ਅਤੇ ਗਲਤ ਥਾਂ ’ਤੇ ਡਿੱਗ ਗਈ। ਤਲਾਸ਼ੀ ਦੌਰਾਨ ਉਥੋਂ ਹੱਥਗੋਲਾ ਵੀ ਮਿਲਿਆ ਹੈ।

## ਤਬਾਹੀ ਦੀ ਨਿਸ਼ਾਨੀ



**ਨਵੀਂ ਦਿੱਲੀ** : ਕੇਂਦਰ ਸਰਕਾਰ ਨੇ ਕਿਹਾ ਹੈ ਕਿ ਹਿਮਾਲਿਆ ਖੇਤਰ ਵਿਚ ਜਿਨ੍ਹਾਂ ਗਲੇਸ਼ੀਅਰਾਂ ਦਾ ਅਧਿਐਨ ਕੀਤਾ ਗਿਆ ਹੈ, ਉਨ੍ਹਾਂ ’ਚੋਂ ਜ਼ਿਆਦਾਤਰ ਵੱਖ-ਵੱਖ ਰਫਤਾਰ ਨਾਲ ਪਿਘਲ ਰਹੇ ਹਨ। ਸਰਕਾਰ ਨੇ ਕਿਹਾ ਹੈ ਕਿ ਜਲਵਾਯੂ ਪਰਿਵਰਤਨ ਕਾਰਨ ਹਿਮਾਲਿਆਈ ਗਲੇਸ਼ੀਅਰਾਂ ਦੇ ਪਿਘਲਣ ਨਾਲ ਨਾ ਸਿਰਫ ਹਿਮਾਲਿਆ ਨਦੀ ਪ੍ਰਣਾਲੀ ਦੇ ਵਹਾਅ ’ਤੇ ਗੰਭੀਰ ਪ੍ਰਭਾਵ ਪਵੇਗਾ, ਸਗੋਂ ਕੁਦਰਤੀ ਆਫਤਾਂ ’ਚ ਵੀ ਵਾਧਾ ਹੋਵੇਗਾ। ਸਰਕਾਰ ਨੇ ਇਹ ਜਾਣਕਾਰੀ ਦੇਸ਼ ’ਚ ਗਲੇਸ਼ੀਅਰ ਪ੍ਰਬੰਧਨ ’ਤੇ ਚਰਚਾ ਕਰ ਰਹੀ ਸੰਸਦੀ ਸਥਾਈ ਕਮੇਟੀ ਨੂੰ ਦਿੱਤੀ।

## ਪਤਨੀ ਪ੍ਰੇਮੀ ਨਾਲ ਭੱਜਣ ’ਤੇ ਸਹੁਰਾ ਮਾਰ’ਤਾ

**ਜਾਲਨਾ** : ਮਹਾਰਾਸ਼ਟਰ ਦੇ ਜਾਲਨਾ ਜ਼ਿਲ੍ਹੇ ’ਚ ਵਿਅਕਤੀ ਨੇ ਸਹੁਰੇ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ, ਕਿਉਂਕਿ ਉਸ ਦੀ ਪਤਨੀ ਆਪਣੇ ਪ੍ਰੇਮੀ ਨਾਲ ਔਰੰਗਾਬਾਦ ਭੱਜ ਗਈ ਸੀ। ਇਸ ਤੋਂ ਬਾਅਦ ਮੁਲਜ਼ਮ ਦੀ ਸਹੁਰੇ ਨਾਲ ਬਹਿਸ ਹੋ ਗਈ ਤੇ ਉਹ ਸਹੁਰੇ ਨੂੰ ਗੋਲੀ ਮਾਰ ਕੇ ਭੱਜ ਗਿਆ।

## ਭਾਜਪਾ ਖਿਲਾਫ ਸਾਰੀਆਂ ਪਾਰਟੀਆਂ ਇਕੱਠੀਆਂ ਹੋਣ : ਮਮਤਾ ਬੈਨਰਜੀ

**ਕੋਲਕਾਤਾ** : ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਤ੍ਰਿਣਮੂਲ ਕਾਂਗਰਸ ਦੇ ਨੇਤਾਵਾਂ ਅਤੇ ਵਰਕਰਾਂ ਦੇ ਨਾਲ ਬੁੱਧਵਾਰ ਸ਼ਹਿਰ ਦੇ ਮੱਧ ਵਿਚ ਰੈੱਡ ਰੋਡ ’ਤੇ ਡਾਕਟਰ ਬੀ ਆਰ ਅੰਬੇਡਕਰ ਦੇ ਬੁੱਤ ਦੇ ਸਾਹਮਣੇ ਰਾਤ ਭਰ ਧਰਨੇ ’ਤੇ ਬੈਠੀ ਰਹੀ। ਪੱਛਮੀ ਬੰਗਾਲ ਪ੍ਰਤੀ ਕੇਂਦਰ ਦੇ ਪੱਖਪਾਤੀ ਰਵੱਈਏ ਦੇ ਵਿਰੋਧ ’ਚ ਮੁੱਖ ਮੰਤਰੀ ਨੇ ਬੁੱਧਵਾਰ ਦੋ ਦਿਨਾਂ ਧਰਨਾ ਸ਼ੁਰੂ ਕੀਤਾ ਸੀ। ਆਪਣਾ ਰੁਖ ਬਦਲਦਿਆਂ ਉਨ੍ਹਾ ਸਾਰੀਆਂ ਸਿਆਸੀ ਪਾਰਟੀਆਂ ਨੂੰ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ’ਚ ਭਾਰਤੀ ਜਨਤਾ ਪਾਰਟੀ ਖਿਲਾਫ ਇੱਕਜੁੱਟ ਹੋ ਕੇ ਲੜਨ ਦੀ ਅਪੀਲ ਕੀਤੀ।

# ਰਾਮਨੌਮੀ ’ਤੇ ਗੁਜਰਾਤ ਤੇ ਮਹਾਰਾਸ਼ਟਰ ’ਚ ਹਿੰਸਾ

**ਨਵੀਂ ਦਿੱਲੀ** : ਰਾਮਨੌਮੀ ’ਤੇ ਗੁਜਰਾਤ ਦੇ ਵਡੋਦਰਾ ਸ਼ਹਿਰ ’ਚ ਫਿਰਕੂ ਹਿੰਸਾ ਭੜਕ ਗਈ, ਜਦੋਂ ਸ਼ੋਭਾ ਯਾਤਰਾ ’ਤੇ ਪਥਰਾਅ ਹੋਇਆ। ਪੁਲਸ ਨੇ ਕਰੀਬ ਇਕ ਦਰਜਨ ਲੋਕਾਂ ਨੂੰ ਹਿਰਾਸਤ ’ਚ ਲੈ ਲਿਆ। ਵਿਸ਼ਵ ਹਿੰਦੂ ਪ੍ਰੀਸ਼ਦ ਤੇ ਬਜਰੰਗ ਦਲ ਦੀ ਸ਼ੋਭਾ ਯਾਤਰਾ ਜਦੋਂ ਫਤਿਹਪੁਰਾ ਪਾਂਜਰੀਗਰ ਮੁਹੱਲੇ ’ਚ ਪੁੱਜੀ ਤਾਂ ਦੋਹਾਂ ਪਾਸਿਓਂ ਪਥਰਾਅ ਹੋ ਗਿਆ। ਫਸਾਦੀਆਂ ਨੇ ਸੜਕ ’ਤੇ ਖੜ੍ਹੇ ਵਾਹਨ ਭੰਨ-ਤੋੜ ਦਿੱਤੇ। ਪੂਰੇ ਇਲਾਕੇ ’ਚ ਬਾਜ਼ਾਰ ਬੰਦ ਹੋ ਗਏ। ਉਧਰ, ਮਹਾਰਾਸ਼ਟਰ ਦੇ ਸ਼ਹਿਰ ਔਰੰਗਾਬਾਦ ’ਚ ਬੁੱਧਵਾਰ ਸ਼ਾਮ ਨੌਜਵਾਨਾਂ ਦੇ ਦੋ ਗਰੁੱਪਾਂ ਵਿਚਾਲੇ ਤਕਰਾਰ ਤੋਂ ਬਾਅਦ ਹਿੰਸਾ ਭੜਕ ਗਈ। ਔਰੰਗਾਬਾਦ ਦਾ ਨਾਂਅ ਹਾਲ ਹੀ ਵਿਚ ਛਤਰਪਤੀ ਸਾਂਭਾਜੀ ਨਗਰ ਰੱਖਿਆ ਗਿਆ ਹੈ। ਘਟਨਾ ਕਿਰਾੜਪੁਰਾ ’ਚ ਵਾਪਰੀ, ਜਿੱਥੇ ਪ੍ਰਸਿੱਧ ਰਾਮ ਮੰਦਰ ਹੈ। ਹਿੰਸਾ ਦੌਰਾਨ ਪੁਲਸ ਟੀਮ ’ਤੇ ਹਮਲਾ ਹੋਇਆ ਤੇ ਕਈ ਵਾਹਨਾਂ ਨੂੰ ਅੱਗਾਂ ਲਾ ਦਿੱਤੀਆਂ ਗਈਆਂ। ਪੁਲਸ ਕਮਿਸ਼ਨਰ ਨਿਖਿਲ ਗੁਪਤਾ ਨੇ ਕਿਹਾ ਕਿ ਹਿੰਸਾ ’ਚ ਪੰਜ-ਛੇ ਸੌ ਲੋਕ ਸ਼ਾਮਲ ਸਨ, ਜਿਨ੍ਹਾਂ ਦੀ ਪਛਾਣ ਕੀਤੀ ਜਾ ਰਹੀ ਹੈ।



ਔਰੰਗਾਬਾਦ ’ਚ ਹੋਈ ਅਗਜ਼ਨੀ।

# ਪੰਜਾਬ ’ਵਰਸਿਟੀ ਦੇ ਸਾਬਕਾ ਵੀ ਸੀ ਦੇ ਖਿਲਾਫ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਲਈ ਕਮੇਟੀ ਕਾਇਮ

**ਚੰਡੀਗੜ੍ਹ** : ਪੰਜਾਬ ਯੂਨੀਵਰਸਿਟੀ ਦੀ ਵਾਈਸ ਚਾਂਸਲਰ ਪ੍ਰੋਫੈਸਰ ਰੇਨੂੰ ਚੀਮਾ ਵਿਗ ਨੇ ਵੀਰਵਾਰ ਕਿਹਾ ਕਿ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਪ੍ਰੋਫੈਸਰ ਰਾਜ ਕੁਮਾਰ ’ਤੇ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਕੀਤੀ ਜਾਵੇਗੀ, ਜਿਸ ਲਈ ਕਮੇਟੀ ਕਾਇਮ ਕਰ ਦਿੱਤੀ ਹੈ। ਕਮੇਟੀ ’ਚ ਸਿਰਫ ਸਾਬਕਾ ਵਾਈਸ ਚਾਂਸਲਰ ਹੀ ਰੱਖੇ ਗਏ ਹਨ, ਜੋ ਤੈਅ ਸਮੇਂ ’ਚ ਆਪਣੀ ਰਿਪੋਰਟ ਸੌਂਪਣਗੇ।



ਅਹੁਦਾ ਸੰਭਾਲਣ ਬਾਅਦ ਮੀਡੀਆ ਨਾਲ ਪਲੇਠੀ ਮੀਟਿੰਗ ਦੌਰਾਨ ਉਨ੍ਹਾ ਕਿਹਾ ਕਿ ਪੀ ਯੂ ਦੀ ਰੈਂਕਿੰਗ ਨੂੰ ਸੁਧਾਰਨ ਲਈ ਛੇ ਮਹੀਨਿਆਂ ਤੋਂ ਧਾਰਨਾ ਨੂੰ ਸੁਧਾਰਨ ’ਤੇ ਕੰਮ ਕੀਤਾ ਜਾ ਰਿਹਾ ਹੈ। ਇਸ ਲਈ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਇਸ ਵਾਰ ਯੂਨੀਵਰਸਿਟੀ ਰੈਂਕਿੰਗ ’ਚ ਕਿਵੇਂ ਰਹਿੰਦੀ ਹੈ। ਉਨ੍ਹਾ ਕਿਹਾ ਕਿ ਨੈਕ ਮੁਲਾਂਕਣ ਲਈ ਸਵੈ ਅਧਿਐਨ ਰਿਪੋਰਟ ਅਗਲੇ ਦੋ ਦਿਨਾਂ ’ਚ ਭੇਜ ਦਿੱਤੀ ਜਾਵੇਗੀ, ਜਿਸ ਤੋਂ ਬਾਅਦ ਨੈਕ ਦੀ ਟੀਮ ਪੀ ਯੂ ਦਾ ਦੌਰਾ ਕਰੇਗੀ। ਉਨ੍ਹਾ ਕਿਹਾ ਕਿ ਪੀ ਯੂ ਨੂੰ ਆਪਣੇ ਸਿਲੇਬਸ ਨੂੰ ਲਗਾਤਾਰ ਸੋਧਦੇ ਰਹਿਣਾ ਹੋਵੇਗਾ ਕਿਉਂਕਿ ਅੱਜ ਪ੍ਰਾਈਵੇਟ ਸੰਸਥਾਵਾਂ ਨਵੇਂ ਕੋਰਸ ਲੈ ਕੇ ਆ ਰਹੀਆਂ ਹਨ, ਜਿਸ ਕਾਰਨ ਬੱਚੇ ਉੱਥੇ ਜਾਂਦੇ ਹਨ। ਪੀ ਯੂ ਰੁਜ਼ਗਾਰ ਮੁਖੀ ਅਤੇ ਹੁਨਰਮੰਦ ਕੋਰਸਾਂ ’ਤੇ ਵੀ ਵਿਸ਼ੇਸ਼ ਧਿਆਨ ਦੇਵੇਗੀ ਕਿਉਂਕਿ ਅੱਜ ਦਾ ਯੁੱਗ ਆਈ ਟੀ ਅਤੇ ਏ ਆਈ ਦਾ ਹੈ, ਜਿਸ ’ਚ ਨਵੀਨਤਮ ਤਕਨਾਲੋਜੀ ਅਤੇ ਮਨੁੱਖੀ ਕਦਰਾਂ-ਕੀਮਤਾਂ ਵਿਚਕਾਰ ਸੰਤੁਲਨ ਰੱਖਿਆ ਜਾਵੇਗਾ। ਵਿਦਿਆਰਥੀਆਂ, ਫੈਕਲਟੀ ਅਤੇ ਸਟਾਫ ਵੱਲੋਂ ਰੋਜ਼ਾਨਾ ਕੀਤੇ ਜਾ ਰਹੇ ਪ੍ਰਦਰਸ਼ਨਾਂ ਬਾਰੇ ਵੀ ਸੀ ਨੇ ਕਿਹਾ ਕਿ ਉਹ ਜਾਇਜ਼ ਮੰਗਾਂ ਨੂੰ ਵਿਚਾਰ ਕੇ ਨਿਪਟਾਉਣ ਦੀ ਕੋਸ਼ਿਸ਼ ਕਰਨਗੇ। ਇਸ ਦੇ ਬਾਵਜੂਦ ਪ੍ਰਦਰਸ਼ਨ ਹੋਣੇ ਲਾਜ਼ਮੀ ਹਨ ਕਿਉਂਕਿ ਅਸੀਂ ਜਮਹੂਰੀ ਵਿਵਸਥਾ ’ਚ ਹਾਂ। ਉਹ ਵਿਦਿਆਰਥੀਆਂ, ਫੈਕਲਟੀ ਅਤੇ ਸਟਾਫ ਨੂੰ ਨਾਲ ਲੈ ਕੇ ਚੱਲਣ ਦੀ ਕੋਸ਼ਿਸ਼ ਕਰਨਗੇ। ਪ੍ਰੋ. ਵਿੱਗ ਨੇ ਕਿਹਾ ਕਿ ਕੋਈ ਵੀ ਵਿਅਕਤੀ ਮਾਨਤਾਪ੍ਰਾਪਤ ਕਾਲਜਾਂ ਨੂੰ ਭੇਜੀਆਂ ਗਈਆਂ ਨਿਰੀਖਣ ਕਮੇਟੀਆਂ ’ਚ ਚਾਰ-ਪੰਜ ਵਾਰ ਤੋਂ ਵੱਧ ਨਹੀਂ ਜਾ ਸਕੇਗਾ। ਉਨ੍ਹਾ ਕਿਹਾ ਕਿ ਪੀ ਯੂ ਕੈਲੰਡਰ ’ਚ ਸਿਰਫ ਦੋ ਵਾਰੀ ਦੀ ਵਿਵਸਥਾ ਹੈ ਪਰ ਜਦੋਂ ਇਹ ਵਿਵਸਥਾ ਲਾਗੂ ਕੀਤੀ ਗਈ ਉਦੋਂ ਸਿਰਫ 100 ਕਾਲਜ ਸਨ। ਅੱਜ 200 ਦੇ ਕਰੀਬ ਕਾਲਜ ਹਨ, ਇਸ ਲਈ ਦੋ ਦੀ ਥਾਂ 4-5 ਵਾਰ ਹੀ ਕਮੇਟੀ ’ਚ ਜਾ ਸਕਣਗੇ। ਉਨ੍ਹਾ ਆਸ ਪ੍ਰਗਟਾਈ ਕਿ ਕੈਂਪਸ ’ਚ ਕਰੀਬ 700 ਖਾਲੀ ਆਸਾਮੀਆਂ ਨੂੰ ਭਰਨ ਦੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾ ਕਿਹਾ ਕਿ ਉਹ ਖੁਦ ਮਹਿਲਾ ਫੈਕਲਟੀ ਮੈਂਬਰਾਂ ਲਈ ਰੋਲ ਮਾਡਲ ਹਨ। ਅੱਠ ਸਾਲ ਤੱਕ ਯੂ ਆਈ ਟੀ ਟੀ ਦੇ ਡਾਇਰੈਕਟਰ ਰਹੇ ਅਤੇ ਹੁਣ ਡੀ ਯੂ ਆਈ ਤੋਂ ਵਾਈਸ ਚਾਂਸਲਰ ਬਣੇ ਹਨ। ਵਾਈਸ ਚਾਂਸਲਰ ਨੇ ਆਪਣੇ ਪਹਿਲੇ ਦਿਨ ਹੀ ਅੰਗਰੇਜ਼ੀ ਵਿਭਾਗ ਦੀ ਪ੍ਰੋਫੈਸਰ ਰੁਮੀਨਾ ਸੇਠੀ ਨੂੰ ਡੀ ਯੂ ਆਈ ਨਿਯੁਕਤ ਕਰ ਦਿੱਤਾ। ਪ੍ਰੋ. ਸੇਠੀ ਨੇ ਡੀਨ ਰਿਸਰਚ ਦੇ ਅਹੁਦੇ ’ਤੇ ਸੀਨੀਆਰਤਾ ਦੀ ਅਣਦੇਖੀ ਸੰਬੰਧੀ ਚਾਂਸਲਰ ਨੂੰ ਪੱਤਰ ਲਿਖਿਆ ਸੀ। ਉਸ ਸਮੇਂ ਦੇ ਪ੍ਰੋ. ਰਾਜਕੁਮਾਰ ਨੇ ਯੂਸੋਲ ਦੀ ਪ੍ਰੋਫੈਸਰ ਯੋਜਨਾ ਰਾਵਤ, ਜੋ ਸੀਨੀਆਰਤਾ ’ਚ ਬਹੁਤ ਘੱਟ ਸੀ, ਨੂੰ ਇਸ ਅਹੁਦੇ ’ਤੇ ਨਿਯੁਕਤ ਕੀਤਾ ਸੀ।

# ਬਾਉਲੀ ਤ੍ਰਾਸਦੀ ’ਚ 13 ਮੌਤਾਂ

**ਇੰਦੌਰ** : ਬੇਲੇਸ਼ਵਰ ਮਹਾਂਦੇਵ ਝੂਲੇਲਾਲ ਮੰਦਰ ’ਚ ਰਾਮਨੌਮੀ ’ਤੇ ਬਾਉਲੀ ਦੀ ਛੱਤ ਡਿਗਣ ਨਾਲ 13 ਲੋਕਾਂ ਦੀ ਮੌਤ ਹੋ ਗਈ। 40 ਫੁੱਟ ਡੂੰਘੀ ਬਾਉਲੀ ’ਚ 30 ਤੋਂ ਵੱਧ ਲੋਕ ਡਿੱਗ ਪਏ ਸਨ। ਪੁਲਸ ਨੇ 11 ਲਾਸ਼ਾਂ ਤੇ 19 ਲੋਕ ਜਿਊਂਦੇ ਕੱਢੇ, ਜਿਨ੍ਹਾਂ ਵਿੱਚੋਂ ਦੋ ਨੇ ਬਾਅਦ ’ਚ ਦਮ ਤੋੜ ਦਿੱਤਾ। ਬਾਉਲੀ ’ਚ ਚਾਰ-ਪੰਜ ਫੁੱਟ ਪਾਣੀ ਸੀ। ਹਵਨ ਦੌਰਾਨ ਇਹ ਹਾਦਸਾ ਹੋਇਆ। ਮਰਨ ਵਾਲਿਆਂ ਵਿੱਚ 10 ਮਹਿਲਾਵਾਂ ਹਨ।



## ਦੱਖਣੀ ਰਾਜਾਂ ਨੇ ਹਿੰਦੀ ਮੜ੍ਹਨ ਖਿਲਾਫ ਲੜਾਈ ਜਿੱਤੀ

**ਨਵੀਂ ਦਿੱਲੀ** : ਕਰਨਾਟਕ, ਤਾਮਿਲਨਾਡੂ ਤੇ ਕੇਰਲਾ ਦੇ ਇਲਾਕਾਈ ਬੋਲੀ ਦੇ ਮੁਦਈ ਗਰੁੱਪਾਂ ਤੇ ਸਿਆਸੀ ਪਾਰਟੀਆਂ ਵੱਲੋਂ ਵਿਰੋਧ ਕੀਤੇ ਜਾਣ ਤੋਂ ਬਾਅਦ ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ ਇੰਡੀਆ (ਐੱਫ ਐੱਸ ਐੱਸ ਏ ਆਈ) ਨੇ ਵੀਰਵਾਰ ਪੈਕੇਟਾਂ ’ਤੇ ਹਿੰਦੀ ਵਿਚ ‘ਦਹੀ’ ਲਿਖਣ ਦਾ ਹੁਕਮ ਸੋਧ ਦਿੱਤਾ ਤੇ ਕਿਹਾ ਕਿ ਇਲਾਕਾਈ ਭਾਸ਼ਾ ਦਾ ਸ਼ਬਦ ਹੀ ਵਰਤਿਆ ਜਾ ਸਕਦਾ ਹੈ। ਕਾਰੋਬਾਰ ਕਰਨ ਵਾਲੇ ਅੰਗਰੇਜ਼ੀ ਵਿਚ ਕਰਡ ਲਿਖ ਕੇ ਬਰੈਕਟ ’ਚ ਦਹੀ, ਥਈਰ ਜਾਂ ਮੋਸਾਰੂ ਲਿਖ ਸਕਦੇ ਹਨ। ਕਰਨਾਟਕ ਮਿਲਕ ਫੈਡਰੇਸ਼ਨ, ਜੋ ਵੇਰਕਾ ਵਾਂਗ ਨੰਦਨੀ ਉਤਪਾਦ ਬਣਾਉਂਦੀ ਹੈ, ਦੇ ਬੋਰਡ ਆਫ ਡਾਇਰੈਕਟਰਜ਼ ਨੇ ਹਿੰਦੀ ਮੜ੍ਹਨ ਦਾ ਦੋਸ਼ ਲਾ ਕੇ ਇਸ ਹੁਕਮ ਦਾ ਵਿਰੋਧ ਕੀਤਾ ਸੀ। ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ ਕੇ ਸਟਾਲਿਨ ਨੇ ਕੇਂਦਰ ’ਤੇ ਹਿੰਦੀ ਮੜ੍ਹਨ ਦਾ ਦੋਸ਼ ਲਾਉਂਦਿਆਂ ਕਿਹਾ ਸੀ ਕਿ ਅਜਿਹੇ ਹੁਕਮ ਜਾਰੀ ਕਰਨ ਵਾਲਿਆਂ ਨੂੰ ਦੱਖਣੀ ਰਾਜਾਂ ’ਚ ਵੜਨ ਨਹੀਂ ਦਿੱਤਾ ਜਾਵੇਗਾ। ਕਰਨਾਟਕ ਦੇ ਭਾਜਪਾ ਮੁੱਖ ਮੰਤਰੀ ਨੇ ਵੀ ਵਿਰੋਧ ਕੀਤਾ ਸੀ। ਕਰਨਾਟਕ ਵਿਚ 10 ਮਈ ਨੂੰ ਅਸੰਬਲੀ ਚੋਣਾਂ ਹੋ ਰਹੀਆਂ ਹਨ ਤੇ ਉਪਰੋਕਤ ਹੁਕਮ ਨਾਲ ਪਾਰਟੀ ਨੂੰ ਨੁਕਸਾਨ ਹੋ ਸਕਦਾ ਸੀ।

## ‘ਆਪ’ ਦੀ ‘ਮੋਦੀ ਹਟਾਓ-ਦੇਸ਼ ਬਚਾਓ’ ਪੋਸਟਰ ਮੁਹਿੰਮ

**ਨਵੀਂ ਦਿੱਲੀ** : ਆਮ ਆਦਮੀ ਪਾਰਟੀ ਨੇ ਵੀਰਵਾਰ ਦੇਸ਼ ਦੇ 22 ਰਾਜਾਂ ’ਚ ‘ਮੋਦੀ ਹਟਾਓ, ਦੇਸ਼ ਬਚਾਓ’ ਪੋਸਟਰ ਮੁਹਿੰਮ ਸ਼ੁਰੂ ਕਰ ਦਿੱਤੀ। ਪਾਰਟੀ ਦੇ ਆਗੂ ਗੋਪਾਲ ਰਾਇ ਨੇ ਕਿਹਾ ਕਿ ਇਸ ਮੁਹਿੰਮ ਦਾ ਉਦੇਸ਼ ਦੇਸ਼-ਭਰ ’ਚ ਇਹ ਸੰਦੇਸ਼ ਦੇਣਾ ਹੈ ਕਿ ਭਾਜਪਾ ਨੇ ਦੇਸ਼ ਵਾਸੀਆਂ ਨਾਲ ਕੀਤੇ ਵਾਅਦੇ ਅਜੇ ਤੱਕ ਪੂਰੇ ਨਹੀਂ ਕੀਤੇ। ਉਲਟਾ ਉਹ ਜਮਹੂਰੀਅਤ ਨੂੰ ਖਤਮ ਕਰਨ ਲੱਗੀ ਹੋਈ ਹੈ। ਅਜੇ ਦੇਸ਼ ਦੇ ਵੱਖ-ਵੱਖ ਹਿੱਸਿਆਂ ’ਚ ਵੱਖ-ਵੱਖ ਭਾਸ਼ਾਵਾਂ ’ਚ ਪੋਸਟਰ ਲਾਏ ਗਏ ਹਨ। 10 ਅਪ੍ਰੈਲ ਤੋਂ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਯੂਨੀਵਰਸਿਟੀਆਂ ਵਿਖੇ ਵੀ ਲਾਏ ਜਾਣਗੇ।




## ਅੰਮ੍ਰਿਤਪਾਲ ਦੀ ਡਰੋਨਾਂ ਨਾਲ ਭਾਲ

**ਜਲੰਧਰ** : ਕਈ ਦਿਨ ਤੋਂ ਫਰਾਰ ‘ਵਾਰਿਸ ਪੰਜਾਬ ਦੇ’ ਜਥੇਬੰਦੀ ਦੇ ਖੁਦਸਾਖਤਾ ਮੁਖੀ ਅੰਮ੍ਰਿਤਪਾਲ ਸਿੰਘ ਦੇ ਪਿੱਛੇ ਲੱਗੀ ਪੁਲਸ ਨੇ ਦੱਸਿਆ ਕਿ ਉਹ ਉਸ ਚਿੱਟੀ ਸਵਿਫਟ ਕਾਰ ਦੀ ਭਾਲ ਕਰ ਰਹੀ ਹੈ, ਜਿਸ ਦਾ ਨੰਬਰ 8168 ਹੈ। ਕਿਹਾ ਜਾ ਰਿਹਾ ਹੈ ਕਿ ਉਹ ਇਸ ਕਾਰ ’ਚ ਭੱਜਿਆ। ਇਸ ਦੇ ਨਾਲ ਪੁਲਸ ਨੇ ਉਸ ਨੂੰ ਲੱਭਣ ਲਈ ਡਰੋਨ ਤਾਇਨਾਤ ਕੀਤੇ ਹਨ। ਉਧਰ ਅੰਮ੍ਰਿਤਪਾਲ ਸਿੰਘ ਦੀ ਵੀਡੀਓ ਜਾਰੀ ਹੋਣ ਬਾਅਦ ਹਿਮਾਚਲ ਦੇ ਸਰਹੱਦੀ ਇਲਾਕਿਆਂ ’ਚ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਇਸੇ ਦੌਰਾਨ ਜੰਮੂ-ਕਸ਼ਮੀਰ ਪੁਲਸ ਨੇ ਕਿਸ਼ਤਵਾੜ ਜ਼ਿਲ੍ਹੇ ’ਚ ਅੰਮ੍ਰਿਤਪਾਲ ਸਿੰਘ ਦੇ ਬਾਡੀਗਾਰਡ ਵਰਿੰਦਰ ਸਿੰਘ ਫੌਜੀ ’ਤੇ ਅਸਲ੍ਹਾ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜ਼ਿਲ੍ਹਾ ਪ੍ਰਸ਼ਾਸਨ ਨੇ ਵਰਿੰਦਰ ਸਿੰਘ ਦਾ ਲਾਇਸੈਂਸ ਵੀ ਰੱਦ ਕਰ ਦਿੱਤਾ ਅਤੇ ਕਿਹਾ ਕਿ ਇਹ ਜਾਂਚ ਕਰੇਗੀ ਕਿ 2015 ’ਚ ਬਰਖਾਸਤ ਕੀਤੇ ਸਾਬਕਾ ਫੌਜੀ ਜਵਾਨ ਨੇ 2014 ’ਚ ਅਸਲ੍ਹਾ ਲਾਇਸੈਂਸ ਕਿਵੇਂ ਪ੍ਰਾਪਤ ਕੀਤਾ ਅਤੇ ਫਿਰ ਜੰਮੂ-ਕਸ਼ਮੀਰ ਦੇ ਵੱਖ-ਵੱਖ ਜ਼ਿਲ੍ਹਿਆਂ ’ਚ ਇਸ ਦਾ ਨਵੀਨੀਕਰਨ ਕਰਵਾਉਂਦਾ ਰਿਹਾ।

## ਗੁਰਮੀਤ ਸ਼ਾਹੀ ਪ੍ਰਧਾਨ ਤੇ ਸੁਖਦੇਵ ਪਟਵਾਰੀ ਜਨਰਲ ਸਕੱਤਰ ਚੁਣੇ

**ਮੋਹਾਲੀ (ਗੁਰਜੀਤ ਬਿੱਲਾ)**

ਮੁਹਾਲੀ ਪ੍ਰੈੱਸ ਕਲੱਬ ਦੀ ਸਾਲਾਨਾ ਚੋਣ ਸਰਬਸੰਮਤੀ ਨਾਲ ਸੰਪੂਰਨ ਹੋ ਗਈ।

ਤਿੰਨ ਮੈਂਬਰੀ ਚੋਣ ਕਮਿਸ਼ਨ ਵੱਲੋਂ ਐਲਾਨੇ ਗਏ ਪ੍ਰੋਗਰਾਮ ਮੁਤਾਬਕ ਇਕ ਹੀ ਗਰੁੱਪ ਵੱਲੋਂ ਕਾਗਜ਼ ਦਾਖਲ ਕੀਤੇ ਗਏ। ਵੀਰਵਾਰ ਫਾਰਮ ਵਾਪਸ ਲੈਣ ਦੇ ਆਖਰੀ ਸਮੇਂ ਤੋਂ ਬਾਅਦ ਉਸ ਦੇ ਬਿਨਾਂ ਮੁਕਾਬਲੇ ਜੇਤੂ ਕਰਾਰ ਦੇ ਦਿੱਤੇ ਗਏ। ਮੁੱਖ ਚੋਣ ਕਮਿਸ਼ਨਰ ਹਰਿੰਦਰ ਪਾਲ ਸਿੰਘ ਹੈਰੀ, ਚੋਣ ਕਮਿਸ਼ਨਰ ਕ੍ਰਿਪਾਲ ਸਿੰਘ ਅਤੇ ਗੁਰਮੀਤ ਸਿੰਘ ਰੰਧਾਵਾ ਨੇ ਦੱਸਿਆ ਕਿ ਪ੍ਰਧਾਨ ਗੁਰਮੀਤ ਸਿੰਘ ਸ਼ਾਹੀ, ਜਨਰਲ ਸਕੱਤਰ ਸੁਖਦੇਵ ਸਿੰਘ ਪਟਵਾਰੀ, ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਚਾਨਾ, ਮੀਤ ਪ੍ਰਧਾਨ ਸੁਸ਼ੀਲ ਗਰਚਾ, ਮੀਤ ਪ੍ਰਧਾਨ ਵਿਜੈ ਕੁਮਾਰ, ਆਰਗੇਨਾਈਜ਼ਿੰਗ ਸਕੱਤਰ ਰਾਜ ਕੁਮਾਰ ਅਰੋੜਾ, ਜਾਇੰਟ ਸਕੱਤਰ ਮਾਇਆ ਰਾਮ, ਜਾਇੰਟ ਸਕੱਤਰ ਨੀਲਮ ਕੁਮਾਰੀ ਠਾਕੁਰ ਤੇ ਕੈਸ਼ੀਅਰ ਰਾਜੀਵ ਤਨੇਜਾ ਨੂੰ ਜੇਤੂ ਕਰਾਰ ਦਿੱਤਾ ਗਿਆ।

## ਝੋਨੇ ਦਾ ਬਦਲ ਲੱਭਣ ਲਈ ਕਮੇਟੀ ਪਿੰਡਾਂ ਦਾ ਦੌਰਾ ਕਰੇਗੀ : ਮਾਨ

**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਝੋਨੇ ਅਤੇ ਕਣਕ ਦੀ ਪੈਦਾਵਾਰ ਕਾਰਨ ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ। ਮੁੱਖ ਸਕੱਤਰ ਵੀ ਕੇ ਜੰਜੂਆ ਦੀ ਅਗਵਾਈ ਹੇਠ ਕਮੇਟੀ ਕਾਇਮ ਕੀਤੀ ਗਈ ਹੈ ਤਾਂ ਜੋ ਝੋਨੇ ਦੀ ਕਾਸ਼ਤ ਦੇ ਬਦਲ ਦੀ ਘੋਖ ਕੀਤੀ ਜਾ ਸਕੇ। ਮਾਨ ਨੇ ਕਿਹਾ ਕਿ ਕਮੇਟੀ ਪਿੰਡਾਂ ਦਾ ਦੌਰਾ ਕਰੇਗੀ ਅਤੇ ਕਿਸਾਨਾਂ ਨਾਲ ਗੱਲ ਕਰੇਗੀ ਕਿ ਝੋਨੇ ਦੇ ਬਦਲ ਵਜੋਂ ਕਿਹੜੀਆਂ ਫਸਲਾਂ ਉਗਾਈਆਂ ਜਾ ਸਕਦੀਆਂ ਹਨ।



ਹਾਲ ਹੀ ’ਚ ਦੋ ਉੱਘੇ ਖੇਤੀ ਵਿਗਿਆਨੀਆਂ ਡਾ. ਗੁਰਦੇਵ ਸਿੰਘ ਖੁਸ਼ ਅਤੇ ਬਿਕਰਮ ਸਿੰਘ ਗਿੱਲ ਨੇ ਕਮੇਟੀ ਨਾਲ ਮੁਲਾਕਾਤ ਕੀਤੀ ਸੀ ਅਤੇ ਝੋਨੇ ਦੀ ਥਾਂ ਬਾਸਮਤੀ, ਸੋਇਆਬੀਨ ਤੇ ਮੱਕੀ ਬੀਜਣ ਦੀ ਸਿਫਾਰਸ਼ ਕੀਤੀ ਸੀ। ਮੁੱਖ ਮੰਤਰੀ ਨੇ ਕਿਹਾ ਕਿ ਮੁੱਖ ਸਕੱਤਰ ਦੀ ਅਗਵਾਈ ਵਾਲੀ ਕਮੇਟੀ ਉਨ੍ਹਾ ਨੂੰ ਰਿਪੋਰਟ ਸੌਂਪੇਗੀ।

## ਆਟੋ ਰਾਇਸ



ਕਨਵਰਟੀਬਲ ਛੱਤ ਵਾਲੇ ਇਸ ਮੋਡੀਫਾਈਡ ਆਟੋ ਰਿਕਸ਼ਾ ਦੀ ਵੀਡੀਓ ਨੂੰ 11 ਲੱਖ ਲੋਕ ਦੇਖ ਚੁੱਕੇ ਹਨ ਅਤੇ ਤਰ੍ਹਾਂ-ਤਰ੍ਹਾਂ ਦੇ ਵਿਚਾਰ ਵੀ ਪ੍ਰਗਟਾਅ ਚੁੱਕੇ ਹਨ। ਕਿਸੇ ਨੇ ਇਸ ਨੂੰ ਦੁਨੀਆ ਦੀ ਮਸ਼ਹੂਰ ਕਾਰ ‘ਰੌਲਸ ਰਾਇਸ’ ਨਾਲ ਜੋੜ ਕੇ ‘ਰੌਲਸ ਰਾਇਸ ਆਫ ਆਟੋ’ ਕਿਹਾ ਤੇ ਕਿਸੇ ਨੇ ‘ਆਟੋ ਰਾਇਸ’।

## ਪੁਰਾਣੇ ਵਾਹਨ ਸਿੱਧੇ ਕਬਾੜਖਾਨੇ ਘੱਲਣੇ ਸ਼ੁਰੂ

**ਨਵੀਂ ਦਿੱਲੀ** : ਦਿੱਲੀ ਸਰਕਾਰ ਨੇ ਪੁਰਾਣੇ ਵਾਹਨ ਸਿੱਧੇ ਕਬਾੜਖਾਨੇ ਭੇਜਣੇ ਸ਼ੁਰੂ ਕਰ ਦਿੱਤੇ ਹਨ। ਇਸ ਦਾ ਉਦੇਸ਼ ਵਾਹਨ ਮਾਲਕਾਂ ਨੂੰ ਪੁਰਾਣੇ ਵਾਹਨਾਂ ਨੂੰ ਕਬਾੜ ਲਈ ਭੇਜਣ ਪ੍ਰਤੀ ਪ੍ਰੇਰਿਤ ਕਰਨਾ ਹੈ। ਇਸ ਨਵੀਂ ਪਹਿਲਕਦਮੀ ਤਹਿਤ ਸ਼ਹਿਰ ਦੀਆਂ ਸੜਕਾਂ ’ਤੇ ਜਾਂ ਜਨਤਕ ਥਾਵਾਂ ’ਤੇ ਪਾਰਕ ਕੀਤੇ ਪੁਰਾਣੇ ਵਾਹਨਾਂ ਨੂੰ ਜ਼ਬਤ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਚੁੱਕ ਕੇ ਸਿੱਧਾ ਕਬਾੜਖਾਨੇ ਭੇਜਿਆ ਜਾਵੇਗਾ। ਟਰਾਂਸਪੋਰਟ ਵਿਭਾਗ ਦੇ ਇਨਫੋਰਸਮੈਂਟ ਵਿੰਗ ਦੀਆਂ 10 ਟੀਮਾਂ ਨੇ ਸਿਵਲ ਲਾਈਨ ਖੇਤਰ ਤੋਂ 10 ਸਾਲ ਤੋਂ ਪੁਰਾਣੇ ਡੀਜ਼ਲ ਵਾਹਨਾਂ ਅਤੇ 15 ਸਾਲ ਤੋਂ ਪੁਰਾਣੇ ਪੈਟਰੋਲ ਵਾਹਨਾਂ ਸਮੇਤ 50 ਵਾਹਨ ਜ਼ਬਤ ਕਰਕੇ ਰਜਿਸਟਰਡ ਵਹੀਕਲ ਸਕ੍ਰੈਪਿੰਗ ਸੈਂਟਰ ਨੂੰ ਸੌਂਪ ਦਿੱਤੇ।



## ਮੋਦੀ ਹਵਾਈ ਕਿਰਾਏ ਘਟਵਾਉਣ : ਵਿਜਯਨ

**ਤਿਰੂਅਨੰਤਪੁਰਮ** : ਕੇਰਲਾ ਦੇ ਮੁੱਖ ਮੰਤਰੀ ਪਿਨਾਰਾਈ ਵਿਜਯਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਭੇਜ ਕੇ ਕਿਹਾ ਹੈ ਕਿ ਰਾਜ ਦੇ ਖਾੜੀ ਮੁਲਕਾਂ ਵਿਚਲੇ ਲੱਖਾਂ ਕਾਮਿਆਂ ਨੂੰ ਹਵਾਈ ਟਿਕਟਾਂ ਲਈ ਬਹੁਤ ਜ਼ਿਆਦਾ ਕੀਮਤ ਅਦਾ ਕਰਨੀ ਪੈ ਰਹੀ ਹੈ। ਇਸ ਕਾਰਨ ਉਨ੍ਹਾਂ ਦੀ ਬੱਚਤ ਨੂੰ ਵੱਡਾ ਖੋਰਾ ਲੱਗ ਰਿਹਾ ਹੈ। ਤਿਉਹਾਰਾਂ ਦੇ ਸੀਜ਼ਨ ਦੌਰਾਨ ਤਾਂ ਹਵਾਈ ਟਿਕਟਾਂ ਦੀ ਕੀਮਤ ਵੱਸੋਂ ਬਾਹਰ ਹੋ ਜਾਂਦੀ ਹੈ। ਹਾਲ ਹੀ ਦੇ ਸਾਲ ’ਚ ਹਵਾਈ ਕਿਰਾਏ ’ਚ ਤਿੱਖੇ ਵਾਧੇ ਅਤੇ ਉਡਾਣਾਂ ਦੀ ਗਿਣਤੀ ’ਚ ਕਮੀ ਕਾਰਨ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੋ ਮਹੀਨਿਆਂ ’ਚ ਏਅਰਲਾਈਨ ਅਪਰੇਟਰਾਂ ਨੇ ਟਿਕਟਾਂ ਦੀ ਆਮ ਕੀਮਤ ਤਿੰਨ ਗੁਣਾ ਤੋਂ ਵੱਧ ਵਧਾ ਦਿੱਤੀ ਹੈ। ਮੁੱਖ ਮੰਤਰੀ ਨੇ ਮੋਦੀ ਨੂੰ ਅਪੀਲ ਕੀਤੀ ਹੈ ਕਿ ਕਿਰਾਏ ਘਟਾਉਣ ਲਈ ਕੇਂਦਰ ਸਰਕਾਰ ਸਰਗਰਮੀ ਨਾਲ ਦਖਲ ਦੇਵੇ ਅਤੇ ਭਾਰਤ-ਖਾੜੀ ਖੇਤਰ ’ਚ ਕੰਮ ਕਰ ਰਹੀਆਂ ਏਅਰਲਾਈਨ ਕੰਪਨੀਆਂ ਨਾਲ ਗੱਲਬਾਤ ਸ਼ੁਰੂ ਕਰੇ।

## ਬਾਬਾ ਭਗਤ ਸਿੰਘ ਬਿਲਗਾ ਸੰਬੰਧੀ ਸਮਾਗਮ 2 ਨੂੰ

**ਜਲੰਧਰ (ਕੇਸਰ)**

ਉੱਘੇ ਦੇਸ਼ ਭਗਤ ਗ਼ਦਰੀ ਬਾਬਾ ਭਗਤ ਸਿੰਘ ਬਿਲਗਾ ਦੇ ਜਨਮ ਦਿਨ ਨੂੰ ਸਮਰਪਤ ਸਮਾਗਮ ਉਨ੍ਹਾ ਦੇ ਜਨਮ ਦਿਨ ’ਤੇ 2 ਅਪ੍ਰੈਲ ਨੂੰ ਉਨ੍ਹਾ ਦੇ ਜੱਦੀ ਘਰ, ਜਿਸ ਨੂੰ ਹੁਣ ‘ਗ਼ਦਰੀ ਬਾਬਾ ਕਾਮਰੇਡ ਭਗਤ ਸਿੰਘ ਬਿਲਗਾ ਯਾਦਗਾਰ ਹਾਲ’ ਬਿਲਗਾ (ਜਲੰਧਰ) ਦਾ ਰੂਪ ਦਿੱਤਾ ਗਿਆ, ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਅਵਸਰ ’ਤੇ ਦੇਸ਼ ਭਗਤ ਯਾਦਗਾਰ ਕਮੇਟੀ (ਜਲੰਧਰ) ਦੇ ਅਹੁਦੇਦਾਰ ਤੇ ਮੈਂਬਰਾਨ ਉਚੇਚੇ ਤੌਰ ’ਤੇ ਸ਼ਿਰਕਤ ਕਰਨਗੇ। ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਬਾਡੀ ਦੇ ਮੈਂਬਰ ਤੇ ਗ਼ਦਰੀ ਬਾਬਾ ਭਗਤ ਸਿੰਘ ਬਿਲਗਾ ਯਾਦਗਾਰ ਕਮੇਟੀ ਬਿਲਗਾ ਜਲੰਧਰ ਦੇ ਪ੍ਰਧਾਨ ਕੁਲਬੀਰ ਸਿੰਘ ਸੰਘੇੜਾ ਨੇ ਦੱਸਿਆ ਕਿ 2 ਅਪ੍ਰੈਲ ਨੂੰ ਸਵੇਰੇ 10 ਵਜੇ ਇੰਡੀਅਨ ਵਰਕਰਜ਼ ਐਸੋਸੀਏਸ਼ਨ ਬਰਮਿੰਘਮ (ਯੂ ਕੇ) ਦੇ ਆਗੂ ਜਸਬੀਰ ਸਿੰਘ ਸ਼ੀਰਾ ਜੌਹਲ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਇਸ ਉਪਰੰਤ ਸਮਾਗਮ ਵਿੱਚ ਅਜਮੇਰ ਸਿੰਘ ਸਮਰਾ ਪ੍ਰਧਾਨ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਅਮੋਲਕ ਸਿੰਘ, ਮੰਗਤ ਰਾਮ ਪਾਸਲਾ ਜਨਰਲ ਸਕੱਤਰ ਆਰ ਐੱਮ ਪੀ ਆਈ ਸਮੇਤ ਅਗਾਂਹਵਧੂ ਜਥੇਬੰਦੀਆਂ ਦੇ ਆਗੂ ਆਪਣੇ ਵਿਚਾਰ ਪ੍ਰਗਟ ਕਰਦਿਆਂ ਬਾਬਾ ਬਿਲਗਾ ਨੂੰ ਯਾਦ ਕਰਨਗੇ।



## ਅੱਜ-ਨਾਮਾ

ਲੱਗਾ ਰਾਹੁਲ ਕਰਨਾਟਕ ਵੱਲ ਜਾਣ ਬੇਲੀ,
ਯਾਤਰਾ ਕਰਨ ਕੋਈ ਲੱਗਾ ਈ ਫੇਰ ਬੇਲੀ।
ਓਸੇ ਸ਼ਹਿਰ ਤੋਂ ਕਹਿੰਦਾ ਈ ਸ਼ੁਰੂ ਕਰਨੀ,
ਜਿਸ ਥਾਂ ਭਾਜਪਾ ਸੀ ਘੱਤਿਆ ਘੇਰ ਬੇਲੀ।
ਭ੍ਰਿਸ਼ਟਾਚਾਰ ’ਤੇ ਲਾਉਣੀ ਹੈ ਚੋਟ ਕਹਿੰਦਾ,
ਜਿਸ ਨੇ ਪਾਇਆ ਚੁਤਰਫ ਆ ਨ੍ਹੇਰ ਬੇਲੀ।
ਭਾਜਪਾ ਵਾਲੇ ਵੀ ਸੁਣੇ ਸਰਗਰਮ ਹੋ ਗਏ,
ਲਾਈ ਉਨ੍ਹਾਂ ਵੀ ਬਾਹਲੀ ਨਹੀਂ ਦੇਰ ਬੇਲੀ।
ਅਸੰਬਲੀ ਚੋਣ ਉਸ ਰਾਜ ਵੱਲ ਹੋਣ ਵਾਲੀ,
ਪਹਿਲਾ ਮਸਲਾ ਵੀ ਗੂੰਜ ਫਿਰ ਪਾਊ ਬੇਲੀ।
ਉਲਟਾ-ਸਿੱਧਾ ਜੇ ਰਾਹੁਲ ਕੁਝ ਆਖ ਬੈਠਾ,
ਗੇੜਾ ਮੁੜ-ਮੁੜ ਅਦਾਲਤ ਦਾ ਲਾਊ ਬੇਲੀ।

-ਤੀਸ ਮਾਰ ਖਾਂ

# ਪੰਜਾਬੀ ’ਵਰਸਿਟੀ ਨੂੰ ਬਣਦੀ ਗ੍ਰਾਂਟ ਫੌਰਨ ਜਾਰੀ ਹੋਵੇ : ਏ ਆਈ ਐੱਸ ਐੱਫ

**ਪਟਿਆਲਾ** : ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਏ ਆਈ ਐੱਸ ਐੱਫ ਦੀ ਸੂਬਾ ਕੌਂਸਲ ਦੀ ਮੀਟਿਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਲਵਪ੍ਰੀਤ ਮਾੜੀਮੇਘਾ ਨੇ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਵਰਿੰਦਰ ਖੁਰਾਣਾ ਤੇ ਕਰਮਵੀਰ ਬਧਨੀ ਨੇ ਕਿਹਾ ਕਿ ਸਿੱਖਿਆ ਹਰ ਇਕ ਦਾ ਬੁਨਿਆਦੀ ਅਧਿਕਾਰ ਹੈ, ਇਸ ਨੂੰ ਹਰ ਇਕ ਦੀ ਪਹੁੰਚ ਤੱਕ ਬਣਾਉਣਾ ਲਾਜ਼ਮੀ ਕਰਨਾ ਚਾਹਿੰਦਾ ਹੈ। ਹਰ ਇਕ ਨੂੰ ਮੁਫਤ ਵਿਗਿਆਨਕ ਲਾਜ਼ਮੀ ਤੇ ਮਿਆਰੀ ਸਿੱਖਿਆ ਦਾ ਅਧਿਕਾਰ ਹੋਵੇ, ਜੋ ਸਰਕਾਰ ਦਾ ਮੁੱਖ ਕੰਮ ਬਣਦਾ ਹੈ, ਪਰ ਸਰਕਾਰ ਦਿਨੋ-ਦਿਨ ਸਿੱਖਿਆ ਨੂੰ ਨਿੱਜੀ ਹੱਥ ਵਿੱਚ ਦੇ ਕੇ ਇਸ ਨੂੰ ਮੱਧ ਵਰਗ ਤੇ ਗਰੀਬ ਵਰਗ ਦੇ ਹੱਥੋਂ ਖੋ ਰਹੀ ਹੈ। ਸਰਕਾਰ ਦਾ ਕੰਮ ਇਹ ਹੋਣਾ ਚਾਹੀਦਾ ਹੈ ਕਿ ‘ਪੀਪਲਜ਼ ਪਾਲਿਸੀ ਆਫ ਐਜੂਕੇਸ਼ਨ’ ਨੂੰ ਲਾਗੂ ਕੀਤੀ ਜਾਵੇ, ਤਾਂ ਜੋ ਹਰ ਇਕ ਨੂੰ ਵਿੱਦਿਆ ਦਾ ਅਧਿਕਾਰ ਹੋਵੇ।

ਉਹਨਾ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਨੂੰ ਬਣਦੀ ਗ੍ਰਾਂਟ ਸਰਕਾਰ ਫੌਰਨ ਜਾਰੀ ਕਰੇ। ਪਿਛਲੇ ਲੰਮੇ ਸਮੇਂ ਤੋਂ ‘ਪੰਜਾਬੀ ਯੂਨੀਵਰਸਿਟੀ ਬਚਾਓ ਮੋਰਚਾ’ ਯੂਨੀਵਰਸਿਟੀ ਦੇ ਅਧਿਆਪਕ, ਵਿਦਿਆਰਥੀ, ਮੁਲਾਜ਼ਮ, ਪੈਨਸ਼ਨਰ ਆਦਿ ਸਮੂਹ ਸਾਥੀ ਪੱਕਾ ਮੋਰਚਾ ਲਗਾ ਕੇ ਬੈਠੇ ਹੋਏ ਹਨ। ਉਹਨਾਂ ਦੀ ਮੁੱਖ ਮੰਗ ਯੂਨੀਵਰਸਿਟੀ ਨੂੰ ਘੱਟੋ-ਘੱਟ 360 ਕਰੋੜ ਹਰ ਸਾਲ ਤੇ 150 ਕਰੋੜ ਕਰਜ਼ਾ ਮਾਫ ਕਰਨ ਦੀਆਂ ਦੋ ਮੁੱਖ ਮੰਗਾਂ ਹਨ।

ਹੋਰ ਸਾਥੀਆਂ ਨੇ ਕਿਹਾ ਕਿ ਹਰ ਇਕ ਨੂੰ ਉਸ ਦੀ ਯੋਗਤਾ ਮੁਤਾਬਕ ਕੰਮ ਦੀ ਗਰੰਟੀ ਕਰਦਾ ਕਾਨੂੰਨ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ (ਬਨੇਗਾ) ਪਾਰਲੀਮੈਂਟ ਤੇ ਵਿਧਾਨ ਸਭਾ ਵਿੱਚ ਪਾਸ ਹੋਵੇ, ਤਾਂ ਜੋ ਹਰ ਇਕ ਨੂੰ ਜੋ ਉਹ ਚਾਹੁੰਦਾ ਹੈ, ਉਸ ਨੂੰ ਦਿੱਤਾ ਜਾ ਸਕੇ। ਜੋ ਹਰ ਇਕ ਨੂੰ ਉਸ ਦੀ ਯੋਗਤਾ ਮੁਤਾਬਕ ਰੁਜ਼ਗਾਰ ਦਾ ਪ੍ਰਬੰਧ ਹੋਵੇ ਤੇ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਬੇਰੁਜ਼ਗਾਰੀ ਦੀ ਮਾਰ ਨਾ ਝੱਲਣੀ ਪਵੇ ਤੇ ਬੇਰੁਜ਼ਗਾਰੀ ਦਾ ਖਾਤਮਾ ਕੀਤਾ ਜਾ ਸਕੇ। ਦੁਨੀਆ ਦਾ ਸਭ ਤੋਂ ਪਹਿਲਾ ਵਿੱਦਿਅਕ ਅਦਾਰਾ ‘ਤਕਸ਼ਿਲਾ ਯੂਨੀਵਰਸਿਟੀ’, ਦੁਨੀਆ ਦਾ ਸਭ ਤੋਂ ਪਹਿਲਾ ਗ੍ਰੰਥ ‘ਰਿਗਵੇਦ’, ਦੁਨੀਆ ਦੀਆਂ ਪੁਰਾਣੀਆਂ ਸੱਭਿਅਤਾਵਾਂ ਵਿੱਚੋਂ ‘ਸਿੰਧੂ ਘਾਟੀ’ ਸੱਭਿਅਤਾ ਇਹ ਸਭ ਕੁਝ ਸਾਡੇ ਵਿਰਸੇ ਵਿੱਚ ਪਿਆ ਹੋਇਆ ਹੈ। ਇਹ ਵਿਰਸਾ ਇਕ ਅਮੀਰ ਵਿਰਸਾ ਹੈ, ਜਿਸ ਨੂੰ ਕਦੇ ਵੀ ਖੁਸਣ ਨਹੀਂ ਦਿੱਤਾ ਜਾ ਸਕਦਾ। ਨੌਜਵਾਨ ਤੇ ਵਿਦਿਆਰਥੀ ਸੰਘਰਸ਼ ਕਰਕੇ ਹਰ ਇਕ ਨੂੰ ਸਿੱਖਿਆ, ਰੁਜ਼ਗਾਰ, ਸਿਹਤ ਸਹੂਲਤਾਂ ਤੇ ਹੋਰ ਮਨੁੱਖਤਾ ਦੇ ਬੁਨਿਆਦੀ ਅਧਿਕਾਰਾਂ ਲਈ ਲੜ ਕੇ ਜਿੱਤਾਂ ਪ੍ਰਾਪਤ ਕਰਦੇ ਰਹਿਣਗੇ।

ਮੀਟਿੰਗ ਵਿੱਚ ਸੂਬਾ ਕੌਂਸਲ ਮੈਂਬਰ ਪ੍ਰਿਤਪਾਲ ਸਿੰਘ, ਗੁਰਪ੍ਰੀਤ ਸਿੰਘ, ਰਮਨ ਧਰਮੂਵਾਲਾ, ਜਸਪ੍ਰੀਤ ਬਧਨੀ, ਸੁਖਵਿੰਦਰ ਮਲੋਟ, ਰਾਹੁਲ ਗਰਗ, ਗੁਰਵਿੰਦਰ ਸਿੰਘ, ਗੁਰਪ੍ਰੀਤ ਫਰੀਦਕੋਟ, ਸੌਰਵ ਲੁਧਿਆਣਾ, ਸਟਾਲਿਨ ਫਾਜ਼ਿਲਕਾ, ਭੁਪਿੰਦਰ ਲਮੋਚੜ, ਨਵਜੋਤ ਭੱਟ, ਨੀਤੂ ਅਬੋਹਰ, ਪੂਨਮ ਅਤੇ ਹਰਪ੍ਰੀਤ ਕੌਰ ਸ਼ਾਮਲ ਸਨ।



# ਸੰਗਰੂਰ ਵਿਸ਼ੇਸ਼ ਸਪਲੀਮੈਂਟ



## ਸੰਦੇਸ਼



ਪੰਜਾਬ ਵਿਧਾਨ ਸਭਾ ਦੇ ਹਲਕਾ ਧੂਰੀ ਨੂੰ ਜਿਥੇ ਇਸ ਗੱਲ ਦਾ ਮਾਣ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਇਸ ਹਲਕੇ ਦੀ ਪ੍ਰਤੀਨਿਧਤਾ ਕਰਦੇ ਹਨ। ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਇੱਕ ਸਾਲ ਪਹਿਲਾਂ ਹੋਂਦ ਵਿੱਚ ਆਈ ਸੀ ਅਤੇ ਪੰਜਾਬ ਅੰਦਰ ਅਮਨ ਕਾਨੂੰਨ ਦੀ ਸਥਿਤੀ ਨੂੰ ਸੁਧਾਰਨ ਦੇ ਯਤਨਾਂ ਦੇ ਨਾਲੋ ਨਾਲ ਸਮੁੱਚੇ ਪੰਜਾਬ ਦੇ ਪੇਂਡੂ ਅਤੇ ਸ਼ਹਿਰੀ ਖੇਤਰ ਨੂੰ ਵਿਕਾਸ ਦੀਆਂ ਲੀਹਾਂ ਤੇ ਲਿਆਉਣਾ ਹੈ। ਮੈਨੂੰ ਇਹ ਗੱਲ ਦੱਸਦਿਆਂ ਖ਼ੁਸ਼ੀ ਮਹਿਸੂਸ ਹੁੰਦੀ ਹੈ ਕਿ ਧੂਰੀ ਵਿਧਾਨ ਸਭਾ ਹਲਕੇ ਦਾ ਇੱਕ ਛੋਟਾ ਜਿਹਾ ਪਿੰਡ ਖੇੜੀ-ਜੱਟਾਂ ਸਾਲ 2014 ਤੋਂ ਵਿਕਾਸ ਅਤੇ ਤਰੱਕੀਆਂ ਦੀਆਂ ਪੁਲੰਘਾ ਪੱਟਦਾ ਹੋਇਆ ਦਿਨ ਪ੍ਰਤੀ ਦਿਨ ਅੱਗੇ ਵੱਧਦਾ ਆ ਰਿਹਾ ਹੈ। ਇਸ ਸਮੇਂ ਦੌਰਾਨ ਸਮਾਜ ਸੇਵੀ ਪਿੰਡ ਖੇੜੀ-ਜੱਟਾਂ ਦੇ ਜੰਮਪਲ ਫਤਿਹ ਪ੍ਰਭਾਕਰ ਨੂੰ ਪ੍ਰਸ਼ਾਸ਼ਨਿਕ ਅਧਿਕਾਰੀਆਂ ਨਾਲ ਮਿਲ ਕੇ ਪਿੰਡ ਨੂੰ ਵਿਕਾਸ ਤੇ ਤਰੱਕੀ ਵੱਲ ਤੋਰਿਆ ਸੀ ਉਸੇ ਉਪਰੰਤ ਇਹ ਪਿੰਡ ਬਾਬਾ ਨਾਨਕ ਦੀ ਸਕੀਮ ਅਧੀਨ ਆਉਣ ਕਾਰਨ ਖੇੜੀ ਜੱਟਾਂ ਨੇ ਹੋਰ ਵੱਧ ਤਰੱਕੀ ਕੀਤੀ। ਪੰਜਾਬ ਸਰਕਾਰ ਨੂੰ ਇਸ ਗੱਲ ਦਾ ਮਾਣ ਹੈ ਕਿ ਇੱਕ ਛੋਟਾ ਜਿਹਾ ਪਿੰਡ ਹੋਵੇ ਤੇ ਵਿਕਾਸ ਦੀ ਉਦਾਹਰਨ ਪੇਸ਼ ਕਰਦਾ ਹੋਵੇ।

*ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ ਪੰਜਾਬ*

## ਸੰਦੇਸ਼



ਭਾਵੇਂ ਸਮਾਜ ਸੇਵੀ ਫਤਿਹ ਪ੍ਰਭਾਕਰ ਦਾ ਜਨਮ ਧੂਰੀ ਪਿੰਡ ਖੇੜੀ ਜੱਟਾਂ ਵਿੱਖੇ ਹੋਇਆ ਪਰ ਸਾਨੂੰ ਵੀ ਇਸ ਗੱਲ ਦਾ ਮਾਣ ਹੈ ਕਿ ਉਹਨਾਂ ਦਾ ਪਿਛੋਕੜ ਦਾ ਪਿੰਡ ਉਭਾਵਾਲ ਹੈ। ਛੋਟੇ ਪਿੰਡ ਜਿਥੇ ਵੋਟ ਘੱਟ ਹੋਵੇ ਬਹੁਤੀਆਂ ਸਰਕਾਰਾਂ ਤਰਜੀਹ ਨਹੀਂ ਦਿੰਦੀਆਂ ਪਰ ਸਮਾਜ ਸੇਵੀ ਫਤਿਹ ਪ੍ਰਭਾਕਰ ਨੇ ਪਿੰਡ ਦੇ ਸਹਿਯੋਗ ਨਾਲ ਹਰ ਸਰਕਾਰ ਤੋਂ ਪਿੰਡ ਦੇ ਵਿਕਾਸ ਕਾਰਜਾਂ ਲਈ ਬਣਦੇ ਹਿੱਸੇ ਦੀਆਂ ਗ੍ਰਾਂਟਾਂ ਤੋਂ ਵੱਧ ਪੈਸਾ ਲੈ ਕੇ ਪਿੰਡ ਨੂੰ ਇੱਕ ਨਮੂਨੇ ਦਾ ਪਿੰਡ ਬਣਾ ਦਿੱਤਾ। ਪਿੰਡ ਖੇੜੀ ਜੱਟਾਂ ਵਿਕਾਸ ਤੇ ਤਰੱਕੀ ਦੇ ਪੱਖੋ ਜਿਲ੍ਹਾ ਸੰਗਰੂਰ ਦਾ ਇੱਕ ਨਮੂਨੇ ਦਾ ਪਿੰਡ ਬਣ ਗਿਆ ਹੈ। ਮੈਨੂੰ ਆਸ ਹੈ ਕਿ ਫਤਿਹ ਪ੍ਰਭਾਕਰ ਆਪਣੇ ਰਸੂਖ ਸਦਕਾ ਇਸ ਪਿੰਡ ਨੂੰ ਹੋਰ ਤਰੱਕੀ ਵੱਲ ਲੈ ਜਾਣ ਲਈ ਯਤਨ ਜਾਰੀ ਰੱਖਣਗੇ।

*ਪਰਮਿੰਦਰ ਸਿੰਘ ਢੀਂਡਸਾ, ਸਾਬਕਾ ਵਿੱਤ ਮੰਤਰੀ ਪੰਜਾਬ।*

## ਸੰਦੇਸ਼



ਸਮਾਜ ਸੇਵੀ ਫਤਿਹ ਪ੍ਰਭਾਕਰ ਨਾਲ ਪਿਛਲੇ ਲੰਮੇ ਅਰਸੇ ਤੋਂ ਵਾਹ ਚੱਲਿਆ ਆ ਰਿਹਾ ਹੈ ਕਿਉਂਕਿ ਮੈਨੂੰ ਲੰਮਾ ਸਮਾਂ ਸੰਗਰੂਰ ਵਿਖੇ ਸੇਵਾਵਾਂ ਨਿਭਾਉਣ ਦਾ ਮੌਕਾ ਮਿਲਿਆ। ਇਸੇ ਸਮੇਂ ਦੌਰਾਨ ਪ੍ਰਸ਼ਾਸ਼ਨਿਕ ਅਧਿਕਾਰੀਆਂ ਨਾਲ ਚੰਗੇ ਤਾਲ ਮੇਲ ਸਦਕਾ ਉਹਨਾਂ ਦੀ ਜਨਮ ਭੂਮੀ ਪਿੰਡ ਖੇੜੀ-ਜੱਟਾਂ ਦੇ ਵਿਕਾਸ ਤੇ ਕਾਰਜਾਂ ਬਾਰੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਤੇ ਤੱਤਕਾਲੀ ਸਰਕਾਰਾਂ ਦੇ ਮਿਲੇ ਹੁੰਗਾਰੇ ਸਦਕਾ ਪਿੰਡ ਦਾ ਸਰਬ ਪੱਖੀ ਵਿਕਾਸ ਕਰਾਉਣ ਦਾ ਮੌਕਾ ਮਿਲਿਆ। ਖ਼ੁਸ਼ੀ ਦੀ ਗੱਲ ਇਹ ਰਹੀ ਹੈ ਕਿ ਵਿਕਾਸ ਦੇ ਚੱਲ ਰਹੇ ਕਾਰਜਾਂ ਵਿਚ ਪਿੰਡ ਦੀ ਪੰਚਾਇਤ, ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕਲੱਬ ਦੇ ਨੌਜਵਾਨਾਂ ਵੱਲੋਂ ਹਰ ਪੱਖੋ ਸਹਿਯੋਗ ਦਿੱਤਾ ਗਿਆ ਜਿਸ ਕਾਰਨ ਪਿੰਡ ਦਾ ਵਿਕਾਸ ਹੋਇਆ ਕਹਿਰੀ ਅੱਖ ਨਾਲ ਨਜਰ ਆਉਂਦਾ ਹੈ। ਇਸੇ ਉਪਰੰਤ ਸੋਨਾ ਤੇ ਸੁਹਾਗੇ ਵਾਂਗ ਇਹ ਪਿੰਡ ਬਾਬੇ ਨਾਨਕ ਦਾ ਸਕੀਮ ਅਧੀਨ ਆਉਣ ਕਰਕੇ ਵਿਕਾਸ ਦੀ ਕੋਈ ਕਮੀ ਹੀ ਨਾਂ ਰਹੀ।

*ਇੰਜੀਨੀਅਰ ਰਣਜੀਤ ਸਿੰਘ ਸ਼ੇਰਗਿਲ, (ਐਕਸ਼ੀਅਨ) ਪੰਚਾਇਤੀ ਰਾਜ।*

## ਸੰਦੇਸ਼





ਸ਼ਹਿਰ ਸੰਗਰੂਰ ਵਿੱਚ ਆ ਕੇ ਆਪਣੇ ਛੋਟੇ ਜਿਹੇ ਕਾਰੋਬਾਰ ਤੋਂ ਸ਼ੁਰੂ ਕਰਕੇ ਜੇਕਰ ਮੈਂ ਅੱਜ ਕਿਸੇ ਮੁਕਾਮ ਤੋਂ ਪਹੁੰਚਿਆ ਹਾਂ ਤਾਂ ਇਸ ਵਿੱਚ ਮੇਰੇ ਸਤਿਕਾਰਯੋਗ ਵੱਡੇ ਵੀਰ ਜਨਾਬ ਫਤਿਹ ਪ੍ਰਭਾਕਰ ਸਮਾਜ ਸੇਵਕ ਅਤੇ ਪੱਤਰਕਾਰ ਦਾ ਵੱਢਮੁੱਲਾ ਸਹਿਯੋਗ ਤੇ ਸੇਧ ਮੈਨੂੰ ਮਿਲਦੀ ਰਹੀ ਹੈ ਤੇ ਮਿਲ ਰਹੀ ਹੈ। ਸਮਾਜ ਅੰਦਰ ਅਜਿਹੇ ਵਿਰਲੇ ਹੀ ਲੋਕ ਹੁੰਦੇ ਹਨ ਜਿਹੜੇ ਆਪਣੇ ਪਿੰਡ ਜਾਂ ਆਪਣੇ ਲੋਕਾਂ ਬਾਰੇ ਜਾਂ ਆਲੇ ਦੁਆਲੇ ਬਾਰੇ ਸੋਚਦੇ ਹਨ। ਮੈਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਆਪਣੀ ਜਨਮ ਭੂਮੀ ਪਿੰਡ ਖੇੜੀ ਜੱਟਾਂ ਵਿਖੇ ਵਸ ਰਹੇ ਦਲਿਤ, ਮੁਸਲਮਾਨ ਭਰਾ ਤੇ ਪੱਛੜੇ ਵਰਗੇ ਦੇ ਲੋਕਾਂ ਦੇ ਹਿੱਤਾ ਦੇ ਰਾਖੀ ਲਈ ਫਤਿਹ ਪ੍ਰਭਾਕਰ ਹਮੇਸ਼ਾ ਹੀ ਯਤਨਸ਼ੀਲ ਰਹਿੰਦੇ ਹਨ।

*ਮੁਹੰਮਦ ਮੁਸਤਫਾ ਤੇ ਮੋਨੂੰ, ਪ੍ਰਧਾਨ ਸਬਜੀ ਮੰਡੀ ਆੜ੍ਹਤੀਆ ਐਸੋਸੀਏਸ਼ਨ, ਸੰਗਰੂਰ।*

## ਸੰਦੇਸ਼



ਮੇਰੇ ਸਤਿਕਾਰਯੋਗ ਸਮਾਜ ਸੇਵਕ ਫਤਿਹ ਪ੍ਰਭਾਕਰ ਵੱਲੋਂ ਕਰਾਏ ਗਏ ਆਪਣੀ ਜਨਮ ਭੂਮੀ ਦੇ ਵਿਕਾਸ ਕਾਰਜਾਂ ਬਾਰੇ ਸੁਣਿਆ ਬਹੁਤ ਹੈ, ਅਖਬਾਰਾਂ ਰਾਹੀਂ ਤੇ ਲੋਕਾਂ ਦੇ ਦੱਸਣ, ਪੁੱਛਣ ਰਾਹੀਂ ਪਰ ਅਜੇ ਤੱਕ ਉਸ ਪਿੰਡ ਵਿਖੇ ਜਾਣ ਦਾ ਮੌਕਾ ਨਸੀਬ ਨਹੀਂ ਹੋਇਆ। ਖ਼ੁਸ਼ੀ ਇਸ ਗੱਲ ਦੀ ਜਰੂਰ ਹੈ ਕਿ ਉਥੇ ਸਰਬ ਪੱਖੀ ਵਿਕਾਸ ਹੋਇਆ ਹੈ ਤੇ ਹੋ ਰਿਹਾ ਹੈ। ਜੇਕਰ ਹਰ ਪਿੰਡ ਦੇ ਲੋਕ ਹੀ ਰਲ ਮਿਲ ਕੇ ਵਿਕਾਸ ਕਾਰਜ ਕਰਨ ਤਾਂ ਸਾਡੇ ਪਿੰਡਾਂ ਦਾ ਵਿਕਾਸ ਆਪਣੀ ਵੱਖਰੀ ਮਿਸਾਲ ਪੇਸ਼ ਕਰ ਸਕਦਾ ਹੈ। ਮੈਨੂੰ ਇਸ ਗੱਲ ਦੀ ਖ਼ੁਸ਼ੀ ਤੇ ਮਾਣ ਹੈ ਕਿ ਪਿੰਡ ਖੇੜੀ-ਜੱਟਾਂ ਦਾ ਸਰਬ ਪੱਖੀ ਵਿਕਾਸ ਫਤਿਹ ਪ੍ਰਭਾਕਰ ਜੀ ਦੀ ਯੋਗ ਅਗਵਾਈ ਹੇਠ ਹੋ ਰਿਹਾ ਹੈ।

*ਸੋਮ ਪ੍ਰਕਾਸ਼ ਸੋਮੀ, (ਗੋਇਲ ਸ਼ਟਰਿੰਗ ਸਟੋਰ) ਸੰਗਰੂਰ।*




## ਰਾਜ ਕੁਮਾਰ ਗਰਗ
## ਪ੍ਰੋਪਰਟੀ ਸਲਾਹਕਾਰ

ਸ਼ਹਿਰੀ ਤੇ ਪੇਂਡੂ ਜ਼ਮੀਨਾਂ, ਪਲਾਟ ਖਰੀਦਣ ਤੇ ਵੇਚਣ ਲਈ ਤੁਹਾਨੂੰ ਸਹੀ ਸਲਾਹ ਦੇਣ ਦੀਆਂ ਸੇਵਾਵਾ ਪਿਛਲੇ ਲੰਮੇ ਅਰਸੇ ਤੋਂ ਨਿਭਾਉਂਦੇ ਆ ਰਹੇ ਹਾਂ ਤੇ ਨਿਭਾਉਂਦੇ ਰਹਾਂਗੇ।

**ਮੋਬਾ. 98142-40246**


## ਸਨੇਹੀ ਸੱਜਣ



ਅਜਿਹੇ ਬਹੁਤ ਘੱਟ ਲੋਕ ਹੁੰਦੇ ਹਨ, ਜਿਹੜੇ ਆਪਣੇ ਪਿੰਡਾਂ ਪ੍ਰਤੀ ਸਹਿਰਦ ਹੁੰਦੇ ਹਨ। ਫਤਿਹ ਪ੍ਰਭਾਕਰ ਨੇ ਆਪਣੀ ਜਨਮ ਭੂਮੀ ਪਿੰਡ ਖੇੜੀ ਜੱਟਾਂ ਨੂੰ ਸਰਬ ਪੱਖੀ ਵਿਕਾਸ ਲਈ ਪਿੰਡ ਵਾਸੀਆਂ ਦਾ ਪੂਰਨ ਸਹਿਯੋਗ ਦਿੱਤਾ।

*ਮੱਖਣ ਵੀਰ, ਮੁਲਾਜ਼ਮ ਆਗੂ।*

# ਖੇੜੀ ਜੱਟਾਂ ਪਿੰਡ ਬਾਬੇ ਨਾਨਕ ਦਾ...

ਪਿੰਡ ਖੇੜੀ ਜੱਟਾਂ ਤਹਿਸੀਲ ਧੂਰੀ ਦਾ ਛੋਟਾ ਜਿਹਾ ਪਿੰਡ ਹੈ। ਇਸ ਪਿੰਡ ਵਿੱਚ ਮੇਰੇ ਪਿਤਾ ਜੀ ਸਵ. ਪਟਵਾਰੀ ਗਿਰਧਾਰੀ ਲਾਲ ਬਤੌਰ ਮਾਲ ਪਟਵਾਰੀ ਸੇਵਾਵਾਂ ਨਿਭਾਉਂਦੇ ਰਹੇ। ਉਸੇ ਪਿੰਡ ਵਿੱਚ ਮੇਰਾ ਜਨਮ ਹੋਇਆ ਤੇ ਮੁੱਢਲੀ ਮਿਡਲ ਸਕੂਲ ਤੱਕ ਦੀ ਪੜ੍ਹਾਈ ਵੀ ਸਰਕਾਰੀ ਸਕੂਲ ਢਢੋਗਲ ਖੇੜੀ ਵਿਖੇ ਕਰਨ ਉਪਰੰਤ ਸਾਡਾ ਪਰਿਵਾਰ ਸ਼ਹਿਰ ਸੰਗਰੂਰ ਵਿਖੇ ਆ ਗਿਆ। ਇਸ ਉਪਰੰਤ ਪਿੰਡ ਦੇ ਲੋਕਾਂ ਨਾਲ ਉਂਝ ਤਾਂ ਰਾਬਤਾ ਬਣਿਆ ਰਿਹਾ ਪਰ ਜਿਆਦਾ ਕਰਕੇ ਸ਼ਹਿਰ ਸੰਗਰੂਰ ਵਿਖੇ ਕਾਰੋਬਾਰ ਅਤੇ ਬਤੌਰ ਪੱਤਰਕਾਰ ਸੇਵਾਵਾਂ ਨਿਭਾਉਣ ਦਾ ਮੌਕਾ ਵੀ ਇਥੇ ਹੀ ਪ੍ਰਾਪਤ ਹੋਇਆ। ਜਿਸ ਨਾਲ ਇਲਾਕੇ ਵਿੱਚ ਪਹਿਚਾਣ ਬਣੀ। ਸਾਲ 2014 ਤੋਂ ਪਿੰਡ ਖੇੜੀ-ਜੱਟਾਂ ਦੇ ਸਰਬ ਪੱਖੀ ਵਿਕਾਸ ਦੀ ਨੀਂਹ ਉਸ ਸਮੇਂ ਰੱਖੀ ਗਈ ਜਦੋਂ ਪਿੰਡ ਦੀ ਚੁਣੀ ਹੋਈ ਸਮੁੱਚੀ ਪੰਚਾਇਤ, ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ, ਏ.ਡੀ.ਸੀ ਸ. ਪ੍ਰੀਤਮ ਸਿੰਘ ਜੌਹਲ ਤੋਂ ਮੰਗੇ



ਫਤਿਹ ਪ੍ਰਭਾਕਰ

ਕਲੱਬਾਂ ਦੇ ਅਹੁੱਦੇਦਾਰ ਤੇ ਹੋਰ ਪਤਵੰਤਿਆਂ ਨੇ ਆ ਕੇ ਪਿੰਡ ਦੇ ਵਿਕਾਸ ਲਈ ਸਹਿਯੋਗ ਦੀ ਮੰਗ ਕੀਤੀ। ਇਸੇ ਸਮੇਂ ਤੋਂ ਪਿੰਡ ਖੇੜੀ-ਜੱਟਾਂ ਨੂੰ ਵਿਕਾਸ ਤੇ ਤਰੱਕੀ ਦੇ ਰਾਹ ਵੱਲ ਤੋਰਨ ਲਈ ਯਤਨ ਆਰੰਭੇ। ਜਿਸ ਵਿੱਚ ਵੱਡੀ ਭੂਮਿਕਾ ਜ਼ਿਲ੍ਹਾ ਪ੍ਰਸ਼ਾਸ਼ਨਿਕ ਅਧਿਕਾਰੀ ਤੱਤਕਾਲੀ ਸਹਿਯੋਗ ਦੇ ਸਦਕਾ ਪਿੰਡ ਦੀ ਨੁਹਾਰ ਬਦਲਣੀ ਸ਼ੁਰੂ ਹੋਈ। ਜਿਸ ਵਿੱਚ ਭਰਵਾਂ ਸਹਿਯੋਗ ਇੰਜ. ਰਣਜੀਤ ਸਿੰਘ ਸ਼ੇਰਗਿਲ ਐਕਸੀਅਨ ਪੰਚਾਇਤੀ ਰਾਜ ਵੱਲੋਂ ਮਿਲ ਕੇ ਪਿੰਡ ਦੀ ਨੁਹਾਰ ਬਦਲਣ ਦਾ ਮੁੱਢ ਬੰਨਿਆ। ਅਥਾਹ ਵਿਕਾਸ ਹੋਣ ਤੋਂ ਬਾਅਦ ਪਿੰਡ ਬਾਬੇ ਨਾਨਕ ਦੀ ਅਪਾਰ ਕ੍ਰਿਪਾ ਸਦਕਾ ਇਹ ਪਿੰਡ ਬਾਬੇ ਨਾਨਕ ਦੀ ਸਕੀਮ ਅਧੀਨ ਆਉਣ ਕਾਰਨ ਪਿੰਡ ਦਾ ਸਰਬ ਪੱਖੀ ਵਿਕਾਸ ਹੋਣ ਕਾਰਨ ਪਿੰਡ ਇੱਕ ਵਿਕਾਸ ਦੀ ਮਿਸਾਲ ਪੇਸ਼ ਕਰਦਾ ਨਜਰ ਆਉਂਦਾ ਹੈ।

## ਜਦੋਂ ਪਿੰਡ ਖੇੜੀ ਜੱਟਾਂ 'ਤੇ ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਸਵੱਲੀ ਨਜ਼ਰ ਪਈ...

1. ਪਿੰਡ ਦੇ ਲੋਕਾਂ ਵੱਲੋਂ ਆਪ ਮੁਹਾਰੇ ਲਏ ਗਏ ਫੈਸਲੇ ਨਾਲ ਢਹਿ ਢੇਰੀ ਹੋ ਰਹੇ ਪਟਵਾਰ ਖਾਨੇ ਦੀ ਇਮਾਰਤ ਦੀ ਮੁੜ ਉਸਾਰੀ ਕਰਾਕੇ ਡਾ. ਪ੍ਰੋ ਐਸ.ਪੀ. ਸਿੰਘ ਓਬਰਾਏ ਮੈਨੇਜਿੰਗ ਟਰੱਸਟੀ 'ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ' ਵੱਲੋਂ ਪਿੰਡ ਵਿੱਚ ਕੰਪਿਊਟਰ ਸੈਂਟਰ ਚਾਲੂ ਕਰਾਇਆ। ਪਟਵਾਰਖਾਨੇ ਦੇ ਵਿਹੜੇ ਵਿੱਚ ਛੋਟੇ ਬੱਚਿਆਂ ਲਈ ਮਿੰਨੀ ਪਾਰਕ ਅਤੇ ਖਿਡੌਣੇ ਲਾਏ? 2. ਸਰਬ ਸਿੱਖਿਆ ਅਭਿਆਨ ਤਹਿਤ ਸਿੱਖਿਆ ਵਿਭਾਗ ਤੋਂ 4.32 ਲੱਖ ਦੀ ਗ੍ਰਾਂਟ ਹਾਸਲ ਕਰਕੇ ਸੀਨੀਅਰ ਸੈਕੰਡਰੀ ਸਕੂਲ ਦੀ ਚਾਰ ਦੀਵਾਰੀ ਦੀ ਉਸਾਰੀ ਕਰਾਈ ਗਈ। ਜਿਸ ਨਾਲ ਖੇਡ ਮੈਦਾਨ ਵੀ ਖੁੱਲਾ ਹੋ ਗਿਆ 3. ਸਮੁੱਚੀ ਪੰਚਾਇਤ ਵੱਲੋਂ ਕੀਤੇ ਫੈਸਲੇ ਅਨੁਸਾਰ ਪਿੰਡ ਵਿੱਚ ਇੱਕੋ ਸਮਸ਼ਾਨਘਾਟ ਬਣਾਇਆ ਗਿਆ। 4. ਮੁਸਲਮਾਨ ਭਰਾਵਾਂ ਲਈ ਕਬਰਿਸਤਾਨ ਵੀ ਬਣਾਇਆ ਗਿਆ 5. ਸਮਸ਼ਾਨਘਾਟਾਂ ਅਤੇ ਕਬਰਿਸਤਾਨ ਦੇ ਨੇੜੇ ਇੱਕ ਪਾਰਕ ਜਿਹੜਾ 6.6 ਲੱਖ ਦੀ ਲਾਗਤ ਨਾਲ ਜਿਲ੍ਹਾ ਪ੍ਰਸ਼ਾਸ਼ਨ ਦੇ ਸਹਿਯੋਗ ਨਾਲ ਬਣਾਇਆ ਜਿਥੇ ਬੱਚਿਆਂ ਦੇ ਖੇਡਣ ਤੇ ਲੋਕਾਂ ਦੇ ਬੈਠਣ ਦਾ ਪ੍ਰਬੰਧ ਕੀਤਾ ਗਿਆ। 6. ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਲਏ ਸਹਿਯੋਗ ਸਦਕਾ ਪਿੰਡ ਵਿੱਚ ਸੇਵਾ ਕੇਂਦਰ ਦੀ ਉਸਾਰੀ ਕਰਾਈ ਗਈ ਤੇ ਚਾਲੂ ਕਰਾਇਆ। 7. ਪਿੰਡ ਦੇ ਗੰਦੇ ਪਾਣੀ ਦੀ ਨਿਕਾਸ ਲਈ 20 ਲੱਖ ਰੁਪਏ ਦੀ ਲਾਗਤ ਨਾਲ ਪਾਇਪ ਲਾਈਨ ਰਾਹੀਂ ਪਾਣੀ ਡਰੇਨ ਵਿੱਚ ਪੈਂਦਾ ਕੀਤਾ ਗਿਆ। 8. ਖੇਤਾਂ ਨੂੰ ਜਾਣ ਵਾਲੇ ਰਸਤੇ (ਖੜਵੰਜਿਆਂ) ਦੀ ਉਸਾਰੀ ਲਈ ਮਨਰੇਗਾ ਵਿਚੋਂ 11.25 ਲੱਖ ਦੀ ਲਾਗਤ ਨਾਲ ਕਰਾਈ ਗਈ। 9. ਪ੍ਰਸ਼ਾਸਨ ਤੇ ਮਹਿਕਮਿਆਂ ਦੇ ਸਹਿਯੋਗ ਸਦਕਾ ਸਾਰੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਕਰਾਉਣ ਦਾ ਕੰਮ ਨੇਪਰੇ ਚਾੜ੍ਹਿਆ ਗਿਆ। 10. ਪਿੰਡ ਅੰਦਰ ਦਰਬਾਜੇ ਦੇ ਸਾਹਮਣੇ 17.5 ਲੱਖ ਦੀ ਲਾਗਤ ਨਾਲ ਨਰੇਗਾ ਭਵਨ ਉਸਾਰਿਆ ਗਿਆ। ਇਹ ਸਾਰੇ ਕਾਰਜ ਸਾਲ 2014-2019 ਤੱਕ ਮੁਕੰਮਲ ਕਰਾਏ ਗਏ।




## ਖੇੜੀ ਜੱਟਾਂ 'ਚ 'ਪਿੰਡ ਬਾਬੇ ਨਾਨਕ ਦਾ' ਸਕੀਮ ਅਧੀਨ ਚੁਣੇ ਜਾਣ ਉਪਰੰਤ ਹੋਏ ਵਿਕਾਸ ਕਾਰਜ...

ਇਸ ਸਮੇਂ ਦੌਰਾਨ ਪਿੰਡ ਦੀ ਨਵੀਂ ਚੁਣੀ ਪੰਚਾਇਤ ਹੋਂਦ ਵਿੱਚ ਆ ਗਈ। ਇਤਿਹਾਸਕ ਗੁਰਦੁਆਰਾ 'ਝਿੜਾ ਸਾਹਿਬ' ਤੱਕ ਰਸਤੇ ਦੀ ਉਸਾਰੀ ਮਹਿਕਮਾਂ ਪੰਚਾਇਤੀ ਰਾਜ ਵੱਲੋਂ ਸਾਲ 2019-20 ਵਿੱਚ 20 ਲੱਖ ਦੀ ਲਾਗਤ ਨਾਲ ਕਰਾਈ ਗਈ। ਪਾਰਕਾਂ ਦੀ ਉਸਾਰੀ, ਜਿੰਮ ਤੇ ਛੱਪੜਾਂ ਦੀ ਉਸਾਰੀ ਦਾ ਕੰਮ 17.10 ਲੱਖ ਦੀ ਲਾਗਤ ਨਾਲ ਕੀਤੀ ਗਈ, ਇਸ ਦੇ ਨਾਲ ਹੀ ਜਿੰਮ ਦੀ ਉਸਾਰੀ 19.80 ਲੱਖ ਤੇ ਖੇਡ ਸਟੇਡੀਅਮ ਦੀ ਉਸਾਰੀ ਕਰਾਈ ਗਈ, ਪੂਰੇ ਪਿੰਡ ਨੂੰ ਕੈਮਰਿਆਂ ਦੀ ਨਜਰ ਹੇਠ ਲਿਆਉਣ ਲਈ 4 ਲੱਖ ਦੀ ਲਾਗਤ ਨਾਲ ਕੈਮਰੇ ਲਾਏ ਗਏ, ਸਮਸ਼ਾਨ ਘਾਟਾਂ ਦੇ ਰਹਿੰਦੇ ਕੰਮ ਕਰਾਏ ਗਏ, ਬੱਸ ਸਟੈਂਡ ਦੀ ਉਸਾਰੀ, ਪੰਚਾਇਤ ਘਰ ਦੀ ਮੁਰੰਮਤ ਕਰਾਈ ਗਈ, ਪਾਣੀ ਲਈ ਟਿਊਬਵੈਲ, ਪਿੰਡ ਨੂੰ ਹਰਾ ਭਰਾ ਅਤੇ ਪ੍ਰਦੂਸ਼ਣ ਰਹਿਤ ਬਨਾਉਣ ਲਈ ਬੂਟੇ ਲੱਗਾ ਕੇ ਉਹਨਾਂ ਦੁਆਲੇ ਟ੍ਰੀ ਗਾਰਡ, ਪਿੰਡ ਵਿੱਚ ਬਜੁਰਗਾਂ ਦੇ ਬੈਠਣ ਲਈ ਬੈਂਚ ਆਦਿ ਵੀ ਕੰਮ ਨੇਪਰੇ ਚਾੜ੍ਹੇ ਗਏ, ਸੜਕਾਂ ਗਲੀਆਂ ਸਭ ਪੱਕੀਆਂ ਹੋਣ ਨਾਲ ਪਿੰਡ ਖੇੜੀ-ਜੱਟਾਂ ਦੀ ਨੁਹਾਰ ਹੀ ਬਦਲ ਗਈ।

ਹੁਣ ਪਿੰਡ 'ਬਾਬੇ ਨਾਨਕ ਦਾ' ਦੀ ਅਪਾਰ ਕ੍ਰਿਪਾ ਸਦਕਾ ਇਲਾਕੇ ਦੇ ਲੋਕਾਂ ਲਈ ਵਿਕਾਸ ਪੱਖੋਂ ਪਿੰਡ ਜਿਥੇ ਖਿੱਚ ਦਾ ਕੇਂਦਰ ਬਣਿਆ ਉਥੇ ਹੀ 'ਸੋਨੇ ਤੇ ਸੁਹਾਗੇ' ਵਾਲਾ ਕੰਮ ਉਸ ਸਮੇਂ ਬਣ ਗਿਆ ਜਦੋਂ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵਿਧਾਨ ਸਭਾ ਹਲਕਾ ਧੂਰੀ ਤੋਂ ਚੋਣ ਲੜ ਕੇ ਪੰਜਾਬ ਦੇ ਮੁੱਖ ਮੰਤਰੀ ਦਾ ਆਹੁਦੇ ਤੇ ਵਿਰਾਜਮਾਨ ਹੋ ਗਏ। ਹੁਣ ਇਹ ਪਿੰਡ ਅਣਗੌਹਲਿਆਂ ਪਿੰਡਾਂ ਵਿੱਚੋਂ ਨਹੀਂ ਸਗੋਂ ਵਿਕਾਸ ਪੱਖੋਂ ਆਪਣੀ ਮਿਸਾਲ ਖੁਦ ਆਪ ਬਣ ਗਿਆ।



ਭੱਠਾ ਬਚਾਓ ਵੈੱਲਫੇਅਰ ਐਸੋਸੀਏਸ਼ਨ ਪ੍ਰਧਾਨ ਕੇਵਲ ਕ੍ਰਿਸ਼ਨ ਲੌਂਗੋਵਾਲੀਆਂ ਦੀ ਅਗਵਾਈ ਵਾਲੀ ਸਮੁੱਚੀ ਟੀਮ ਦਾ ਕਹਿਣਾ ਹੈ ਕਿ ਅਜੋਕੇ ਹਾਲਾਤ ਵਿੱਚ ਸਰਕਾਰਾਂ ਦੀ ਬੇਰੁਖੀ, ਕੋਲੇ ਦੇ ਅਥਾਹ ਵਧੇ ਰੇਟਾਂ ਅਤੇ ਵਿਕਾਸ ਕਾਰਜਾਂ ਦੇ ਠੱਪ ਹੋਣ ਕਾਰਨ ਆਰਥਿਕ ਮੰਦਹਾਲੀ ਦੇ ਸਭ ਤੋਂ ਮਾੜੇ ਦੌਰ ਵਿੱਚੋਂ ਲੰਘ ਰਹੀ ਹੈ। ਭੱਠਾ ਸਨਅਤ ਇੱਕ ਅਜਿਹੀ ਸਨਅਤ ਹੈ ਜਿਹੜੀ ਪੇਂਡੂ ਖੇਤਰ ਦੇ ਲੋਕਾਂ ਨੂੰ ਉਹਨਾਂ ਦੇ ਘਰਾਂ ਦੇ ਨੇੜੇ ਰੁਜ਼ਗਾਰ ਦਿੰਦੀ ਹੈ ਅਤੇ ਇੱਟ ਤਿਆਰ ਕਰਕੇ ਪਿੰਡਾਂ ਤੇ ਸ਼ਹਿਰਾਂ ਦੇ ਵਿਕਾਸ ਕਾਰਜਾਂ ਲਈ ਆਪਣਾ ਯੋਗਦਾਨ ਪਾਉਂਦੀ ਆ ਰਹੀ ਹੈ। ਦੁਖਾਂਤਕ ਪੱਖ ਇਹ ਹੈ ਕਿ ਇਸ ਸਨਅਤ ਵੱਲ ਨਾਂ ਮੌਜੂਦਾ ਸੂਬਾ ਸਰਕਾਰਾਂ ਤੇ ਨਾਂ ਹੀ ਕੇਂਦਰ ਦੀ ਸਰਕਾਰ ਕੋਈ ਧਿਆਨ ਦਿੰਦੀ ਹੈ। ਦਿਨ ਪ੍ਰਤੀ ਦਿਨ ਭੱਠਾ ਸਨਅਤ ਆਰਥਿਕ ਸੰਕਟ ਦੇ ਦੌਰ ਵਿੱਚੋਂ ਲੰਘਦੀ ਆ ਰਹੀ ਹੈ, ਜੇਕਰ ਸਰਕਾਰਾਂ ਨੇ ਇਸ ਸੰਨਤ ਵੱਲ ਤੁਰੰਤ ਧਿਆਨ ਨਾਂ ਦਿੱਤਾ ਤਾਂ ਭੱਠਾ ਮਾਲਕ ਭੱਠੇ ਬੰਦ ਕਰਨ ਲਈ ਮਜਬੂਰ ਹੋ ਜਾਣਗੇ।





## ਵੱਲੋਂ : ਭੱਠਾ ਬਚਾਓ ਵੈੱਲਫੇਅਰ ਐਸੋਸੀਏਸ਼ਨ (ਰਜਿ.) ਜ਼ਿਲ੍ਹਾ ਸੰਗਰੂਰ

## ਸੰਦੇਸ਼



ਮੈਂ ਬਤੌਰ ਵਧੀਕ ਡਿਪਟੀ ਕਮਿਸ਼ਨਰ ਸੰਗਰੂਰ ਸੇਵਾਵਾਂ ਨਿਭਾ ਰਿਹਾ ਸੀ ਤਾਂ ਉਸ ਸਮੇਂ ਮੇਰਾ ਸੰਪਰਕ ਸੀਨੀਅਰ ਪੱਤਰਕਾਰ ਤੇ ਸਮਾਜ ਸੇਵਕ ਫਤਿਹ ਪ੍ਰਭਾਕਰ ਨਾਲ ਪਿਆ। ਉਹਨਾਂ ਇੱਕ ਦਿਨ ਕਿਹਾ ਕਿ ਮੇਰੀ ਜਨਮ ਭੂਮੀ ਪਿੰਡ ਖੇੜੀ-ਜੱਟਾਂ ਦੇਖ ਕੇ ਆਓ ਤੇ ਉਸ ਪਿੰਡ ਦਾ ਸਰਬ ਪੱਖੀ ਵਿਕਾਸ ਕਰਾਉਣਾ ਹੈ। ਪਿੰਡ ਜਾ ਕੇ ਸੱਚ ਮੁੱਚ ਹੀ ਮਹਿਸੂਸ ਹੋਇਆ ਕਿ ਜਿਥੇ ਸਮੁੱਚੀ ਪੰਚਾਇਤ, ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਯੂਥ ਕਲੱਬ ਦੇ ਮੈਂਬਰ ਇਕੱਠੇ ਬੈਠਦੇ ਹੋਣ, ਪਿੰਡ ਵਿੱਚ ਇੱਕੋ ਗੁਰੂ ਘਰ, ਇੱਕ ਸੀਨੀਅਰ ਸੈਕੰਡਰੀ ਸਕੂਲ ਹੋਵੇ। ਉਸ ਪਿੰਡ ਦੇ ਲੋਕ ਸੱਚ ਮੁੱਚ ਚੰਗੇ ਤੇ ਵਿਕਾਸ ਮੁੱਖੀ ਹੋ ਸਕਦੇ ਹਨ। ਵਿਕਾਸ ਬਾਰੇ ਗੱਲਾਂ ਕਰਦਿਆਂ ਉਸੇ ਸਮੇਂ ਤੋਂ ਅਧਿਕਾਰੀਆਂ ਨੂੰ ਕਿਹਾ ਕਿ ਪਿੰਡ ਦੇਖੋ ਤੇ ਉਥੇ ਵਿਕਾਸ ਲਈ ਕੀ ਕੁਝ ਕੀਤਾ ਜਾ ਸਕਦਾ ਹੈ। ਉਹ ਕਰਨ ਦੇ ਯਤਨ ਕਰੋ। ਬਸ ਦੇਖਦੇ ਦੇਖਦੇ ਉਹੀ ਪਿੰਡ ਜਿਹੜਾ ਕਿਸੇ ਗਿਣਤੀ ਵਿੱਚ ਨਹੀਂ ਸੀ ਨਮੂਨੇ ਦਾ ਪਿੰਡ ਦਿਖਣ ਲੱਗ ਪਿਆ। ਮੈਨੂੰ ਖ਼ੁਸ਼ੀ ਹੈ ਕਿ ਇੱਕ ਚੰਗੇ ਸਮਾਜ ਸੇਵਕ ਨੂੰ ਆਪਣੇ ਅਸਰ ਰਸੂਖ ਸਦਕਾ ਪਿੰਡ ਦੇ ਲੋਕਾਂ ਨੂੰ ਨਾਲ ਲੈ ਕੇ ਪ੍ਰਸ਼ਾਸ਼ਨਿਕ ਅਧਿਕਾਰੀਆਂ, ਰਾਜਨੀਤਿਕ ਸਖਸ਼ੀਅਤਾਂ ਨਾਲ ਤਾਲ ਮੇਲ ਕਰਕੇ ਪਿੰਡ ਨੂੰ ਵਿਕਾਸ ਦੇ ਤਰੱਕੀ ਦੇ ਰਾਹ ਤੋਰ ਲਿਆ ਹੈ। ਅੱਜ ਪਿੰਡ ਆਪਣੇ ਆਪ ਵਿੱਚ ਹੀ ਵਿਕਾਸ ਦੀ ਇੱਕ ਮਿਸਾਲ ਹੈ।

*ਪ੍ਰੀਤਮ ਸਿੰਘ ਜੌਹਲ, (ਸੇਵਾ-ਮੁਕਤ) ਵਧੀਕ ਡਿਪਟੀ ਕਮਿਸ਼ਨਰ।*

## ਸੰਦੇਸ਼



ਮੇਰੇ ਛੋਟੇ ਵੀਰ ਸਮਾਜ ਸੇਵੀ ਫਤਿਹ ਪ੍ਰਭਾਕਰ ਨਾਲ ਉਹਨਾ ਦੀ ਜਨਮ ਭੂਮੀ ਪਿੰਡ ਖੇੜੀ-ਜੱਟਾਂ ਵਿਖੇ ਜਾਣ ਦਾ ਮੌਕਾ ਮਿਲਿਆ ਤੇ ਉਥੇ ਅਸੀਂ ਮਨਰੇਗਾ ਭਵਨ ਵਿਖੇ ਪੇਂਡੂ ਬੱਚਿਆਂ ਨੂੰ ਸਮੇਂ ਦੇ ਹਾਣੀ ਬਨਾਉਣ ਲਈ ਡਾ. ਪ੍ਰੋ ਐਸ.ਪੀ. ਸਿੰਘ ਓਬਰਾਏ ਵੱਲੋਂ ਚਲਾਏ ਜਾ ਰਹੇ ਕੰਪਿਊਟਰ ਸੈਂਟਰ ਵਿਖੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡਣ ਦਾ ਮੌਕਾ ਮਿਲਿਆ। ਉਸ ਸਮੇਂ ਪਿੰਡ ਦੀਆਂ ਦੋ ਤਿੰਨ ਗੱਲਾਂ ਵਿਲੱਖਣ ਤੇ ਵਧੀਆਂ ਲੱਗੀਆਂ। ਪਿੰਡ ਵਿੱਚ ਇੱਕ ਗੁਰੂ ਘਰ, ਇੱਕ ਸਮਸ਼ਾਨਘਾਟ, ਪੜ੍ਹਾਈ ਲਈ ਸੀਨੀਅਰ ਸੈਕੰਡਰੀ ਸਕੂਲ, ਪਾਣੀ ਦੀ ਨਿਕਾਸੀ ਦਾ ਪੂਰਾ ਪ੍ਰਬੰਧ, ਸਾਫ ਸਫਾਈ ਪੱਖੋਂ ਸਚਮੁੱਚ ਇਹ ਪਿੰਡ ਇੱਕ ਨਮੂਨੇ ਦਾ ਪਿੰਡ ਬਣ ਗਿਆ।

*ਡਾ. ਨਰਵਿੰਦਰ ਸਿੰਘ ਕੌਸ਼ਲ, ਡੀਨ (ਸੇਵਾ-ਮੁਕਤ) ਕੁਰੂਕਸ਼ੇਤਰਾ ਯੂਨੀਵਰਸਿਟੀ।*

## ਸੰਦੇਸ਼



ਸੀਨੀਅਰ ਪੱਤਰਕਾਰ ਤੇ ਸਮਾਜ ਸੇਵੀ ਫਤਿਹ ਪ੍ਰਭਾਕਰ ਵੱਲੋਂ ਆਪਣੀ ਜਨਮ ਭੂਮੀ ਪਿੰਡ ਖੇੜੀ-ਜੱਟਾਂ ਨੂੰ ਵਿਕਾਸ ਤੇ ਤਰੱਕੀ ਵੱਲ ਲੈ ਜਾਣ ਲਈ ਆਪਣੇ ਅਸਰ ਰਸੂਖ ਦੀ ਖੁੱਲ ਕੇ ਵਰਤੋਂ ਕੀਤੀ। ਜਿਸ ਕਾਰਨ ਪਿੰਡ ਦਾ ਸਰਬ ਪੱਖੀ ਵਿਕਾਸ ਹੋਇਆ, ਕਹਿਰੀ ਅੱਖ ਨਾਲ ਹੀ ਨਜਰ ਪੈਂਦਾ ਹੈ। ਸਮਾਜ ਵਿੱਚ ਵਿਰਲੇ ਹੀ ਬੰਦੇ ਹੁੰਦੇ ਹਨ ਜਿਹੜੇ ਆਪਣੇ ਪਿੰਡ ਜਾਂ ਇਲਾਕੇ ਦੇ ਵਿਕਾਸ ਬਾਰੇ ਇੰਨੀ ਗੰਭੀਰਤਾ ਨਾਲ ਸੋਚਦੇ ਹਨ। ਮੈਨੂੰ ਖ਼ੁਸ਼ੀ ਹੈ ਕਿ ਮੇਰੇ ਵੱਡੇ ਵੀਰ ਫਤਿਹ ਪ੍ਰਭਾਕਰ ਨੂੰ ਇਸ ਗੱਲ ਦੀ ਵਧਾਈ ਕਿ ਉਹਨਾਂ ਨੇ ਆਪਣੀ ਜਨਮ ਭੂਮੀ ਲਈ ਸੁਹਿਦਰਤਾ ਦਿਖਾਈ ਹੈ।

*ਅਸ਼ੋਕ ਮੋਹਨ, ਰਿਟਾ. ਡੀ ਐੱਸ ਪੀ ਸੰਗਰੂਰ।*

## ਸੰਦੇਸ਼



ਪਿਛਲੇ ਲੰਮੇ ਅਰਸੇ ਤੋਂ ਮੇਰਾ ਵਾਹ ਸਮਾਜ ਸੇਵਾ ਦੇ ਕੰਮਾਂ ਵਿੱਚ ਰੁੱਝੇ ਰਹਿਣ ਵਾਲੇ ਸਮਾਜ ਸੇਵੀ ਫਤਿਹ ਪ੍ਰਭਾਕਰ ਨਾਲ ਰਿਹਾ ਹੈ। ਉਹਨਾਂ ਹਮੇਸ਼ਾ ਸਮਾਜ ਦੇ ਉਹਨਾਂ ਵਰਗਾਂ ਦੇ ਲੋਕਾਂ ਦੀ ਭਲਾਈ ਲਈ ਯਤਨ ਕੀਤੇ ਹਨ। ਜਿਹੜੇ ਕਿਸੇ ਨਾਂ ਕਿਸੇ ਕਾਰਨ ਆਰਥਿਕ ਜਾਂ ਸਮਾਜਿਕ ਪੱਖ ਤੋਂ ਪੱਛੜ ਗਏ ਹਨ। ਉਹਨਾਂ ਨੇ ਆਪਣੀ ਜਨਮ ਭੂਮੀ ਪਿੰਡ ਖੇੜੀ-ਜੱਟਾਂ ਵਿਖੇ ਪੇਂਡੂ ਬੱਚਿਆਂ ਨੂੰ ਖਾਸ ਕਰ ਕੁੜੀਆਂ ਨੂੰ ਸਮੇਂ ਦੇ ਹਾਣੀ ਬਨਾਉਣ ਲਈ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁੱਖ ਟਰੱਸਟੀ ਡਾ. ਪ੍ਰੋ ਐਸ.ਪੀ ਸਿੰਘ ਓਬਰਾਏ ਦੇ ਸਹਿਯੋਗ ਨਾਲ ਪਿੰਡ ਵਿਖੇ ਇੱਕ ਕੰਪਿਊਟਰ ਸੈਂਟਰ ਚਾਲੂ ਕਰਾਇਆ। ਜਿਥੋਂ ਪੇਂਡੂ ਖੇਤਰ ਦੇ ਬੱਚੇ ਕੰਪਿਊਟਰ ਦੀ ਮਿਆਰੀ ਸਿੱਖਿਆ ਹਾਸਲ ਕਰਕੇ ਆਪਣੇ ਪੈਰਾਂ ਤੇ ਖੜ੍ਹੇ ਹੋਣ ਦੇ ਯਤਨ ਕਰਦੇ ਹਨ। ਮੈਂ ਅਜਿਹੇ ਸਮਾਜ ਸੇਵੀ ਮਿੱਤਰ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸਲਾਘਾ ਕਰਦਾ ਹਾਂ।

*ਸੰਜੀਵ ਕੁਮਾਰ ਸੈਂਟੀ ਸੂਲਰ ਘਰਾਟ।*

## ਸੰਦੇਸ਼



ਵਿਧਾਨ ਸਭਾ ਹਲਕਾ ਧੂਰੀ ਦਾ ਛੋਟਾ ਜਿਹਾ ਪਿੰਡ ਖੇੜੀ-ਜੱਟਾਂ ਜਿਸ ਦੀ ਜਿਆਦਾ ਆਬਾਦੀ ਐਸ.ਸੀ, ਬੀ.ਸੀ, ਸਾਂਸੀ ਬਰਾਦਰੀ ਅਤੇ ਮੁਸਲਮਾਨ ਪਰਿਵਾਰ ਹਨ। ਆਬਾਦੀ ਪੱਖੋਂ ਛੋਟਾ ਪਿੰਡ ਉਸ ਪਿੰਡ ਨੂੰ ਸਮਾਜ ਸੇਵਕ ਫਤਿਹ ਪ੍ਰਭਾਕਰ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਸਹਿਯੋਗ ਨਾਲ ਵਿਲੱਖਣ ਅਤੇ ਨਮੂਨੇ ਦਾ ਪਿੰਡ ਬਣਾ ਦਿੱਤਾ ਹੈ। ਇਸ ਪਿੰਡ ਅੰਦਰ ਇੱਕ ਸਮਸ਼ਾਨਘਾਟ, ਇੱਕ ਗੁਰੂਘਰ, ਸੀਨੀਅਰ ਸੈਕੰਡਰੀ ਸਕੂਲ, ਪਿੰਡ ਅੰਦਰ ਕੰਪਿਊਟਰ ਸੈਂਟਰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਚਲਾਇਆ ਜਾ ਰਿਹਾ ਹੈ। ਹਰ ਗਲੀ ਨਾਲੀ ਪੱਕੀ ਹੋਣ ਕਾਰਨ ਮੀਂਹ ਦਾ ਪਾਣੀ ਵੀ ਬਰਸਾਤੀ ਨਾਲੇ ਤੱਕ ਪਾਇਪ ਲਾਇਨ ਪਾ ਕੇ ਭੇਜਿਆ ਗਿਆ ਹੈ। ਸੱਚ ਮੁੱਚ ਇਸ ਪਿੰਡ ਦਾ ਵਿਕਾਸ ਦੇਖ ਕੇ ਖ਼ੁਸ਼ੀ ਤੇ ਮਾਣ ਮਹਿਸੂਸ ਹੁੰਦਾ ਹੈ।

*ਕਾ. ਸੁਖਦੇਵ ਸ਼ਰਮਾ ਜ਼ਿਲ੍ਹਾ ਸਕੱਤਰ ਸੀ ਪੀ ਆਈ*

## ਸਹਿਯੋਗੀ ਸੱਜਣ



ਸੁਰਜੀਤ ਸਿੰਘ ਸਾਬਕਾ ਸਰਪੰਚ ਖੇੜੀ-ਜੱਟਾਂ, | ਬਲਵੀਰ ਸਿੰਘ | ਦਰਸ਼ਨ ਸਿੰਘ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ | ਰੋਸ਼ਨ ਲਾਲ ਪੂਨੀਆ | ਬਲਵਿੰਦਰ ਸਿੰਘ ਖੇੜੀ ਜੱਟਾਂ | ਰਾਮਪਾਲ ਗੋਇਲ



ਕ੍ਰਿਸ਼ਨਾ, ਕੰਪਿਊਟਰ ਅਪਰੇਟਰ

## ਘਰ ਦੀ ਰੌਣਕ



ਤਨਿਸ਼ ਗਰਗ

## ਸਨੇਹੀ ਸੱਜਣ



ਪਿੰਡ ਖੇੜੀ ਜੱਟਾਂ ਦੇ ਵਿਕਾਸ ਦੀ ਕਹਾਣੀ ਪਾਉਂਦਾ ਛੋਟਾ ਜਿਹਾ ਪਿੰਡ ਵਿਧਾਨ ਸਭਾ ਹਲਕਾ ਧੂਰੀ ਨੂੰ ਚਾਰ ਚੰਨ ਲਾਉਂਦਾ ਹੈ। ਇਸ ਦੇ ਵਿਕਾਸ ਲਈ ਸਮਾਜ ਸੇਵੀ ਫਤਿਹ ਪ੍ਰਭਾਕਰ ਦਾ ਵੱਡਾ ਯੋਗਦਾਨ ਹੈ।

*ਨਿਰਮਲ ਸਿੰਘ ਬਟਰਿਆਣਾ ਆਗੂ ਸੀ.ਪੀ.ਆਈ ਜਿਲ੍ਹਾ ਸੰਗਰੂਰ।*

# ਮਾਤਾ ਵਰਨਾ ਦੇਵੀ ਦੀ ਯਾਦ 'ਚ ਧਾਰਮਿਕ ਸਮਾਗਮ



**ਸੰਗਰੂਰ (ਪ੍ਰਵੀਨ ਸਿੰਘ)**-ਸਿੱਧ ਪੀਠ ਦੁਰਗਾ ਮੰਦਰ ਕਾਂਝਲਾ ਵਿਖੇ ਮਾਤਾ ਵਰਨਾ ਦੇਵੀ ਦੀ ਯਾਦ 'ਚ ਧਾਰਮਿਕ ਸਮਾਗਮ ਸਵਾਮੀ ਰਾਮ ਗਿਰ ਜੀ ਮਹਾਰਾਜ ਦੀ ਸਰਪ੍ਰਸਤੀ ਤੇ ਸਵਾਮੀ ਗਿਆਨਾ ਨੰਦ ਜੀ ਦੀ ਦੇਖ-ਰੇਖ ਹੇਠ ਬਡੀ ਸ਼ਰਧਾ ਤੇ ਸਤਿਕਾਰ ਨਾਲ ਕਰਵਾਇਆ ਗਿਆ। ਇਸ ਮੌਕੇ ਮਦ-ਭਗਵਤ ਪ੍ਰਾਣ ਦੇ ਪਾਠ ਦੇ ਭੋਗ ਪਾਏ ਗਏ। ਇਸੇ ਮੌਕੇ ਇਲਾਕੇ ਤੇ ਦੇਸ਼-ਵਿਦੇਸ਼ ਦੀਆਂ ਹਜ਼ਾਰਾਂ ਸੰਗਤਾਂ ਨੇ ਮੰਦਰ ਵਿਖੇ ਪਹੁੰਚ ਕੇ ਮੱਥਾ ਟੇਕਿਆ। ਮੰਦਰ ਦੇ ਮੁੱਖ ਸੇਵਾਦਾਰ ਸਵਾਮੀ ਰਾਮ ਗਿਰ ਜੀ ਮਹਾਰਾਜ ਨੇ ਸੰਗਤਾਂ ਨੂੰ ਪ੍ਰਵਚਨ ਕਰਦੇ ਹੋਏ ਨਾਮ-ਸਿਮਰਨ ਕਰਨ ਲਈ ਪ੍ਰੇਰਤ ਕੀਤਾ।

ਇਸ ਮੌਕੇ ਭਾਈ ਭੂਰਾ ਸਿੰਘ ਚੱਠਾ ਨੰਨਹੇੜਾ, ਭਾਈ ਸੁਖਦੇਵ ਰਾਮ ਸੁੱਖੀ ਲੱਡਾ ਵਾਲੇ, ਭਾਈ ਬਲਵਿੰਦਰ ਸਿੰਘ ਜਖਲਾਂ ਵਾਲੇ, ਭਾਈ ਰਾਜ ਸਿੰਘ, ਭਾਈ ਜੱਗਾ ਸਿੰਘ ਕੱਕੜਵਾਲ, ਭਾਈ ਮੁਖਤਿਆਰ ਸਿੰਘ ਭੈਣੀ ਵਾਲਿਆਂ ਵੱਲੋਂ ਜਿੱਥੇ ਸੰਗਤਾਂ ਨੂੰ ਮਾਤਾ ਵਰਨਾ ਦੇਵੀ ਜੀ ਦਾ ਇਤਿਹਾਸ ਸੁਣਾਇਆ, ਉਥੇ ਭਾਈ ਗੁਰਵਿੰਦਰ ਸਿੰਘ ਮੱਖਣ ਖੇੜੀ ਵਾਲਿਆਂ ਦੇ ਜਥੇ ਨੇ ਸੰਗਤਾਂ ਨੂੰ ਕਵਿਸ਼ਰੀ ਰਾਹੀਂ ਭਗਵਾਨ ਕ੍ਰਿਸ਼ਨ ਤੇ ਸੁਦਾਮੇ ਦੇ ਜੀਵਨ 'ਤੇ ਕਵਿਤਾ ਸੁਣਾ ਕੇ ਕਵਿਸ਼ਰੀ ਜਥੇ ਵੱਲੋਂ ਸੰਗਤਾਂ ਨੂੰ ਝੂਮਣ ਲਈ ਮਜਬੂਰ ਕਰ ਦਿੱਤਾ।

ਇਸ ਮੌਕੇ ਮਹਾਰਾਸ਼ਟਰ ਤੋਂ ਡਾ. ਇੰਦੂ ਗਰਗ ਆਈ ਏ ਐੱਸ, ਡਾ. ਮੋਹਿਤ ਗਰਗ ਆਈ ਪੀ ਐੱਸ, ਮਾਸਟਰ ਬੁੱਧ ਰਾਮ ਕਾਂਝਲਾ, ਸਾਬਕਾ ਚੇਅਰਮੈਨ ਮੁਨੀਸ਼ ਕੁਮਾਰ ਧੂਰੀ, ਉੱਘੇ ਸਮਾਜਸੇਵੀ ਭਗਵੰਤ ਰਾਏ ਜੋਸ਼ੀ, ਬਾਬੂ ਬ੍ਰਿਜ ਲਾਲ ਸ਼ਰਮਾ, ਹੈੱਡ ਮਾਸਟਰ ਜਸਵੀਰ ਸਿੰਘ ਜੱਸੀ, ਜਥੇਦਾਰ ਦਰਸ਼ਨ ਸਿੰਘ ਕਲੇਰ ਕਾਂਝਲਾ, ਸੁਰੇਸ਼ ਕੁਮਾਰ ਗਰਗ, ਕੁਲਦੀਪ ਸਰਮਾ, ਰਾਕੇਸ ਕੁਮਾਰ ਗਰਗ, ਮੱਖਣ ਸ਼ਰਮਾ, ਮਹੇਸ਼ਇੰਦਰਪਾਲ ਸਿੰਘ, ਰਾਜੀਵ ਜਿੰਦਲ ਤੇ ਹੋਰ ਇਲਾਕੇ ਦੀਆਂ ਮੋਹਤਵਰ ਸ਼ਖਸੀਅਤਾਂ ਨੇ ਹਾਜ਼ਰੀਆਂ ਭਰੀਆਂ। ਇਸ ਮੌਕੇ ਜਲੇਬੀਆਂ ਤੇ ਖੀਰ ਦੇ ਲੰਗਰ ਵੀ ਲਗਾਏ ਗਏ।

# ਸੰਗਰੂਰ ਤੋਂ ਵਰਿੰਦਾਵਨ ਧਾਮ ਲਈ ਯਾਤਰਾ ਰਵਾਨਾ



**ਸੰਗਰੂਰ (ਪ੍ਰਵੀਨ ਸਿੰਘ)**-ਸਰਬ ਸਾਂਝੀ ਸੇਵਾ ਸੁਸਾਇਟੀ ਸੰਗਰੂਰ ਵੱਲੋਂ ਵਰਿੰਦਾਵਨ ਧਾਮ ਦੀ ਯਾਤਰਾ ਸਥਾਨਕ ਸੇਖੂ ਪੁਰਾ ਸੁਨਾਮੀ ਗੇਟ ਤੋਂ ਪੂਰਨ ਚੰਦ ਸ਼ਰਮਾ ਮੀਤ ਪ੍ਰਧਾਨ, ਰੋਬਿਨ ਪਾਹਵਾ ਤੇ ਪੰਕਜ ਬਾਵਾ ਦੀ ਅਗਵਾਈ ਵਿੱਚ ਰਵਾਨਾ ਕੀਤਾ ਗਿਆ। ਪ੍ਰਸਿੱਧ ਸਮਾਜ ਸੇਵੀ ਸ਼ਿਵ ਆਰੀਆ ਚੇਅਰਮੈਨ ਕੈਂਬਰਿਜ ਇੰਟਰਨੈਸ਼ਨਲ ਸਕੂਲ ਨੇ ਇਸ ਯਾਤਰਾ ਨੂੰ ਝੰਡੀ ਦੇ ਕੇ ਜੈਕਾਰਿਆਂ ਨਾਲ ਰਵਾਨਾ ਕੀਤਾ। ਇਸ ਸਮੇਂ ਉਨ੍ਹਾ ਨਾਲ ਸੁਸਾਇਟੀ ਦੇ ਸਰਪ੍ਰਸਤ ਸਰਬਜੀਤ ਸਿੰਘ ਰੇਖੀ, ਡਾਕਟਰ ਦਿਨੇਸ਼ ਗਰੋਵਰ, ਵਰਿੰਦਰਜੀਤ ਸਿੰਘ ਬਜਾਜ, ਸੁਰਿੰਦਰ ਪਾਲ ਸਿੰਘ ਸਿਦਕੀ, ਡਾਕਟਰ ਨਰਿੰਦਰ ਸਿੰਘ ਹਾਜ਼ਰ ਸਨ। ਰੇਖੀ ਨੇ ਦੱਸਿਆ ਕਿ ਸਰਬ ਸਾਂਝੀ ਸੇਵਾ ਸੁਸਾਇਟੀ ਵੱਲੋਂ ਧਾਰਮਿਕ ਯਾਤਰਾਵਾਂ ਤੇ ਸਰਬੱਤ ਦੇ ਭਲੇ ਦੇ ਕਾਰਜ ਕੀਤੇ ਜਾਂਦੇ ਹਨ। ਪੂਰਨ ਚੰਦ ਸ਼ਰਮਾ ਨੇ ਕਿਹਾ ਕਿ ਇਸ ਯਾਤਰਾ ਪ੍ਰਤੀ ਸੰਗਤਾਂ ਵਿੱਚ ਕਾਫ਼ੀ ਉਤਸ਼ਾਹ ਪਾਇਆ ਗਿਆ ਹੈ। ਉਨ੍ਹਾ ਕਿਹਾ ਕਿ ਇਸ ਯਾਤਰਾ ਰਾਹੀਂ ਵਰਿੰਦਾਵਨ ਧਾਮ, ਬਾਂਕੇ ਬਿਹਾਰੀ ਦਰਸ਼ਨ, ਰਾਧਾ ਵਲਭ, ਰਾਧਾ ਮਦਨ ਮੋਹਨ, ਕ੍ਰਿਸ਼ਨ ਜਨਮ ਭੂਮੀ, ਮਥੁਰਾ, ਨਿਧੀਵਨ, ਪ੍ਰੇਮ ਮੰਦਿਰ, ਇਸਕੌਨ ਮੰਦਿਰ, ਰਮਨ ਰੇਤੀ, ਚੌਰਾਸੀ ਖੰਬਾ, ਬਰਸਾਨਾ, ਨੰਦ ਗਾਓਂ ਆਦਿ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਏ ਜਾਣਗੇ ਤੇ ਇਹ ਯਾਤਰਾ 01 ਅਪ੍ਰੈਲ ਨੂੰ ਵਾਪਸ ਸੰਗਰੂਰ ਪਰਤੇਗੀ। ਇਸ ਮੌਕੇ ਰਜਿੰਦਰ ਛਾਬੜਾ, ਜਤਿਨ ਗਰੋਵਰ, ਸ਼ਸ਼ੀ ਸ਼ਰਮਾ, ਜੋਗਿੰਦਰ ਸਿੰਘ, ਜਸਪਾਲ ਸਿੰਘ ਖਾਲਸਾ, ਸੰਦੀਪ ਕੁਮਾਰ, ਲੱਕੀ ਠਾਕੁਰ, ਵਿਜੈ ਲਕਸ਼ਮੀ, ਕੀਰਤੀ ਬਾਂਗੀਆ ਆਦਿ ਹਾਜ਼ਰ ਸਨ।

# ਸਿਫ਼ਤ ਸਮਰਾ ਨੇ 50 ਮੀਟਰ 'ਚ ਕਾਂਸੀ ਦਾ ਤਮਗਾ ਜਿੱਤਿਆ

### ਸ਼ਹਿਰ ਪਹੁੰਚਣ 'ਤੇ ਸਿਫਤ ਦਾ ਭਰਵਾਂ ਸਵਾਗਤ ਤੇ ਸਨਮਾਨ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**

ਫ਼ਰੀਦਕੋਟ ਜ਼ਿਲ੍ਹੇ ਦੀ ਉੱਭਰਦੀ ਨਿਸ਼ਾਨੇਬਾਜ਼ ਸਿਫ਼ਤ ਕੌਰ ਸਮਰਾ ਨੇ ਭੂਪਾਲ ਵਿਖੇ ਆਈ.ਐੱਸ.ਐੱਸ.ਐੱਫ਼. ਰਾਈਫ਼ਲ/ ਪਿਸਟਲ ਵਿਸ਼ਵ ਕੱਪ 'ਚ ਪ੍ਰੇਰਣਾਨਤਮਕ ਪ੍ਰਦਰਸ਼ਨ ਕਰਦੇ ਹੋਏ ਮਹਿਲਾਵਾਂ ਦੀ 50 ਮੀਟਰ ਰਾਈਫ਼ਲ 3 ਪੁਜ਼ੀਸ਼ਨ 'ਚ ਕਾਂਸੀ ਦਾ ਤਮਗਾ ਜਿੱਤ ਕੇ ਫ਼ਰੀਦਕੋਟ, ਆਪਣੇ ਮਾਤਾ ਰਮਨੀਕ ਕੌਰ ਸਮਰਾ, ਪਿਤਾ ਪਵਨਦੀਪ ਸਮਰਾ, ਆਪਣੀ ਕੋਚ ਸੁਖਰਾਜ ਕੌਰ, ਪੰਜਾਬ ਤੇ ਭਾਰਤ ਦਾ ਨਾਮ ਸੰਸਾਰ ਭਰ 'ਚ ਰੌਸ਼ਨ ਕੀਤਾ ਹੈ। ਇਸ ਮੁਕਾਬਲੇ 'ਚ ਚੀਨ ਦੇ ਝਾਂਗ ਕਿਯੋਂਗਯੁਵੇ ਨੇ ਸੋਨ ਤਮਗਾ ਜਿੱਤਿਆ। ਮੌਜੂਦਾ ਰਾਸ਼ਟਰੀ ਚੈਂਪੀਅਨ ਸਿਫ਼ਤ ਕੌਰ ਸਮਰਾ ਰੈਂਕਿੰਗ ਦੇ ਦੌਰ 'ਚ ਕੁੱਲ 403.9 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਇਸ ਮੁਕਾਬਲੇ 'ਚ ਝਾਂਗ ਕਿਯੋਂਗਯੁਵ ਨੇ 414 ਅੰਕਾਂ ਨਾਲ ਪਹਿਲਾ, ਚੈੱਕ ਗਣਰਾਜ ਦੀ ਅਨੇਤਾ ਬ੍ਰਾਬਕੋਵਾ ਨੇ 411.3 ਨਾਲ ਦੂਜਾ ਤੇ ਸਿਫ਼ਤ ਕੌਰ ਸਮਰਾ ਨੇ 403.9 ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ ਹੈ। ਜ਼ਿਕਰਯੋਗ ਹੈ ਕਿ ਕੌਮਾਂਤਰੀ ਪੱਧਰ 'ਤੇ ਸਿਫ਼ਤ ਕੌਰ ਸਮਰਾ ਦਾ ਇਹ 7 ਤਮਗਾ ਹੈ। ਇਸ ਤੋਂ ਪਹਿਲਾਂ ਜੂਨੀਅਰ ਵਿਸ਼ਵ ਕੱਪ 'ਚ ਸਿਫ਼ਤ ਕੌਰ ਪੰਜ ਤਮਗੇ ਜਿੱਤ ਚੁੱਕੀ ਹੈ ਤੇ ਸੀਨੀਅਰ ਵਿਸ਼ਵ ਕੱਪ 'ਚ ਟੀਮ ਮੈਡਲ ਜਿੱਤ ਚੁੱਕੀ ਹੈ। ਇਸ ਮੌਕੇ ਹਲਕੇ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਸਿਫ਼ਤ ਕੌਰ ਸਮਰਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਬੇਟੀਆਂ ਦੀ ਮਾਰਗ ਦਰਸ਼ਕ ਬਣ ਗਈ ਹੈ। ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ ਨੇ ਉਚੇਚੇ ਤੌਰ 'ਤੇ ਸਿਫ਼ਤ ਕੌਰ ਸਮਰਾ ਨੂੰ ਇਸ ਵਿਲੱਖਣ ਪ੍ਰਾਪਤੀ 'ਤੇ ਵਧਾਈ ਦਿੱਤੀ। ਵਿਸ਼ਵ ਕੱਪ 'ਚ ਕਾਂਸੀ ਦਾ ਤਮਗਾ ਜਿੱਤਣ ਤੋਂ ਬਾਅਦ ਸਿਫ਼ਤ ਕੌਰ ਸਮਰਾ ਦਾ ਰੇਲਵੇ ਸਟੇਸ਼ਨ 'ਤੇ ਸ਼ਹਿਰ ਵਾਸੀਆਂ ਨੇ ਸਿਫ਼ਤ ਕੌਰ ਸਮਰਾ ਦਾ ਭਰਵਾਂ ਸੁਆਗਤ ਕੀਤਾ। ਇਸ ਮੌਕੇ ਨਗਰ ਸੁਧਾਰ ਟਰੱਸਟ ਫ਼ਰੀਦਕੋਟ ਦੇ ਚੇਅਰਮੈਨ ਗੁਰਤੇਜ ਸਿੰਘ ਖੋਸਾ, ਆਮ ਅਦਾਮੀ ਪਾਰਟੀ ਦੇ ਆਗੂ ਵਿਪਨ ਲਾਂਬਾ, ਸੁਧੀਰ ਕੁਮਾਰ ਧੀਰਾ, ਜਗਤਾਰ ਸਿੰਘ ਨੰਗਲ ਨੇ ਸਮਰਾ ਪਰਵਾਰ ਦੇ ਗ੍ਰਹਿ ਪਹੁੰਚ ਕੇ ਸਿਫ਼ਤ ਕੌਰ ਸਮਰਾ ਦਾ ਸਨਮਾਨ ਕੀਤਾ। ਇਸ ਮੌਕੇ ਚੇਅਰਮੈਨ ਗੁਰਤੇਜ ਸਿੰਘ ਖੋਸਾ ਨੇ ਕਿਹਾ ਕਿ ਸਿਫ਼ਤ ਕੌਰ ਸਮਰਾ ਦੀ ਹਰ ਸੰਭਵ ਸਹਾਇਤਾ ਲਈ ਉਹ ਸਰਕਾਰ ਨੂੰ ਮਿਲ ਕੇ ਹਰ ਸੰਭਵ ਯਤਨ ਕਰਨਗੇ।

# ਪ੍ਰੀਮੀਅਰ ਪਬਲਿਕ ਸਕੂਲ ਦਾ ਨਤੀਜਾ ਐਲਾਨਿਆ




**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**

ਪ੍ਰੀਮੀਅਰ ਪਬਲਿਕ ਸਕੂਲ ਚੁਪਕੀ (ਸਮਾਣਾ) ਵਿਖੇ ਬੱਚਿਆਂ ਦਾ ਸਾਲਾਨਾ ਨਤੀਜਾ ਘੋਸ਼ਿਤ ਕੀਤਾ ਗਿਆ, ਜਿਸ ਵਿੱਚ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਆਉਣ ਵਾਲੇ ਬੱਚਿਆਂ ਨੂੰ ਸਕੂਲ ਵੱਲੋਂ ਪੁਰਸਕਾਰ ਦਿੱਤੇ ਗਏ। ਸਕੂਲ ਪ੍ਰਬੰਧਕ ਕਮੇਟੀ ਤੇ ਸਮੂਹ ਸਟਾਫ ਵੱਲੋਂ ਬੱਚਿਆਂ ਨੂੰ ਚੰਗੇ ਨਤੀਜੇ ਆਉਣ 'ਤੇ ਵਧਾਈਆਂ ਦਿੱਤੀਆਂ ਗਈਆਂ। ਇਸ ਸਾਲ ਨਤੀਜੇ ਪਿਛਲੇ ਸਾਲਾਂ ਤੋਂ ਜ਼ਿਆਦਾ ਚੰਗੇ ਰਹੇ। ਬੱਚਿਆਂ ਨੂੰ ਭਵਿੱਖ ਵਿੱਚ ਹੋਰ ਚੰਗੇਰੇ ਨਤੀਜੇ ਆਉਣ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ ਗਈਆਂ। ਇਸ ਸਮੇਂ ਕੀਤੇ ਗਏ ਪ੍ਰਬੰਧ ਦੀ ਮਾਪਿਆਂ ਵੱਲੋਂ ਪ੍ਰਸੰਸਾ ਕੀਤੀ ਗਈ।

# ਨੌਜਵਾਨਾਂ ਨੂੰ ਖੇਡਾਂ ਨਾਲ ਜੋੜ ਕੇ ਨਸ਼ਿਆਂ ਤੋਂ ਬਚਾਇਆ ਜਾ ਸਕਦਾ : ਬੇਦੀ, ਨਾਗਰਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਗੁਰੂ ਗੋਬਿੰਦ ਸਿੰਘ ਸਟੇਡੀਅਮ 'ਚ 'ਦੀ ਸਮਰਾਲਾ ਹਾਕੀ ਕਲੱਬ' ਵੱਲੋਂ ਹਾਕੀ ਦੀ ਪ੍ਰੈਕਟਿਸ ਕਰਨ ਵਾਲੇ ਨੌਜਵਾਨ ਖਿਡਾਰੀਆਂ ਨੂੰ ਸਟਿੱਕਾਂ ਤੇ ਗੇਂਦਾਂ ਭੇਟ ਕੀਤੀਆਂ ਗਈਆਂ। ਇਸ ਮੌਕੇ ਕਲੱਬ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਬੇਦੀ ਤੇ ਸਰਪ੍ਰਸਤ ਗੁਰਨਾਮ ਸਿੰਘ ਨਾਗਰਾ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਖੇਡ ਮੈਦਾਨਾਂ ਨਾਲ ਜੋੜਨਾ ਪਵੇਗਾ। ਉਨ੍ਹਾ ਕਿਹਾ ਕਿ ਦੇਖਣ ਵਿੱਚ ਆਉਂਦਾ ਹੈ ਕਿ ਜ਼ਿਆਦਾਤਰ ਨੌਜਵਾਨਾਂ ਕੋਲ ਖੇਡਣ ਲਈ ਖੇਡ ਉਪਕਰਣਾਂ ਦੀ ਵੱਡੀ ਘਾਟ ਹੁੰਦੀ ਹੈ, ਜਿਸ ਵੱਲ ਸਰਕਾਰਾਂ ਕੋਈ ਖਾਸ ਧਿਆਨ ਨਹੀਂ ਦੇ ਰਹੀਆਂ। ਉਨ੍ਹਾਂ ਸਮਾਜਸੇਵੀਆਂ ਤੇ ਨੌਜਵਾਨ ਚਿੰਤਕਾਂ ਨੂੰ ਅਪੀਲ ਕੀਤੀ ਕਿ ਉਹ ਆਪੋ-ਆਪਣੇ ਇਲਾਕਿਆਂ 'ਚ ਨੌਜਵਾਨਾਂ ਨੂੰ ਖੇਡ ਮੈਦਾਨਾਂ ਨਾਲ ਜੋੜ ਕੇ ਉਨ੍ਹਾਂ ਨੂੰ ਲੋੜੀਂਦੇ ਉਪਕਰਣ ਮੁਹੱਈਆ ਕਰਵਾਉਣ ਤਾਂ ਜੋ ਉਹ ਕੁਰਾਹੇ ਪੈਣ ਬਚ ਸਕਣ। ਉਨ੍ਹਾਂ ਕਿਹਾ ਕਿ ਸੰਸਥਾ ਵੱਲੋਂ ਪਹਿਲਕਦਮੀ ਕਰਦੇ ਹੋਏ ਇਸ ਤੋਂ ਪਹਿਲਾਂ ਪਿੰਡ ਮੁੰਡੀਆਂ ਕਲਾਂ ਵਿਖੇ ਲੜਕੀਆਂ ਨੂੰ ਹਾਕੀ ਖੇਡ ਨਾਲ ਜੋੜਨ ਦੇ ਮੰਤਵ ਨਾਲ ਹਾਕੀ ਸਟਿੱਕਾਂ ਤੇ ਗੇਂਦਾਂ ਵੰਡੀਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਇਹ ਉਪਰਾਲਾ ਲਗਾਤਾਰ ਇਸੇ ਤਰ੍ਹਾਂ ਜਾਰੀ ਰਹੇਗਾ। ਉਕਤ ਆਗੂਆਂ ਨੇ ਮਾਛੀਵਾੜਾ ਸਾਹਿਬ ਦੇ ਖੇਡ ਮੈਦਾਨ ਵਿੱਚ ਨੌਜਵਾਨਾਂ ਨੂੰ ਹਾਕੀ ਦੀ ਪ੍ਰੈਕਟਿਸ ਕਰਵਾਉਣ ਵਾਲੇ ਕੋਚ ਗਿਆਨ ਸਿੰਘ ਤੇ ਕੋਚ ਗੁਰਚਰਨ ਸਿੰਘ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਮਹਾਨ ਵਿਅਕਤੀਆਂ ਅੱਗੇ ਸਿਰ ਝੁੱਕਦਾ ਹੈ, ਜੋ ਆਪਣੇ ਕੀਮਤੀ ਸਮੇਂ ਦੀ ਪ੍ਰਵਾਹ ਨਾ ਕਰਦੇ ਹੋਏ ਬਿਨਾਂ ਕਿਸੇ ਲਾਲਚ ਤੇ ਭੇਦ-ਭਾਵ ਦੇ ਨੌਜਵਾਨਾਂ ਨੂੰ ਹਾਕੀ ਖੇਡਣਾ ਸਿਖਾ ਰਹੇ ਹਨ।

ਅੰਤ ਵਿੱਚ ਚਰਨ ਕੰਵਲ ਸਪੋਰਟਸ ਕਲੱਬ ਮਾਛੀਵਾੜਾ ਦੇ ਪ੍ਰਧਾਨ ਜਸਪਾਲ ਸਿੰਘ ਜੱਜ ਵੱਲੋਂ ਨੌਜਵਾਨਾਂ ਨੂੰ ਹਾਕੀਆਂ ਭੇਟ ਕਰਨ ਲਈ ਸਮੂਹ ਹਾਕੀ ਕਲੱਬ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਰੁਪਿੰਦਰ ਸਿੰਘ ਗਿੱਲ, ਅਮਨ ਗੁਪਤਾ, ਰੁਪਿੰਦਰ ਸਿੰਘ ਓਟਾਲ, ਅੰਮ੍ਰਿਤਪਾਲ ਸਮਰਾਲਾ, ਸੁਰਿੰਦਰ ਸਿੰਘ, ਐਡਵੋਕੇਟ ਬਲਵਿੰਦਰ ਸਿੰਘ ਤੱਖੀ ਤੇ ਖਿਡਾਰੀ ਹਾਜ਼ਰ ਸਨ।

31-MAR-PAGE-5.qxd 3/30/2023 10:27 PM Page 2







# ਇਤਿਹਾਸਕ ਦਮੜੀ ਸ਼ੋਭਾ ਯਾਤਰਾ 'ਤੇ ਹੁਸ਼ਿਆਰਪੁਰ ਵਿਸ਼ੇਸ਼ ਸਪਲੀਮੈਂਟ

## ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇਕ ਸੁਸਾਇਟੀ (ਰਜਿ.) ਪੰਜਾਬ



ਸੰਤ ਸਰਵਣ ਦਾਸ ਜੀ ਬੋਹਣ
ਚੇਅਰਮੈਨ

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥
ਨਾਮੁ ਤੇਰੋ ਆਰਤੀ ਮਜਨੁ ਮਰਾਰੇ ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥

ਇਤਿਹਾਸਕ ਦਮੜੀ ਸ਼ੋਭਾ ਯਾਤਰਾ ਚੂਹੜਵਾਲੀ ਤੋਂ ਹਰਿਦੁਆਰ ਤੱਕ 31 ਮਾਰਚ ਸ਼ੁੱਕਰਵਾਰ ਸਵੇਰੇ 8.00 ਵਜੇ ਹੁੰਮ ਹੁਮਾ ਪਹੁੰਚੋ।

### ਪ੍ਰੋਗਰਾਮ

1 ਅਪ੍ਰੈਲ ਸ਼ੋਭਾ ਯਾਤਰਾ ਹਰਿਦੁਆਰ ਵਿਖੇ ਅਤੇ ਗੰਗਾ ਇਸ਼ਨਾਨ
2 ਅਪ੍ਰੈਲ ਸ੍ਰੀ ਅਖੰਡ ਪਾਠ ਸਾਹਿਬ, ਭੋਗ ਤੋਂ ਉਪਰੰਤ ਸੰਤ ਸਮਾਗਮ



ਸੰਤ ਨਿਰਮਲ ਦਾਸ ਜੀ ਬਾਬੇ ਜੌੜੇ
ਪ੍ਰਧਾਨ



ਸੰਤ ਇੰਦਰ ਦਾਸ ਸੇਖੇ
ਜਨਰਲ ਸਕੱਤਰ



ਸੰਤ ਪ੍ਰਮਜੀਤ ਦਾਸ ਨਗਰ
ਕੈਸ਼ੀਅਰ



ਮਹੰਤ ਪ੍ਰਸ਼ੋਤਮ ਲਾਲ
ਸਹਾਇਕ ਕੈਸ਼ੀਅਰ



ਸੰਤ ਕ੍ਰਿਪਾਲ ਦਾਸ ਭਾਰਟਾ
ਪ੍ਰਚਾਰ ਸਕੱਤਰ



ਸੰਤ ਬਲਵੰਤ ਸਿੰਘ
ਮੀਤ ਪ੍ਰਧਾਨ



ਸੰਤ ਸਰਵਣ ਦਾਸ
ਸੀਨੀ. ਮੀਤ ਪ੍ਰਧਾਨ



ਸੰਤੋਸ਼ ਕੁਮਾਰੀ
ਬਿਲਡਿੰਗ ਇੰਚਾਰਜ



ਸੰਤ ਧਰਮ ਪਾਲ
ਸਟੇਜ ਸਕੱਤਰ



ਸੰਤ ਜਗੀਰ ਸਿੰਘ



ਸੰਤ ਮਨਜੀਤ ਦਾਸ
ਹਿਮਾਚਲ



ਸੰਤ ਪ੍ਰਮੇਸ਼ਵਰੀ ਦਾਸ
ਮੈਂਬਰ



ਸੰਤ ਰਮੇਸ਼ ਦਾਸ
ਪ੍ਰਚਾਰ ਸਕੱਤਰ



ਸੰਤ ਸਤਵਿੰਦਰ ਹੀਰਾ



ਸੰਤ ਬੀਬੀ ਕੁਲਦੀਪ ਕੌਰ
ਮੈਹਨਾ



ਸੰਤ ਰਾਜੇਸ਼ ਦਾਸ
ਬਜਵਾੜਾ



ਬਲਕਾਰ ਸਿੰਘ
ਤੱਗੜ ਬਡਾਲਾ



ਸੰਤ ਕੁਲਦੀਪ ਦਾਸ
ਬਸੀ ਮਰੂਫ



ਸੰਤ ਮਨਜੀਤ ਦਾਸ
ਵਿਛੋਹੀ



ਓਮ ਪ੍ਰਕਾਸ਼ ਰਾਣਾ
ਮੀਡੀਆ ਇੰਚਾਰਜ



ਸੰਤ ਸੰਤੋਖ ਦਾਸ
ਭਾਰਟਾ



ਸੰਤ ਬੀਬੀ ਪੂਨਮ ਹੀਰਾ

**ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ (ਰਜਿ.) ਚੂਹੜਵਾਲੀ (ਜਲੰਧਰ)**
**(ਸੀ ਬੀ ਐੱਸ ਈ ਮਾਨਤਾ ਪ੍ਰਾਪਤ)**

## ਸ੍ਰੀ ਚਰਨਛੋਹ ਗੰਗਾ ਸੱਚਖੰਡ ਸ੍ਰੀ ਖੁਰਾਲਗੜ੍ਹ ਸਾਹਿਬ

ਵਿਖੇ 11 ਅਪ੍ਰੈਲ ਮਹਾਤਮਾ ਜੋਤੀਬਾ ਰਾਓ ਫੂਲੇ ਜਨਮ ਦਿਨ, 12-13 ਅਪ੍ਰੈਲ 'ਅੰਮ੍ਰਿਤ-ਧਾਰਾ' ਪ੍ਰਗਟ ਦਿਵਸ, 14 ਅਪ੍ਰੈਲ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਵਸ ਸਮਾਗਮਾਂ 'ਤੇ ਹੁੰਮ-ਹੁਮਾ ਕੇ ਪਹੁੰਚੋ

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਅਤੇ ਕੌਮ ਦੇ ਮਹਾਨ ਰਹਿਬਰ ਬਾਬੂ ਮੰਗੂ ਰਾਮ ਮੂਗੋਵਾਲੀਆ, ਮਹਾਤਮਾ ਜੋਤੀਬਾ ਰਾਓ ਫੂਲੇ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ, ਬਾਬੂ ਕਾਂਸ਼ੀ ਰਾਮ ਦੇ ਸੁਪਨਿਆਂ ਨੂੰ ਪੂਰਾ ਕਰਨ, ਬੇਗ਼ਮਪੁਰਾ ਵਸਾਉਣ, ਸਮਾਜਿਕ, ਆਰਥਿਕ ਤੇ ਰਾਜਨੀਤਕ ਪਰਿਵਰਤਨ ਦੀ ਲਹਿਰ ਨੂੰ ਮਜ਼ਬੂਤ ਕਰਨ ਲਈ



ਸੰਤ ਸਰਵਣ ਦਾਸ ਜੀ



ਸੰਤ ਸੁਰਿੰਦਰ ਦਾਸ
ਪ੍ਰਧਾਨ ਸ੍ਰੀ ਚਰਨਛੋਹ ਗੰਗਾ ਖੁਰਾਲਗੜ੍ਹ ਸਾਹਿਬ

"ਆਲ ਇੰਡੀਆ ਆਦਿ ਧਰਮ ਮਿਸ਼ਨ ਰਜਿ. ਭਾਰਤ"
ਦੇ ਮੈਂਬਰ ਬਣੋ

### "ਆਦਿ ਧਰਮ ਗੁਰੂ"

### ਸੰਤ ਸਰਵਣ ਦਾਸ ਜੀ ਸਲੇਮ ਟਾਬਰੀ ਲੁਧਿਆਣਾ



ਸੰਤ ਸਤਵਿੰਦਰ ਹੀਰਾ
ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ



**ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ**

### ਕਾਸ਼ੀ, ਬਨਾਰਸ, ਸ੍ਰੀ ਚਰਨਛੋਹ ਗੰਗਾ ਸੱਚਖੰਡ ਸ੍ਰੀ ਖੁਰਾਲਗੜ੍ਹ ਸਾਹਿਬ

# ਗੁਰੂ ਰਵਿਦਾਸ ਇਤਿਹਾਸਕ ਅਸਥਾਨ ਖੋਜਕਰਤਾ ਬਾਬਾ ਬੰਤਾ ਰਾਮ ਘੇੜਾ



ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਜਾਤ ਪਾਤ ਤੇ ਛੂਆ ਛਾਤ ਮਿਟਾਉਣ ਲਈ ਕ੍ਰਾਂਤੀਕਾਰੀ ਬਾਣੀ ਰਚਣ ਅਤੇ ਸਮੇਂ ਦੇ ਹਾਕਮਾਂ ਨਾਲ ਮੱਥਾ ਲਾਉਣ ਤੋਂ ਇਲਾਵਾ ਆਦਿ ਸੱਚ ਦੀ ਬਾਣੀ ਦਾ ਉਪਦੇਸ਼ ਦਿੰਦੇ ਹੋਏ ਪੂਰੇ ਭਾਰਤ ਵਿੱਚ ਉਦਾਸੀਆਂ ਕੀਤੀਆਂ। ਜਿੱਥੇ-ਜਿੱਥੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਸੰਗਤਾਂ ਨੂੰ ਨਾਮਬਾਣੀ ਦਾ ਉਪਦੇਸ਼ ਦਿੰਦੇ ਗਏ ਉਨ੍ਹਾਂ ਇਤਹਿਾਸਕ ਅਸਥਾਨਾਂ ਦੀ ਖੋਜ ਕਰਕੇ ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਬਾਨੀ ਬਾਬਾ ਬੰਤਾ ਰਾਮ ਘੇੜਾ ਨੇ ਜੀਵਨ ਭਰ ਦੀਆਂ ਖੋਜਾਂ ਤੋਂ ਬਾਅਦ ਕੌਮ ਦੇ ਸਪੁੱਰਦ ਕੀਤੇ। ਬਾਬਾ ਬੰਤਾ ਰਾਮ ਘੇੜਾ ਵੱਲੋਂ ਖੋਜੇ ਗਏ ਤੱਥਾਂ ਮੁਤਾਬਕ ਇਨ੍ਹਾਂ ਉਦਾਸੀਆਂ ਦੌਰਾਨ ਸਤਿਗੁਰੂ ਰਵਿਦਾਸ ਜੀ ਨੇ 1515 ਈਸਵੀ ਨੂੰ ਪੰਜਾਬ ਦੀ ਯਾਤਰਾ ਕੀਤੀ। ਬਾਬਾ ਬੰਤਾ ਰਾਮ ਘੇੜਾ ਨੇ ਮਈ 1964 'ਚ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਸੀਰ ਗਵਰਧਨਪੁਰ ਕਾਂਸ਼ੀ ਬਨਾਰਸ ਦੀ ਖੋਜ, 1983 'ਚ ਇਤਿਹਾਸਕ ਧਰਮ ਅਸਥਾਨ ਖੁਰਾਲੀ, ਸ੍ਰੀ ਚਰਨਛੋਹ ਗੰਗਾ (ਅੰਮ੍ਰਿਤਕੁੰਡ) ਸੱਚਖੰਡ ਖੁਰਾਲਗੜ ਸਾਹਿਬ, ਇਤਿਹਾਸਕ ਧਰਮ ਅਸਥਾਨ ਪਹਾੜੀ ਚੱਪਲੀ ਸਾਹਿਬ, ਇਤਿਹਾਸਕ ਧਰਮ ਅਸਥਾਨ ਸੱਚਖੰਡ ਨਾਲਚਾ ਸਾਹਿਬ, ਮੱਧ ਪ੍ਰਦੇਸ਼, ਇਤਿਹਾਸਕ ਧਰਮ ਅਸਥਾਨ ਜੂਨਾਗੜ ਸਾਹਿਬ ਅਤੇ ਕਈ ਹੋਰ ਅਸਥਾਨ ਜੀਵਨ ਭਰ ਦੀ ਖੋਜ ਕਰਕੇ ਕੌਮ ਦੇ ਸਪੁੱਰਦ ਕੀਤੇ। ਇਥੇ ਜਿਕਰਯੋਗ ਹੈ ਕਿ 1983 'ਚ ਗੁਰੂ ਰਵਿਦਾਸ ਗੁਰਪੁਰਬ ਕਾਂਸ਼ੀ ਬਨਾਰਸ ਵਿਖੇ ਮਨਾਇਆ ਗਿਆ ਤਾਂ ਰਾਤ ਸਮੇਂ ਮਿਸ਼ਨ ਦੇ ਖੋਜੀ ਬਾਬਾ ਬੰਤਾ ਰਾਮ ਘੇੜਾ ਨੇ ਸੁਰਿਦਰ ਦਾਸ ਦੀ ਸਾਥੀ ਮਿਸਟਰ ਭਾਰਦਵਾਜ ਲਈ ਚਾਹ ਪਿਲਾਉਣ ਦੀ ਸੇਵਾ ਲਗਾਈ ਤਾਂ ਸੁਰਿੰਦਰ ਦਾਸ ਨੂੰ ਕਿਹਾ ਕਿ ਅਲਮਾਰੀ ਵਿੱਚੋਂ ਕਿਤਾਬ ਕੱਢ ਕੇ ਪੜ੍ਹ ਲਓ। ਜਦੋਂ ਸੁਰਿੰਦਰ ਦਾਸ ਨੇ ਕਿਤਾਬ ਪੜ੍ਹੀ ਤਾਂ ਉਸ ਵਿੱਚ ਖੁਰਾਲੀ ਬਾਰੇ ਇਤਿਹਾਸ ਦਰਜ ਸੀ, ਜਿਸ 'ਤੇ ਸੁਰਿੰਦਰ ਦਾਸ ਨੇ ਬਾਬਾ ਬੰਤਾ ਰਾਮ ਘੇੜਾ ਨੂੰ ਦੱਸਿਆ ਕਿ ਖੁਰਾਲੀ ਮੇਰੇ ਰਿਸ਼ਤੇਦਾਰਾਂ ਦਾ ਪਿੰਡ ਹੈ ਉਥੇ ਇਹ ਗੰਗਾ ਹੈ ਜਿਸ ਨੂੰ ਸੂਈਂ ਕਹਿੰਦੇ ਹਨ। ਸੰਤ ਸੋਹਣ ਲਾਲ ਮਹੇ ਪ੍ਰਚਾਰਕ ਨੂੰ ਸੰਤ ਸੁਰਿੰਦਰ ਦਾਸ ਨਾਲ ਇਤਿਹਾਸਕ ਤੱਥਾਂ ਦੀ ਜਾਣਕਾਰੀ ਲਈ ਖੁਰਾਲੀ ਭੇਜਿਆ ਤਾਂ ਇਥੇ ਦੇ ਬਜੁਰਗਾਂ ਤੋਂ ਬਹੁਤ ਸਾਰੇ ਇਤਿਹਾਸਕ ਤੱਥ ਸਾਹਮਣੇ ਆਏ। ਬਾਬਾ ਬੰਤਾ ਰਾਮ ਘੇੜਾ ਤੇ ਉਨ੍ਹਾਂ ਦੀ ਟੀਮ ਨੇ ਲੰਮੀ ਖੋਜ ਤੋਂ ਬਾਅਦ ਸ੍ਰੀ ਚਰਨਛੋਹ ਗੰਗਾ ਸੱਚਖੰਡ ਖੁਰਾਲਗੜ ਦੀ ਖੋਜ ਕਰਕੇ ਕੌਮ ਦੇ ਸਪੁੱਰਦ ਕੀਤੀ। "ਆਦਿ ਧਰਮ ਗੁਰੂ" ਸੰਤ ਸਰਵਣ ਦਾਸ ਜੀ ਦੀ ਸਰਪ੍ਰਸਤੀ ਹੇਠ, ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਦੀ ਅਗਵਾਈ ਹੇਠ, ਸੰਤ ਜਗਵਿੰਦਰ ਲਾਂਬਾ, ਸੰਤ ਜੋਗਿੰਦਰਪਾਲ ਜੌਹਰੀ, ਸੰਤ ਸੁਖਮਿੰਦਰ ਸਿੰਘ ਭੱਟੀ, ਸੰਤ ਸੁਰਿੰਦਰ ਦਾਸ ਪ੍ਰਧਾਨ ਸ੍ਰੀ ਚਰਨਛੋਹ ਗੰਗਾ, ਸੰਤ ਬਲਵੀਰ ਧਾਂਦਰਾ ਜਨਰਲ ਸਕੱਤਰ ਸ੍ਰੀ ਚਰਨਛੋਹ ਗੰਗਾ, ਸੰਤ ਰਾਮ ਰਤਨ, ਸੰਤ ਗਿਰਧਾਰੀ ਲਾਲ ਆਦਿ ਵੱਲੋਂ ਬਾਬਾ ਬੰਤਾ ਰਾਮ ਘੇੜਾ ਵਲੋਂ ਕੀਤੀਆਂ ਖੋਜਾਂ ਨੂੰ ਜਾਰੀ ਰੱਖਦਿਆਂ ਲੈਂਡ ਆਫ ਆਲੋਰਾ ਟੂਟੋ ਕੋਰੀਨ (ਤਾਮਿਲਨਾਡੂ), ਸੱਚਖੰਡ ਲੋਹਟਣੀਆਂ (ਬਿਹਾਰ) ਅਮਝਰਾਕੁੰਡ ਲਲਿਤਪੁਰ (ਯੂ.ਪੀ.), ਕੂੰਡੀ ਸਹਿਬ ਕਸਬਾ ਮਾਂਡੂ ਜ਼ਿਲ੍ਹਾ ਧਾਰ (ਐਮ ਪੀ), ਸੱਚਖੰਡ ਡੰਡੇ ਅਟਾਰੀ (ਪੰਜਾਬ) ਦੀਆਂ ਖੋਜਾਂ ਕੀਤੀਆਂ। ਇਤਿਹਾਸ ਅਨੁਸਾਰ ਆਪਣੀ ਦੂਜੀ ਯਾਤਰਾ ਦੌਰਾਨ 1515 ਈਸਵੀ ਦੌਰਾਨ ਸਤਿਗੁਰੂ ਰਵਿਦਾਸ ਜੀ ਪਹਾੜੀ ਰਾਜੇ ਬੈਨ ਸਿੰਘ ਦੀ ਰਿਆਸਤ ਅਧੀਨ ਪੈਂਦੇ ਪਿੰਡ ਖੁਰਾਲੀ ਪੁੱਜੇ ਜੋ ਕਿ ਮੌਜੂਦਾ ਸਮੇਂ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਦੇ ਬੀਤ 'ਚ ਪੈਂਦੇ ਅਸਥਾਨ ਸ੍ਰੀ ਚਰਨਛੋਹ ਗੰਗਾ (ਅੰਮ੍ਰਿਤਕੁੰਡ) ਸੱਚਖੰਡ ਖੁਰਾਲਗੜ ਸਾਹਿਬ ਕਿਹਾ ਜਾਂਦਾ ਹੈ, ਜਿੱਥੇ ਸਤਿਗੁਰੂ ਰਵਿਦਾਸ ਜੀ 4 ਸਾਲ, 2 ਮਹੀਨੇ ਅਤੇ 11 ਦਿਨ ਆਸ ਪਾਸ ਦੇ ਇਲਾਕੇ ਵਿੱਚ ਵਿੱਚਰ ਕੇ ਸੰਗਤਾਂ ਨੂੰ ਨਾਮਬਾਣੀ ਨਾਲ ਜੋੜਦੇ ਸਨ। ਸਤਿਗੁਰੂ ਰਵਿਦਾਸ ਜੀ ਨੂੰ ਇਥੇ ਆਉਣ ਲਈ ਉਨ੍ਹਾਂ ਦੀ ਪਰਮ ਭਗਤ ਚਿਤੌੜਗੜ ਦੀ ਰਾਣੀ ਮੀਰਾਂ ਬਾਈ ਨੇ ਵਿਸ਼ੇਸ਼ ਬੇਨਤੀ ਕੀਤੀ ਸੀ, ਜਿਸ ਦਾ ਮੁੱਖ ਕਾਰਨ ਰਾਜਾ ਬੈਨ ਸਿੰਘ ਮੀਰਾਂ ਬਾਈ ਦਾ ਮਾਸੜ ਲਗਦਾ ਸੀ ਤੇ ਉਹ ਸਾਧੂ ਸੰਤਾਂ ਨੂੰ ਫੜਕੇ ਆਪਣੇ ਕੈਦਖਾਨੇ ਵਿੱਚ ਸੁੱਟ ਦਿੰਦਾ ਸੀ। ਇੱਥੇ ਆ ਕੇ ਸਤਿਗੁਰੂ ਜੀ ਨੇ ਸੰਗਤਾਂ ਨੂੰ ਪ੍ਰਭੂ ਭਗਤੀ ਦਾ ਉਪਦੇਸ਼ ਦਿੰਦਿਆਂ ਮਨੁੱਖਤਾ ਨਾਲ ਪਿਆਰ ਕਰਨ ਦੀ ਪ੍ਰੇਰਨਾ ਕੀਤੀ। ਉਨ੍ਹਾਂ ਕਿਹਾ ਅਕਾਲਪੁਰਖ ਦੇ ਪੈਦਾ ਕੀਤੇ ਹੋਏ ਮਨੁੱਖ ਸਾਰੇ ਬਰਾਬਰ ਹਨ ਕੋਈ ਉਚਾ ਕੋਈ ਨੀਵਾਂ ਨਹੀਂ ਹੈ, ਇਨਸਾਨ ਦੀ ਕੋਈ ਜਾਤ-ਪਾਤ ਨਹੀਂ ਹੁੰਦੀ ਸਾਰੇ ਮਨੁੱਖ ਬਰਾਬਰ ਹਨ। ਰਾਜਾ ਬੈਨ ਸਿੰਘ ਹਿੰਦੂ ਧਰਮ ਦਾ ਕੱਟੜ ਅਨੁਆਈ ਸੀ ਤੇ ਲੋਕ ਉਸ ਨੂੰ ਰਿਸ਼ੀ ਮੰਨਦੇ ਸਨ। ਜਦੋਂ ਸਤਿਗੁਰੂ ਰਵਿਦਾਸ ਜੀ ਨੇ ਇਥੇ ਰੂਹਾਨੀਅਤ ਰਾਹੀਂ ਇੰਸਾਨੀਅਤ ਦਾ ਪ੍ਰਚਾਰ ਕੀਤਾ ਤਾਂ ਰਾਜੇ ਦੇ ਅਹਿਲਕਾਰਾਂ ਨੇ ਰਾਜਾ ਬੈਨ ਸਿੰਘ ਨੂੰ ਇਸ ਦੀ ਸ਼ਿਕਾਇਤ ਕੀਤੀ ਕਿ ਇੱਥੇ ਇੱਕ ਸਾਧੂ ਲੋਕਾਂ ਨੂੰ ਇਕੱਠੇ ਕਰਕੇ ਆਪ ਜੀ ਖਿਲਾਫ ਭੜਕਾ ਰਿਹਾ ਹੈ ਤਾਂ ਰਾਜੇ ਬੈਨ ਸਿੰਘ ਨੇ ਗੁਰੂ ਰਵਿਦਾਸ ਜੀ ਨੂੰ ਕੈਦ ਕਰਕੇ ਚੱਕੀ ਪੀਸਣ ਦਾ ਹੁਕਮ ਸੁਣਾ ਦਿੱਤਾ। ਰਾਜੇ ਦੇ ਅਹਿਲਕਾਰਾਂ ਨੇ ਗੁਰੂ ਜੀ ਨੂੰ ਜੇਲ੍ਹ ਵਿੱਚ ਬੰਦ ਕਰਕੇ ਖਰਾਸ ਪੀਸਣ ਦਾ ਹੁਕਮ ਦਿੱਤਾ ਤਾਂ "ਰਵਿਦਾਸ ਠਾਕੁਰ ਬਣ ਆਈ"ਖਰਾਸ, ਚੱਕੀਆਂ ਆਪੇ ਹੀ ਚੱਲਣ ਲੱਗ ਪਏ। ਅਹਿਲਕਾਰਾਂ ਨੇ ਇਹ ਕੌਤਕ ਦੇਖ ਕੇ ਰਾਜੇ ਨੂੰ ਕਿਹਾ ਕਿ ਜਿਸ ਨੂੰ ਤੁਸੀਂ ਕੈਦ ਕਰਕੇ ਸਜਾ ਦਿੱਤੀ ਹੈ ਉਹ ਤਾਂ ਕੋਈ ਪੈਗੰਬਰ, ਭਗਾਵਨ, ਠਾਕੁਰ, ਰੱਬ ਹੈ ਕਿਉਂਕਿ ਜੇਲ੍ਹ ਵਿੱਚ ਖਰਾਸ ਤੇ ਚੱਕੀਆਂ ਆਪਣੇ ਆਪ ਹੀ ਚੱਲ ਰਹੀਆਂ ਹਨ। ਇਹ ਸੁਣਕੇ ਰਾਜਾ ਨੰਗੇ ਪੈਰੀ ਕੈਦਖਾਨੇ ਵੱਲ ਦੌੜਿਆਂ ਤਾਂ ਦੇਖਿਆ ਕਿ ਗੁਰੂ ਜੀ ਕੈਦਖਾਨੇ ਤੋਂ ਬਾਹਰ ਸਮਾਧੀ ਲਗਾਕੇ ਬੈਠੇ ਹਨ ਅਤੇ ਚੱਕੀਆਂ ਆਪਣੇ ਆਪ ਚੱਲ ਰਹੀਆਂ ਹਨ। ਇਹ ਸਾਰਾ ਕੌਤਕ ਦੇਖ ਕੇ ਰਾਜਾ ਗੁਰੂ ਜੀ ਦੇ ਚਰਨੀ ਪੈ ਗਿਆ ਅਤੇ ਕਿਹਾ ਕਿ ਮੈਨੂੰ ਬਖਸ਼ ਕਰ ਦਿਉ ਮੇਰੇ ਤੋਂ ਭੁੱਲ ਹੋ ਗਈ ਹੈ। ਗੁਰੂ ਜੀ ਨੇ ਰਾਜੇ ਨੂੰ ਬਖਸ਼ ਦਿੱਤਾ ਅਤੇ ਰਾਜਾ ਗੁਰੂ ਜੀ ਨੂੰ ਬੜੇ ਅਦਬ ਸਤਿਕਾਰ ਨਾਲ ਹਾਥੀ 'ਤੇ ਬਿਠਾ ਕੇ ਆਪਣੇ ਮਹਿਲਾਂ ਵਿੱਚ ਲੈ ਗਿਆ। ਪਹਾੜੀ ਏਰੀਆ ਹੋਣ ਕਰਕੇ ਪਾਣੀ ਦੀ ਬਹੁਤ ਕਿੱਲਤ ਸੀ, ਰਾਜੇ ਦੇ ਅਹਿਲਕਾਰਾਂ ਨੇ ਰਾਜੇ ਨੂੰ ਕਿਹਾ ਕਿ ਰੱਬ ਆਪਣੇ ਘਰ ਵਿੱਚ ਆਇਆ ਹੋਇਆ ਹੈ ਇਸ ਲਈ ਗੁਰੂ ਜੀ ਨੂੰ ਬੇਨਤੀ ਕਰੋ ਕਿ ਪਾਣੀ ਦੀ ਬਖਸ਼ਿਸ਼ ਕਰ ਦਿਓ। ਰਾਜੇ ਦੇ ਅਹਿਲਕਾਰਾਂ ਅਤੇ ਰਾਜੇ ਨੇ ਗੱਲ ਵਿੱਚ ਪੱਲਾ ਪਾਕੇ ਸਤਿਗੁਰੂ ਰਵਿਦਾਸ ਮਹਾਰਾਜ ਨੂੰ ਬੇਨਤੀ ਕੀਤੀ ਕਿ ਮੇਰੇ ਇਲਾਕੇ ਵਿੱਚ ਜਲ ਦੀ ਬਹੁਤ ਕਿੱਲਤ ਹੈ ਆਪਜੀ ਸਾਡੇ ਤੇ ਕ੍ਰਿਪਾ ਕਰੋ। ਗੁਰੂ ਜੀ ਰਾਜੇ ਦੀ ਗੱਲ ਮੰਨ ਕੇ ਉਥੋਂ ਚੱਲ ਪਏ ਤੇ ਢਾਈ ਕੁ ਮੀਲ ਅੱਗੇ ਆ ਕੇ ਇੱਕ ਭਾਰੀ ਪੱਥਰ ਕੋਲ ਰੁੱਕ ਗਏ ਅਤੇ ਕਹਿਣ ਲੱਗੇ ਅਹਿ ਰਾਜਨ ਤੂੰ ਬੜਾ ਬਲਵਾਨ ਹੈ ਇਸ ਪੱਥਰ ਨੂੰ ਹਟਾਦੇ। ਇਤਿਹਾਸ





ਗਵਾ ਹੈ ਕਿ ਪੱਥਰ ਟੱਸ ਤੋਂ ਮੱਸ ਨਹੀਂ ਹੋਇਆ। "ਗੰਗਾ ਜਮਨਾ ਗੋਦਾਵਰੀ ਸੁਸਵਤੀ ਉੱਧਮ ਕਰਿਹ ਸਾਧੂ ਕੀ ਤਾਂਈ" ਸਤਿਗੁਰੂ ਰਵਿਦਾਸ ਜੀ ਨੇ ਆਪਣੇ ਸੱਜੇ ਪੈਰ ਦੇ ਅੰਗੂਠੇ ਨਾਲ ਪੱਥਰ ਨੂੰ ਛੂਹਕੇ ਗੰਗਾ ਪ੍ਰਗਟ ਕੀਤੀ ਜੋ ਕਿ ਅੱਜ ਵੀ ਨਿਰੰਤਰ ਚੱਲ ਰਹੀ ਹੈ। ਜਿਕਰਯੋਗ ਹੈ ਕਿ 2006 ਵਿੱਚ ਲਾਲਾ ਮਹਿੰਦਰ ਪਾਲ ਚੁੰਬਰ ਪਿੰਡ ਮੀਰਪੁਰ ਜੱਟਾਂ ਨੇ 306 ਕਨਾਲ ਅੱਠ ਮਰਲੇ ਜ਼ਮੀਨ ਖ੍ਰੀਦ ਕੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਂਅ 'ਤੇ ਆਲ ਇੰਡੀਆ ਆਦਿ ਧਰਮ ਮਿਸ਼ਨ 4698 ਨਿਸ਼ਾਨ ਦੌਰੀ, ਰੱਬੀਂ, ਆਰ ਦੇ ਨਾਂਅ 'ਤੇ ਰਜਿਸਟਰੀ ਕਰਵਾ ਦਿੱਤੀ ਸੀ। ਉਸ ਸਮੇਂ ਆਲ ਇੰਡੀਆ ਆਦਿ ਧਰਮ ਮਿਸ਼ਨ ਦੀ ਚੇਅਰਪਰਸਨ ਬੀਬੀ ਅਮਰ ਕੌਰ ਘੇੜਾ ਅਤੇ ਰਾਸ਼ਟਰੀ ਪ੍ਰਧਾਨ ਅਮਰਜੀਤ ਗੁਰੂ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਨਿਯੁਕਤ ਕੀਤੀ ਗਈ ਜਿਸ ਦੇ ਪ੍ਰਧਾਨ ਤੋਤਾ ਰਾਮ, ਜਨਰਲ ਸਕੱਤਰ ਸੂਬੇਦਾਰ ਰਾਮ ਆਸਰਾ, ਕੈਸ਼ੀਅਰ ਸੁਰਿੰਦਰ ਫੌਜੀ, ਸੰਤ ਸੁਰਿੰਦਰ ਦਾਸ ਸਲਾਹਕਾਹ, ਸੰਤ ਗਿਰਧਾਰੀ ਲਾਲ ਆਦਿ ਨਿਯੁਕਤ ਕੀਤੇ ਗਏ। ਸੰਤ ਸਤਵਿੰਦਰ ਹੀਰਾ ਜੋ ਵਿਦੇਸ਼ਾਂ ਵਿੱਚ ਆਪਣਾ ਕਾਰੋਬਾਰ ਕਰਦੇ ਸਨ 2009 ਵਿੱਚ ਸੰਤ ਬਲਵੀਰ ਧਾਂਦਰਾ, ਪ੍ਰਚਾਰਕ ਬਲਵੀਰ ਮਹੇ ਦੀ ਪ੍ਰੇਰਨਾ ਨਾਲ ਇਥੇ ਆਏ ਜਿਨ੍ਹਾਂ ਨੇ ਆ ਕੇ ਦੇਖਿਆ ਕਿ ਸਤਿਗੁਰੂ ਰਵਿਦਾਸ ਜੀ ਉਪਰ ਕਾਂਨਿਆਂ ਦੀ ਕੁੱਲੀ ਪਾਈ ਹੋਈ ਹੈ, ਇਹ ਦੇਖ ਕੇ ਉਨ੍ਹਾਂ ਦੇ ਮਨ ਨੂੰ ਭਾਰੀ ਠੇਸ ਲੱਗੀ। ਸੰਤ ਹੀਰਾ ਨੇ ਉਸੇ ਸਮੇਂ ਪ੍ਰਣ ਕਰ ਲਿਆ ਕਿ ਬਾਕੀ ਦਾ ਜੀਵਨ ਸਤਿਗੁਰੂ ਰਵਿਦਾਸ ਜੀ ਦੇ ਮਿਸ਼ਨ ਦੇ ਪ੍ਰਚਾਰ ਤੇ ਪ੍ਰਸਾਰ ਲਈ ਅਰਪਣ ਕਰ ਦੇਣਾ ਹੈ। 31 ਜਨਵਰੀ 2010 ਨੂੰ ਬਨਾਰਸ ਕਾਂਸ਼ੀ ਵਿਖੇ ਭਾਰੀ ਇਕੱਠ ਵਿੱਚ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਸੈਂਟਰ ਕਮੇਟੀ ਦੀ ਚੋਣ ਹੋਈ ਜਿਸ ਵਿੱਚ ਕਮਲੇਸ਼ ਕੌਰ ਘੇੜਾ ਨੂੰ ਚੇਅਰਪਰਸਨ, ਸੰਤ ਸਤਵਿੰਦਰ ਹੀਰਾ ਨੂੰ ਰਾਸ਼ਟਰੀ ਪ੍ਰਧਾਨ, ਅਮਿਤ ਕੁਮਾਰ ਪਾਲ ਨੂੰ ਰਾਸ਼ਟਰੀ ਕੈਸ਼ੀਅਰ ਚੁਣਿਆ ਗਿਆ। 2011 ਵਿੱਚ ਪ੍ਰਧਾਨ ਤੋਤਾ ਰਾਮ ਸ੍ਰੀ ਚਰਨਛੋਹ ਗੰਗਾ ਨੇ ਸੰਤ ਸਤਵਿੰਦਰ ਹੀਰਾ ਨੂੰ ਕਿਹਾ ਕਿ ਮੈਂ ਘੱਟ ਪੜ੍ਹਿਆ ਹਾਂ ਮੇਰੇ ਕੋਲੋਂ ਹਿਸਾਬ-ਕਿਤਾਬ ਨਹੀਂ ਦੇਖਿਆ ਜਾਂਦਾ ਪ੍ਰਧਾਨ ਜੀ ਤੁਸੀਂ ਕੋਈ ਹੋਰ ਪ੍ਰਧਾਨ ਬਣਾਕੇ ਗੁਰੂਘਰ ਦੇ ਕੰਮ ਨੂੰ ਪਾਰਦਰਸ਼ੀ ਢੰਗ ਨਾਲ ਚਲਾਓ। ਸੰਤ ਸਤਵਿੰਦਰ ਹੀਰਾ ਨੇ ਸੰਤ ਸੁਰਿੰਦਰ ਦਾਸ ਨੂੰ ਕਿਹਾ ਕਿ ਤੁਸ਼ੀ ਇਹ ਅਹਿਮ ਜ਼ਿੰਮੇਵਾਰੀ ਨਿਭਾਓ। ਇਸ ਤਰ੍ਹਾਂ ਸੰਤ ਸੁਰਿੰਦਰ ਦਾਸ ਨੂੰ ਗੁਰੂਘਰ ਸ੍ਰੀ ਚਰਨਛੋਹ ਗੰਗਾ ਦਾ ਪ੍ਰਧਾਨ ਅਤੇ ਤੋਤਾ ਰਾਮ ਨੂੰ ਚੇਅਰਮੈਨ ਨਿਯੁਕਤ ਕਰ ਦਿੱਤਾ। ਸੰਤ ਸਰਵਣ ਦਾਸ ਜੀ ਸਲੇਮਟਾਵਰੀ ਲੁਧਿਆਣਾ ਵਿਖੇ ਸੰਤ ਜਸਵੰਤ ਦਾਸ ਰਾਵਲਪਿੰਡੀ ਅਤੇ ਦੋ ਹੋਰਾਂ ਨਾਲ ਆਲ ਇੰਡੀਆ ਆਦਿ ਧਰਮ ਮਿਸ਼ਨ ਨੂੰ ਬੁਲੰਦੀਆਂ 'ਤੇ ਲਿਜਾਉਣ ਵਾਸਤੇ ਵਿਚਾਰ-ਵਟਾਂਦਰਾ ਕੀਤਾ ਗਿਆ।

ਸੰਤ ਸਰਵਣ ਦਾਸ ਜੀ ਨੂੰ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੀ ਪੁਰਜੋਰ ਅਪੀਲ ਤੇ ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਕੌਮੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਵੱਲੋਂ 31 ਦਸੰਬਰ 2022 ਨੂੰ ਸੰਤਾਂ, ਮਹਾਂਪੁਰਸ਼ਾਂ, ਲੱਖਾਂ ਲੋਕਾਂ ਦੀ ਹਾਜ਼ਰੀ ਵਿੱਚ "ਆਦਿ ਧਰਮ ਗੁਰੂ" ਦੀ ਉਪਾਧੀ ਨਾਲ ਨਿਵਾਜਿਆ ਗਿਆ, ਜਿਸਦਾ ਸੰਗਤਾਂ ਨੇ "ਬੋਲੇ ਸੋ ਨਿਰਭੈ ਸਤਿਗੁਰੂ ਰਵਿਦਾਸ ਮਹਾਰਾਜ ਜੀ ਕੀ ਜੈ" ਦੇ ਆਕਾਸ਼ ਗੂੰਜਦੇ ਨਾਅਰਿਆਂ ਨਾਲ ਭਰਪੂਰ ਸਵਾਗਤ ਕੀਤਾ। ਸ੍ਰੀ ਚਰਨਛੋਹ ਗੰਗਾ ਅਤੇ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਦੀ ਟੀਮ ਵਿੱਚ ਕਮਲੇਸ਼ ਕੌਰ ਘੇੜਾ ਚੇਅਰਪਰਸਨ, ਸੰਤ ਇੰਦਰ ਦਾਸ ਸੇਖੇ, ਅਮਿਤ ਕੁਮਾਰ ਪਾਲ ਕੌਮੀ ਕੈਸ਼ੀਅਰ, ਵਰਿੰਦਰ ਬੰਗਾ ਰਾਸ਼ਟਰੀ ਜਨਰਲ ਸਕੱਤਰ, ਗਿਆਨ ਚੰਦ ਦੀਵਾਲੀ ਪੰਜਾਬ ਪ੍ਰਧਾਨ, ਸੰਤ ਬਲਵੀਰ ਧਾਂਦਰਾ, ਸੰਤ ਜਸਵੰਤ ਦਾਸ ਰਾਵਲਪਿੰਡੀ, ਸੰਤ ਬੀਬੀ ਰੇਸ਼ਮ ਕੌਰ ਕਮਾਲਪੁਰ, ਅਜੀਤ ਰਾਮ ਖੈਤਾਨ, ਨਾਜਰ ਰਾਮ, ਪ੍ਰਚਾਰਕ ਬਲਵੀਰ ਮਹੇ, ਰਾਮ ਕਿਸ਼ਨ ਪੱਲੀ ਝਿੱਕੀ, ਸੰਤ ਜਗਤਾਰ ਸਿੰਘ ਬਰਨਾਲਾ ਪ੍ਰਚਾਰਕ, ਭਾਈ ਗੁਰਜੀਤ ਲਹਿਰਾ ਪ੍ਰਚਾਰਕ, ਮੇਜਰ ਸਿੰਘ ਘਟਾਰੋਂ, ਸੰਤ ਤੀਰਥ ਸਮਰਾ, ਸੰਤ ਚਰਨਦਾਸ ਮਾਂਗਟ, ਸੰਤ ਹਰਬੰਸ ਸਿੰਘ, ਸੰਤ ਸੋਹਣ ਲਾਲ ਲਾਧੂਕੇ ਮੰਡੀ, ਸੰਤ ਦਿਆਲ ਚੰਦ ਬੰਗਾ, ਬੀਰ ਚੰਦ ਸੁਰੀਲਾ, ਸੰਤ ਗਿਰਧਾਰੀ ਲਾਲ, ਸੰਤ ਕਰਮ ਚੰਦ, ਮਨਜੀਤ ਮੁਗੋਵਾਲੀਆ, ਯੂਥ ਪ੍ਰਧਾਨ ਨਰਿੰਦਰਪਾਲ ਸਿੰਘ, ਕਮਲ ਜਨਾਗਲ, ਜਗਦੀਸ਼ ਦੀਸ਼ਾ ਸਮੇਤ ਸੈਂਕੜੇ ਬੁੱਧੀਜੀਵੀ ਸੇਵਾ ਮੁਕਤ ਗਜਟਿਡ ਅਫਸਰ ਸ਼ਾਮਲ ਹਨ। ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਵਲੋਂ "ਆਦਿ ਧਰਮ ਗੁਰੂ" ਸੰਤ ਸਰਵਣ ਦਾਸ ਜੀ ਦੀ ਯੋਗ ਅਗਵਾਈ ਹੇਠ, ਸੰਤ ਸਤਵਿੰਦਰ ਹੀਰਾ ਦੀ ਪ੍ਰਧਾਨਗੀ, ਸੰਤ ਸੁਰਿੰਦਰ ਦਾਸ ਦੇ ਵਿਸ਼ੇਸ਼ ਸਹਿਯੋਗ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਵੱਖ ਵੱਖ ਹਿੱਸਿਆਂ ਵਿੱਚ ਬਾਬਾ ਬੰਤਾ ਰਾਮ ਘੇੜਾ ਵਲੋਂ ਸਤਿਗੁਰੂ ਰਵਿਦਾਸ ਜੀ ਦੇ ਚਰਨਛੋਹ ਅਸਥਾਨਾਂ ਦੀ ਕੀਤੀ ਖੋਜ ਅਤੇ ਨਵੇਂ ਅਸਥਾਨਾਂ ਦੀ ਖੋਜ ਕਰਕੇ ਉਨ੍ਹਾਂ ਦਾ ਪੁਨਰ ਨਿਰਮਾਣ ਅਤੇ ਸਾਂਭ-ਸੰਭਾਲ ਦੇ ਕਾਰਜ ਬਾਖੂਬੀ ਚੱਲ ਰਹੇ ਹਨ।



ਗਿਆਨ ਚੰਦ ਦੀਵਾਲੀ ਪੰਜਾਬ
ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ
98148-59362



ਓ ਪੀ ਰਾਣਾ
90419-83112

"ਉਪਜਿਓ ਗਿਆਨ ਹੂਆ ਪ੍ਰਗਾਸ" "ਮਾਧੋ ਅਵਿੱਦਿਆ ਹਿਤ ਕੀਨ ਵਿਵੇਕ ਦੀਪ ਮਲੀਨ" ਗਿਆਨ, ਪੜ੍ਹਾਈ, ਵਿੱਦਿਆ ਤੋਂ ਬਿਨਾਂ ਤਰਕ ਦਲੀਲ ਦੇ ਸਾਰੇ ਦੀਵੇ ਬੁੱਝ ਜਾਂਦੇ ਹਨ ਤੇ ਮਨੁੱਖ ਅਗਿਆਨਤਾ ਦੇ ਹਨੇਰੇ ਵਿੱਚ ਗੁਲਾਮੀ ਦਾ ਜੀਵਨ ਬਸਰ ਕਰਦਾ ਹੈ। ਇਸ ਲਈ ਹਰ ਮਨੁੱਖ ਦਾ ਗਿਆਨਵਾਨ ਭਾਵ ਸਿੱਖਿਅਤ ਹੋਣਾ ਬਹੁਤ ਜ਼ਰੂਰੀ ਹੈ। ਜਦੋਂ ਮਨੁੱਖ ਸਿੱਖਿਅਤ ਹੁੰਦਾ ਹੈ ਤਾਂ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਭਾਰਤੀ ਸੰਵਿਧਾਨ ਦੇ ਨਿਰਮਾਤਾ, ਭਾਰਤ ਰਤਨ, ਨਾਰੀ ਮੁਕਤੀ ਦਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਕਥਨਾਂ ਅਨੁਸਾਰ "ਪੜ੍ਹੋ, ਜੁੜੋ ਤੇ ਸ਼ੰਘਰਸ਼ ਕਰੋ" ਦੇ ਮਾਰਗ 'ਤੇ ਚੱਲ ਕੇ ਆਪਣੇ ਬੱਚਿਆਂ, ਖਾਸ ਕਰਕੇ ਧੀਆਂ ਨੂੰ ਵੱਧ ਤੋਂ ਸਿੱਖਿਅਤ ਕਰੋ। ਗੁਰੂ ਰਵਿਦਾਸ ਸਾਧੂ ਸੰਪ੍ਰਦਾਇਕ ਸੁਸਾਇਟੀ (ਰਜਿ.) ਪੰਜਾਬ ਵਲੋਂ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ (ਰਜਿ.) ਚੂਹੜਵਾਲੀ ਸੀ ਬੀ ਐਸ ਈ+2 ਅਤੇ ਸ੍ਰੀ ਚਰਨਛੋਹ ਗੰਗਾ ਵਿਖੇ ਬਣਨ ਵਾਲੇ ਵਿਸ਼ਾਲ ਵਿੱਦਿਆ ਦੇ ਮਨਾਰੇ ਆਪ ਸਭ ਦਾ ਭਰਪੂਰ ਸਵਾਗਤ ਕਰਦੇ ਹਨ।



## ਸੰਤੋਸ਼ ਕੁਮਾਰੀ

**ਪ੍ਰਧਾਨ ਨਾਰੀ ਸ਼ਕਤੀ ਫਾਊਂਡੇਸ਼ਨ ਭਾਰਤ**

31-march-PAGE-4.qxd 3/30/2023 10:46 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 31 ਮਾਰਚ 2023

# ਨਫਰਤੀ ਭਾਸ਼ਣਾਂ ਬਾਰੇ ਸੁਪਰੀਮ ਕੋਰਟ ਸਖ਼ਤ

*ਹਿੰਦੂਤਵੀ ਸੰਗਠਨਾਂ ਦੇ ਆਗੂਆਂ ਤੇ ਧਰਮ ਦੇ ਠੇਕੇਦਾਰਾਂ ਵੱਲੋਂ ਨਫਰਤੀ ਭਾਸ਼ਣਾਂ ਦੀਆਂ ਕਾਰਵਾਈਆਂ ਰੁਕਣ ਦਾ ਨਾਂਅ ਨਹੀਂ ਲੈ ਰਹੀਆਂ। ਜਦੋਂ ਵੀ ਕੋਈ ਚੋਣ ਨੇੜੇ ਆਉਂਦੀ ਹੈ ਤਾਂ ਇਹ ਸਿਲਸਿਲਾ ਹੋਰ ਤੇਜ਼ ਹੋ ਜਾਂਦਾ ਹੈ। ਭਾਜਪਾ ਦੇ ਸੱਤਾਧਾਰੀ ਹੋਣ ਤੋਂ ਬਾਅਦ ਅਧਿਕਾਰੀ ਦਬਾਅ ਵਿੱਚ ਰਹਿੰਦੇ ਹੋਏ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਤੋਂ ਹਿਚਕਚਾਉਂਦੇ ਰਹਿੰਦੇ ਹਨ।*

*ਬੀਤੇ ਬੁੱਧਵਾਰ ਸੁਪਰੀਮ ਕੋਰਟ ਵੱਲੋਂ ਹੇਟ ਸਪੀਚ ਦੇ ਮਾਮਲਿਆਂ ਵਿੱਚ ਅਧਿਕਾਰੀਆਂ ਵੱਲੋਂ ਕਾਰਵਾਈ ਨਾ ਕਰਨ ਲਈ ਡੂੰਘੀ ਚਿੰਤਾ ਪ੍ਰਗਟ ਕੀਤੀ ਗਈ ਹੈ। ਅਦਾਲਤ ਨੇ ਕਿਹਾ ਕਿ ਹਰ ਰੋਜ਼ ਟੀ ਵੀ ਤੇ ਜਨਤਕ ਸਟੇਜਾਂ ਤੋਂ ਨਫਰਤ ਫੈਲਾਉਣ ਵਾਲੇ ਬਿਆਨ ਦਿੱਤੇ ਜਾ ਰਹੇ ਹਨ, ਪਰ ਕੋਈ ਕਾਰਵਾਈ ਨਹੀਂ ਹੋ ਰਹੀ। ਸੁਪਰੀਮ ਕੋਰਟ ਨੇ ਇਸ ਵਰਤਾਰੇ ਲਈ ਧਰਮ ਤੇ ਸਿਆਸਤ ਨੂੰ ਰਲਗੱਡ ਕੀਤੇ ਜਾਣ ਨੂੰ ਜ਼ਿੰਮੇਵਾਰ ਦੱਸਦਿਆਂ ਕਿਹਾ ਕਿ ਜਿਸ ਦਿਨ ਧਰਮ ਤੇ ਰਾਜਨੀਤੀ ਵੱਖ ਹੋ ਜਾਣਗੇ, ਆਗੂ ਰਾਜਨੀਤੀ ਲਈ ਧਰਮ ਦੀ ਵਰਤੋਂ ਬੰਦ ਕਰ ਦੇਣਗੇ, ਉਸੇ ਦਿਨ ਨਫਰਤ ਫੈਲਾਉਣ ਵਾਲੇ ਭਾਸ਼ਣ ਵੀ ਬੰਦ ਹੋ ਜਾਣਗੇ।*

*'ਲਾਈਵ ਲਾਅ' ਦੀ ਰਿਪੋਰਟ ਮੁਤਾਬਕ ਨਫਰਤੀ ਭਾਸ਼ਣਾਂ ਵਿਰੁੱਧ ਦਾਇਰ ਕੇਸ ਦੀ ਸੁਣਵਾਈ ਕਰ ਰਹੀ ਬੈਂਚ ਵਿੱਚ ਸ਼ਾਮਲ ਜਸਟਿਸ ਕੇ ਐੱਮ ਜੋਸੇਫ ਨੇ ਕਿਹਾ, 'ਰਾਜ ਨਿਪੁੰਸਕ ਤੇ ਸ਼ਕਤੀਹੀਣ ਹੋ ਚੁੱਕਾ ਹੈ। ਇਹ ਸਮੇਂ ਸਿਰ ਕਾਰਵਾਈ ਨਹੀਂ ਕਰ ਰਿਹਾ, ਜੇਕਰ ਉਹ ਚੁੱਪ ਹੈ ਤਾਂ ਅਜਿਹਾ ਰਾਜ ਕਿਸ ਕੰਮ ਦਾ?' ਜਸਟਿਸ ਕੇ ਐੱਮ ਜੋਸੇਫ ਤੇ ਬੀਵੀ ਨਾਗਰਤਨਾ ਦੀ ਇਹ ਬੈਂਚ ਰੈਲੀਆਂ ਦੌਰਾਨ ਨਫਰਤ ਫੈਲਾਉਣ ਵਾਲੇ ਭਾਸ਼ਣਾਂ ਵਿੱਚ ਕਾਰਵਾਈ ਨਾ ਕਰਨ ਲਈ ਮਹਾਰਾਸ਼ਟਰ ਦੇ ਅਧਿਕਾਰੀਆਂ ਵਿਰੁੱਧ ਅਦਾਲਤੀ ਮਾਣਹਾਨੀ ਦੀ ਮੰਗ ਕਰਨ ਵਾਲੀ ਇੱਕ ਰਿੱਟ ਪਟੀਸ਼ਨ ਉੱਤੇ ਸੁਣਵਾਈ ਕਰ ਰਹੀ ਸੀ।*

*ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਹਿੰਦੂ ਸਮਾਜ ਵੱਲੋਂ ਕੱਢੇ ਜਾਣ ਵਾਲੇ ਜਲੂਸਾਂ ਸੰਬੰਧੀ ਕਈ ਦਿਸ਼ਾ-ਨਿਰਦੇਸ਼ ਦਿੱਤੇ ਸਨ। ਬੈਂਚ ਨੇ ਇੱਕ ਨਿਰਦੇਸ਼ ਵਿੱਚ ਕਿਹਾ ਸੀ ਕਿ ਦੋਸ਼ੀਆਂ ਦੇ ਧਰਮ ਦੀ ਪ੍ਰਵਾਹ ਕੀਤੇ ਬਿਨਾਂ ਤੇ ਕਿਸੇ ਸ਼ਿਕਾਇਤ ਦੀ ਉਡੀਕ ਕੀਤੇ ਬਿਨਾਂ ਅਧਿਕਾਰੀਆਂ ਨੂੰ ਹੇਟ ਸਪੀਚ ਵਿਰੁੱਧ ਖੁਦ ਕਾਰਵਾਈ ਕਰਨੀ ਚਾਹੀਦੀ ਹੈ। ਕੇਸ ਦਾਇਰ ਕਰਨ ਵਾਲੇ ਦੇ ਵਕੀਲ ਨਿਜ਼ਾਮ ਪਾਸ਼ਾ ਨੇ ਅਦਾਲਤ ਨੂੰ ਦੱਸਿਆ ਸੀ ਕਿ ਇਹ ਕੇਸ 'ਇੰਡੀਅਨ ਐੱਕਸਪ੍ਰੈੱਸ' ਵਿੱਚ ਛਪੀ ਇੱਕ ਖਬਰ ਦੇ ਅਧਾਰ ਉੱਤੇ ਦਾਇਰ ਕੀਤਾ ਗਿਆ ਹੈ, ਜਿਸ ਵਿੱਚ ਕਿਹਾ ਗਿਆ ਸੀ ਕਿ ਮਹਾਰਾਸ਼ਟਰ ਵਿੱਚ ਪਿਛਲੇ 4 ਮਹੀਨਿਆਂ ਦੌਰਾਨ ਨਫਰਤ ਫੈਲਾਉਣ ਵਾਲੀਆਂ 50 ਰੈਲੀਆਂ ਹੋਈਆਂ ਹਨ।*

*ਜਸਟਿਸ ਜੋਸੇਫ ਨੇ ਕਿਹਾ ਕਿ ਵੱਡੀ ਸਮੱਸਿਆ ਉਦੋਂ ਪੈਦਾ ਹੁੰਦੀ ਹੈ, ਜਦੋਂ ਆਗੂ ਰਾਜਨੀਤੀ ਨੂੰ ਧਰਮ ਦੇ ਨਾਲ ਰਲਗੱਡ ਕਰ ਦਿੰਦੇ ਹਨ। ਜਦੋਂ ਹੀ ਰਾਜਨੀਤੀ ਤੇ ਧਰਮ ਵੱਖ ਹੋ ਜਾਣਗੇ, ਇਹ ਆਪਣੇ ਆਪ ਖਤਮ ਹੋ ਜਾਵੇਗਾ। ਅਸੀਂ ਪਹਿਲਾਂ ਵੀ ਕਿਹਾ ਹੈ ਕਿ ਰਾਜਨੀਤੀ ਨੂੰ ਧਰਮ ਨਾਲ ਮਿਲਾਉਣਾ ਲੋਕਤੰਤਰ ਲਈ ਖਤਰਨਾਕ ਹੈ। ਸੁਣਵਾਈ ਦੌਰਾਨ ਬੀਵੀ ਨਾਗਰਤਨਾ ਨੇ ਸਾਬਕਾ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਤੇ ਅਟਲ ਬਿਹਾਰੀ ਵਾਜਪਾਈ ਦੀ ਮਿਸਾਲ ਪੇਸ਼ ਕਰਦਿਆਂ ਕਿਹਾ ਕਿ ਨਹਿਰੂ ਤੇ ਵਾਜਪਾਈ ਨੂੰ ਯਾਦ ਕਰੋ, ਜਿਨ੍ਹਾਂ ਦੇ ਭਾਸ਼ਣ ਸੁਣਨ ਲਈ ਲੋਕ ਦੂਰੋਂ-ਦੂਰੋਂ ਆਉਂਦੇ ਸਨ।*

*ਸੁਣਵਾਈ ਦੌਰਾਨ ਵਕੀਲ ਵਿਸ਼ਣੂ ਸ਼ੰਕਰ ਜੈਨ ਨੇ ਕਿਹਾ ਕਿ ਸਿਰ ਕਲਮ ਕਰਨ ਦੇ ਸੱਦੇ ਦਿੱਤੇ ਜਾ ਰਹੇ ਹਨ, ਨਾਅਰੇ ਲੱਗ ਰਹੇ ਹਨ, ਪਰ ਕੋਈ ਕਾਰਵਾਈ ਨਹੀਂ ਹੋ ਰਹੀ। ਭਾਰਤ ਦੇ ਵਧੀਕ ਸਾਲੀਸਿਟਰ ਜਨਰਲ ਐੱਸ ਵੀ ਰਾਜੂ ਨੇ ਰਾਜ ਸਰਕਾਰ ਵੱਲੋਂ ਪੇਸ਼ ਹੋ ਕੇ ਬੈਂਚ ਨੂੰ ਅਪੀਲ ਕੀਤੀ ਕਿ ਉਹਨਾ ਨੂੰ ਨਿਰਦੇਸ਼ ਦੇਣ ਲਈ ਮੁਹਲਤ ਦਿੱਤੀ ਜਾਵੇ। ਇਸ ਉੱਤੇ ਬੈਂਚ ਨੇ ਉਹਨਾ ਨੂੰ ਲਿਖਤੀ ਜਵਾਬ ਦਾਖਲ ਕਰਨ ਲਈ ਕਿਹਾ। ਸਿਖਰਲੀ ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ ਲਈ 28 ਅਪ੍ਰੈਲ ਦੀ ਤਰੀਕ ਤੈਅ ਕਰਕੇ ਮਹਾਰਾਸ਼ਟਰ ਸਰਕਾਰ ਨੂੰ ਜਵਾਬ ਦੇਣ ਲਈ ਕਿਹਾ ਹੈ।*

# ਆਨ-ਲਾਈਨ ਗਾਲ੍ਹਾਂ ਦਾ ਦੌਰ, ਸੰਵਾਦ ਦਾ ਸੰਕਟ


ਗੁਰਚਰਨ ਸਿੰਘ ਨੂਰਪੁਰ

ਅਸੀਂ ਹੁਣ ਉਸ ਦੌਰ ਵਿੱਚ ਗੁਜ਼ਰ ਰਹੇ ਹਾਂ, ਜਿੱਥੇ ਦੁਨੀਆ ਦੇ ਵੱਡੀ ਗਿਣਤੀ ਬੰਦਿਆਂ ਕੋਲ ਆਪਣਾ-ਆਪਣਾ ਚੈਨਲ ਹੈ ਅਤੇ ਆਪਣੇ ਚੈਨਲ ਰਾਹੀਂ ਉਹ ਦੁਨੀਆਂ ਦੇ ਰੂਬਰੂ ਹਨ। ਸ਼ੋਸ਼ਲ ਸਾਈਟਾਂ ਦੀ ਹਰ ਦਿਨ ਭੀੜ ਵਧ ਰਹੀ ਹੈ। ਭੀੜ ਦੇ ਇਸ ਨਿਗਾਰਖਾਨੇ ਵਿੱਚ ਹਰ ਕੋਈ ਆਪਣੀ-ਆਪਣੀ ਤੂਤੀ ਵਜਾ ਰਿਹਾ ਹੈ। ਸਾਰਥਕ ਗੱਲਬਾਤ ਕਰਨ ਵਾਲੇ ਲੋਕ ਵੀ ਹਨ ਪਰ ਇਹਨਾਂ ਦੀ ਗਿਣਤੀ ਸੀਮਤ ਹੈ। ਸੋਚ-ਵਿਚਾਰ, ਸੰਜਮ, ਸਲੀਕੇ ਅਤੇ ਸੰਵਾਦ ਦੀ ਥਾਂ ਗਾਲ੍ਹਾਂ ਨੇ ਲੈ ਲਈ ਹੈ। ਮੋਬਾਇਲ ਫੋਨ ਨੇ ਪੂਰੀ ਦੁਨੀਆਂ ਦੀ ਰਫਤਾਰ ਵਿੱਚ ਤੇਜ਼ੀ ਲਿਆਂਦੀ ਹੈ। ਇਸ ਤੇਜ਼ੀ ਵਿੱਚ ਅਸੀਂ ਸਹਿਜ ਨੂੰ ਵਿਸਾਰਦੇ ਜਾ ਰਹੇ ਹਾਂ। ਸੋਚ-ਵਿਚਾਰ ਕਰਨ ਦਾ ਨਾ ਕਿਸੇ ਕੋਲ ਸਮਾਂ ਹੈ ਅਤੇ ਨਾ ਹੀ ਇਸ ਨੂੰ ਪਸੰਦ ਕੀਤਾ ਜਾਂਦਾ ਹੈ। ਸਬਰ, ਸੰਜਮ ਵਿੱਚ ਰਹਿ ਕੇ ਸਲੀਕੇ ਨਾਲ ਸੰਵਾਦ ਰਚਾਉਣ ਦੀ ਬਜਾਏ ਮੰਦਾ ਬੋਲਣ 'ਤੇ ਉਤਰ ਆਉਣਾ ਇਹ ਬਿਲਕੁਲ ਹੇਠਲੇ ਦਰਜੇ ਦੀ ਸਮਝ ਦਾ ਪ੍ਰਮਾਣ ਹੈ।

ਗੁਰੂ ਨਾਨਕ ਦੇਵ ਜੀ ਸਾਰਥਕ ਵਿਚਾਰ-ਚਰਚਾ ਦੀ ਗੱਲ ਕਰਦਿਆਂ ਗੁਰਬਾਣੀ ਵਿੱਚ ਫੁਰਮਾਉਂਦੇ ਹਨ:

ਜਬ ਲਗੁ ਦੁਨੀਆ ਰਹੀਐ ਨਾਨਕ ਕਿਸੁ ਸੁਣੀਐ ਕਿਸੁ ਕਹੀਐ॥

ਸਭ ਕੁਝ ਜਾਣਦੇ ਹੋਣ ਦਾ ਭਰਮ ਹੋ ਜਾਣਾ ਵਿਚਾਰਾਂ ਦੇ ਵਿਕਾਸ ਦੀ ਖੜੋਤ ਹੁੰਦੀ ਹੈ। ਹੁਣ ਬੇਲੋੜੀਆਂ' ਪੇਤਲੀਆਂ ਜਾਣਕਾਰੀਆਂ ਦੇ ਹੜ੍ਹ ਨੇ ਜਨਸਮੂਹ ਨੂੰ ਇੱਕ ਤਰ੍ਹਾਂ ਆਪਣੇ ਨਾਲ ਵਹਾ ਲਿਆ ਹੈ। ਮਹਾਨ ਦਾਰਸ਼ਨਿਕ ਸੁਕਰਾਤ ਨੂੰ ਦੁਨੀਆ ਦੇ ਗਿਣਤੀ ਦੇ ਸਿਆਣੇ ਮਨੁੱਖ ਵਜੋਂ ਜਾਣਿਆ ਜਾਂਦਾ ਹੈ। ਕਹਿੰਦੇ ਹਨ ਕਿ ਆਪਣੀ ਉਮਰ ਦੇ ਆਖਰੀ ਪੜਾਅ 'ਤੇ ਇੱਕ ਦਿਨ ਉਸ ਨੇ ਆਪਣੇ ਚੇਲਿਆਂ ਨੂੰ ਕਿਹਾ, 'ਏਥਨਜ਼ ਵਿੱਚ ਇਹ ਪ੍ਰਚਾਰ ਕਰ ਦਿਓ ਕਿ ਸੁਕਰਾਤ ਜਿੰਨਾ ਅਗਿਆਨੀ ਹੋਰ ਕੋਈ ਨਹੀਂ।'

ਉਸ ਦੇ ਚੇਲੇ ਇਸ ਗੱਲ ਤੋਂ ਹੈਰਾਨ ਹੋਏ। ਉਹਨਾਂ 'ਚ ਕੁਝ ਨੇ ਪੁੱਛਿਆ, 'ਗੁਰੂ ਜੀ, ਤੁਹਾਡੇ ਬਾਰੇ ਸਾਰੇ ਸ਼ਹਿਰ ਅਤੇ ਇਲਾਕੇ ਵਿੱਚ ਇਹ ਚਰਚਾ ਹੈ ਕਿ ਤੁਹਾਡੇ ਜਿਹਾ ਸਿਆਣਾ ਮਨੁੱਖ ਹੋਰ ਕੋਈ ਨਹੀਂ, ਪਰ ਤੁਸੀਂ ਇਹ ਕਹਿ ਰਹੇ ਹੋ ਸੁਕਰਾਤ ਜਿੰਨਾ ਅਗਿਆਨੀ ਹੋਰ ਕੋਈ ਨਹੀਂ, ਇਹ ਗੱਲ ਸਾਡੀ ਸਮਝ ਵਿੱਚ ਨਹੀਂ ਆਉਂਦੀ?'

ਸੁਕਰਾਤ ਨੇ ਜਵਾਬ ਦਿੱਤਾ, 'ਇਹ ਠੀਕ ਹੈ, ਜਦੋਂ ਕੁਝ ਨਹੀਂ ਜਾਣਦਾ ਸੀ ਤਾਂ ਇਹ ਭਰਮ ਸੀ ਕਿ ਬਹੁਤ ਕੁਝ ਜਾਣਦਾ ਹਾਂ ਹੁਣ ਜਦੋਂ ਕੁਝ ਜਾਣਿਆ ਹੈ ਤਾਂ ਸਮਝ ਪਈ ਕਿ ਕੁਝ ਨਹੀਂ ਜਾਣਦਾ।'

ਦੁਨੀਆਂ ਦੀ ਬਹੁਗਿਣਤੀ ਹਮੇਸ਼ਾ ਝੂਠ ਵਿੱਚ ਜਿਊਂਦੀ ਅਤੇ ਇੱਥੋਂ ਵਿਦਾ ਹੁੰਦੀ ਆਈ ਹੈ।

ਸੁਕਰਾਤ ਬਾਰੇ ਕਿਹਾ ਜਾਂਦਾ ਹੈ ਕਿ ਉਸ ਨੇ ਦੁਨੀਆ ਨੂੰ ਸੰਵਾਦ ਕਰਨ ਦੀ ਜੁਗਤ ਦੱਸੀ। ਉਸ ਦੇ ਜੀਵਨ ਨਾਲ ਸੰਬੰਧਤ ਕਈ ਕਥਾਵਾਂ ਪ੍ਰਚੱਲਤ ਹਨ। ਸੁਕਰਾਤ ਭਾਵੇਂ ਆਪਣੀ ਸ਼ਕਲ-ਸੂਰਤ ਤੋਂ ਸੋਹਣਾ ਨਹੀਂ ਸੀ, ਪਰ ਆਪਣੇ ਵਿਚਾਰਾਂ ਦੀ ਸ਼ਕਤੀ ਨਾਲ ਉਹ ਸੋਚ-ਵਿਚਾਰ ਕਰਨ ਵਾਲੇ ਹਜ਼ਾਰਾਂ ਲੋਕਾਂ ਨੂੰ ਕੀਲ ਲੈਣ ਦੀ ਤਾਕਤ ਰੱਖਦਾ ਸੀ।

ਇਕ ਦਿਨ ਜਦੋਂ ਉਹ ਆਪਣੇ ਬਹੁਤ ਸਾਰੇ ਚੇਲਿਆਂ ਵਿੱਚ ਬੈਠਾ ਗਿਆਨ ਗੋਸ਼ਟੀ ਕਰ ਰਿਹਾ ਸੀ ਤਾਂ ਇੱਕ ਭਵਿੱਖ ਦੱਸਣ ਵਾਲਾ ਜੋਤਸ਼ੀ ਆ ਕੇ ਉਸ ਨੂੰ ਬੁਰਾ-ਭਲਾ ਬੋਲਣ ਲੱਗ ਪਿਆ। ਜੋਤਸ਼ੀ ਨੇ ਸੁਕਰਾਤ ਦੇ ਚੇਲਿਆਂ ਨੂੰ ਸੰਬੋਧਤ ਹੁੰਦਿਆਂ ਕਿਹਾ, 'ਜਿਸ ਬੰਦੇ ਨੂੰ ਤੁਸੀਂ ਗੁਰੂ ਮੰਨੀ ਬੈਠੇ ਹੋ, ਇਸ ਦੇ ਨੱਕ ਤੋਂ ਪਤਾ ਚਲਦਾ ਹੈ ਕਿ ਇਹ ਕਰੋਧੀ ਹੈ, ਇਸ ਦੇ ਸਿਰ ਦੀ ਬਣਾਵਟ ਦੱਸਦੀ ਹੈ ਕਿ ਇਹ ਲਾਲਚੀ ਅਤੇ ਸਨਕੀ ਕਿਸਮ ਦਾ ਬੰਦਾ ਹੈ। ਇਸ ਦੇ ਬੁੱਲ੍ਹ ਤੋਂ ਪਤਾ ਚਲਦਾ ਹੈ ਕਿ ਇਹ ਆਉਣ ਵਾਲੇ ਸਮੇਂ ਵਿੱਚ ਦੇਸ਼ ਧਰੋਹੀ ਸਾਬਤ ਹੋਵੇਗਾ।'

ਸਖਤ ਭਾਸ਼ਾ ਵਿੱਚ ਬੋਲੇ ਗਏ ਜੋਤਸ਼ੀ ਦੇ ਇਹ ਸ਼ਬਦ ਸੁਕਰਾਤ ਦੇ ਚੇਲਿਆਂ ਨੂੰ ਬਹੁਤ ਬੁਰੇ ਲੱਗੇ। ਆਪਣੇ ਰਹਿਬਰ ਸੰਬੰਧੀ ਅਜਿਹੀ ਭੱਦੀ ਭਾਸ਼ਾ ਸੁਣ ਕੇ ਸੁਕਰਾਤ ਦੇ ਚੇਲੇ ਲਾਲ-ਪੀਲੇ ਹੋ ਗਏ। ਉਹ ਜੋਤਸ਼ੀ ਦੀ ਕੁੱਟ-ਮਾਰ ਕਰਕੇ ਸਬਕ ਸਿਖਾਉਣ ਲਈ ਅੱਗੇ ਵਧੇ, ਪਰ ਸੁਕਰਾਤ ਨੇ ਅੱਗੇ ਹੋ ਕੇ ਉਹਨਾਂ ਨੂੰ ਰੋਕ ਦਿੱਤਾ। ਉਹਨੇ ਸਤਿਕਾਰ ਸਹਿਤ ਜੋਤਿਸ਼ੀ ਨੂੰ ਆਪਣੇ ਕੋਲ ਬਿਠਾਇਆ।' ਉਹਦਾ ਧੰਨਵਾਦ ਕਰਕੇ ਇਹ ਕਹਿੰਦਿਆਂ ਵਿਦਾ ਕੀਤਾ 'ਤੁਸੀਂ ਮੇਰੀ ਸਰੀਰ ਦੀ ਭਾਸ਼ਾ ਪੜ੍ਹੀ ਹੈ, ਇਸ ਲਈ ਤੁਹਾਡਾ ਧੰਨਵਾਦ।'

ਇੱਕ ਚੇਲੇ ਨੇ ਸੁਕਰਾਤ ਨੂੰ ਪੁੱਛਿਆ 'ਜੋਤਸ਼ੀ ਜੋ ਬਕਵਾਸ ਕਰ ਰਿਹਾ ਸੀ ਕੀ ਉਹ ਸੱਚ ਹੈ? ਤੁਸੀਂ ਉਹੋ ਜਿਹੇ ਹੋ ਜਿਹੋ ਜਿਹਾ ਉਹ ਦੱਸ ਰਿਹਾ ਸੀ?'

ਸੁਕਰਾਤ ਨੇ ਜਵਾਬ ਦਿੱਤਾ 'ਸ਼ਕਲ ਸੂਰਤ ਤੋਂ ਹੋ ਸਕਦਾ ਹੈ ਮੈਂ ਉਹੋ ਜਿਹਾ ਹੀ ਦਿਸਦਾ ਹੋਵਾਂ, ਜਿਹਾ ਕਿ ਉਹ ਬੋਲ ਰਿਹਾ ਸੀ। ਇਸ ਵਿਅਕਤੀ ਨੇ ਸਿਰਫ ਮੇਰੀ ਦੇਹ ਭਾਸ਼ਾ ਪੜ੍ਹੀ ਹੈ। ਇਸ ਨੇ ਮੇਰੇ ਵਿਵੇਕ ਦੀ ਸ਼ਕਤੀ 'ਤੇ ਧਿਆਨ ਨਹੀਂ ਦਿੱਤਾ, ਜਿਸ ਨਾਲ ਮੈਂ ਆਪਣੇ ਵਿਕਾਰਾਂ ਤੇ ਵਿਕਾਰਾਂ ਨੂੰ ਕਾਬੂ ਵਿੱਚ ਰੱਖਦਾ ਹਾਂ।'

ਅੱਜਕੱਲ੍ਹ ਸੋਸ਼ਲ ਸਾਈਟਾਂ 'ਤੇ ਧਰਮ ਦੇ ਨਾਂਅ 'ਤੇ ਇੱਕ-ਦੂਜੇ ਨੂੰ ਨਿਸ਼ਾਨਾ ਬਣਾ ਕੇ ਗਾਲੀ ਗਲੋਚ ਕਰਨਾ ਵੀ ਆਮ ਵਰਤਾਰਾ ਹੋ ਗਿਆ ਹੈ। ਗੁਰੂ ਨਾਨਕ ਦੇਵ ਜੀ ਦੀ ਜੀਵਨੀ ਪੜ੍ਹੀਏ ਤਾਂ ਪਤਾ ਚਲਦਾ ਹੈ ਉਹ ਆਪਣੇ ਜੀਵਨ ਦੌਰਾਨ ਦੂਰ-ਦੁਰਾਡੇ ਦੁਨੀਆ ਦੇ ਵੱਖ-ਵੱਖ ਖਿੱਤਿਆਂ ਵਿੱਚ ਗਏ। ਧਰਮ ਦੇ ਨਾਂਅ 'ਤੇ ਲੋਕਾਂ ਨਾਲ ਪਾਖੰਡ ਕਰਨ ਵਾਲੇ ਲੋਕਾਂ ਨਾਲ ਉਹਨਾਂ ਨੇ ਬੜੀਆਂ ਸਾਰਥਕ ਗੋਸ਼ਟੀਆਂ ਕੀਤੀਆਂ। ਵਿਚਾਰ-ਚਰਚਾ ਕੀਤੀ ਅਤੇ ਭੁੱਲੇ-ਭਟਕੇ, ਜੰਤਰ-ਮੰਤਰ, ਤੰਤਰ ਅਭਿਮਾਨ ਕਰਨ ਵਾਲੇ ਨਾਥਾਂ, ਜੋਗੀਆਂ, ਸਾਧਾਂ, ਭੇਖਾਧਾਰੀਆਂ ਨੂੰ ਉਹਨਾਂ ਨੇ ਸੱਚ ਦਾ ਰਾਹ ਵਿਖਾਇਆ। ਉਹ ਰਾਹ ਜਿਸ 'ਤੇ ਚੱਲ ਕੇ ਦੁਨੀਆ ਦਾ ਕਲਿਆਣ ਹੋ ਸਕਦਾ ਹੈ। ਉਹਨਾਂ ਦੀਆਂ ਸਾਧਾਂ, ਸਿੱਧਾਂ, ਜੋਗੀਆਂ ਨਾਲ ਵਿਚਾਰ-ਗੋਸ਼ਟੀਆਂ ਵੀ ਹੋਈਆਂ, ਪਰ ਸਾਰੀ ਸਾਰਥਕ ਵਿਚਾਰ- ਚਰਚਾ ਹੁੰਦੀ ਸੀ।

ਅੱਜ ਸੋਸ਼ਲ ਸਾਈਟਾਂ 'ਤੇ ਲੋਕਾਂ ਦੀਆਂ ਭੀੜਾਂ ਕਿਸੇ ਨੂੰ ਵੀ ਕੁਝ ਸਮੇਂ ਵਿੱਚ ਨਾਇਕ ਬਣਾ ਦਿੰਦੀਆਂ ਹਨ ਅਤੇ ਅਗਲੇ ਕੁਝ ਦਿਨਾਂ ਤੱਕ ਕੋਈ ਹੋਰ ਗਰੁੱਪ ਉੱਠਦਾ ਹੈ, ਉਹ ਉਸ ਨੂੰ ਗਦਾਰ ਦੱਸ ਕੇ ਭੰਡਣ ਲੱਗ ਪੈਂਦਾ ਹੈ। ਇਹ ਇੱਕ ਬੇਹੱਦ ਮਾੜਾ ਰੁਝਾਨ ਹੈ, ਜੋ ਹਰ ਦਿਨ ਵਧ ਰਿਹਾ ਹੈ। ਕਹਿੰਦੇ ਹਨ ਕਿ ਭੀੜਾਂ ਕੋਲ ਸੱਚ ਨਹੀਂ ਹੁੰਦਾ, ਪਰ ਸਾਡੀ ਇਸ ਸਮੇਂ ਅਜਿਹੀ ਹਾਲਤ ਬਣੀ ਹੋਈ ਹੈ, ਜਿਵੇਂ ਗੁਰੂ ਨਾਨਕ ਦੇਵ ਜੀ ਨੇ ਬਾਣੀ ਵਿੱਚ ਫੁਰਮਾਇਆ ਹੈ:-

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥

ਧਰਮ ਕਰਮ ਦਾ ਸਾਰ ਤੱਤ ਸਰਬੱਤ ਦਾ ਭਲਾ ਮੰਗਣਾ ਹੁੰਦਾ ਹੈ, ਪਰ ਹਰ ਧਰਮ ਵਿੱਚ ਫਿਰਕਾਪ੍ਰਸਤੀ ਦਾ ਬੋਲਬਾਲਾ ਵਧ ਰਿਹਾ ਹੈ। ਮੋਬਾਇਲ ਨੈੱਟਵਰਕ ਤੇ ਅਜਿਹੀਆਂ ਬਹਿਸਾਂ ਵਧ ਰਹੀਆਂ ਹਨ, ਜਿਹਨਾਂ ਵਿੱਚ ਵੱਖ-ਵੱਖ ਫਿਰਕਿਆਂ ਦੇ ਲੋਕ ਇੱਕ-ਦੂਜੇ ਨੂੰ ਨਿਸ਼ਾਨਾ ਬਣਾਉਂਦਿਆਂ ਗਾਹਲਾਂ ਕੱਢਣ 'ਤੇ ਉੱਤਰ ਆਉਂਦੇ ਹਨ। ਇਹ ਬੇਹੱਦ ਮਾੜਾ ਰੁਝਾਨ ਹੈ, ਜੇਕਰ ਆਪਾਂ ਸਿੱਖ ਗੁਰੂਆਂ ਦੀ ਗੱਲ ਕਰੀਏ ਤਾਂ ਗੁਰੂ ਸਾਹਿਬ ਸਾਂਝੀਵਾਲਤਾ ਦੇ ਮੁੱਦਈ ਸਨ ਅਤੇ ਫਿਰਕੂ ਕੱਟੜਤਾ ਦੇ ਖਿਲਾਫ਼ ਸਨ।

ਸੋਸ਼ਲ ਸਾਈਟਾਂ 'ਤੇ ਅੱਜਕੱਲ੍ਹ ਆਪਣੇ ਵਿਰੋਧੀ ਵਿਚਾਰਾਂ ਵਾਲਿਆਂ ਪ੍ਰਤੀ ਨੀਵੇਂ ਦਰਜੇ ਦੀ ਸ਼ਬਦਾਵਲੀ ਦੀ ਵਰਤੋਂ ਦਾ ਵਰਤਾਰਾ ਆਮ ਹੋ ਗਿਆ ਹੈ। ਬਹੁਤ ਸਾਰੀਆਂ ਤਨਜ਼ੀਮਾਂ ਨੇ ਆਪਣੇ ਅਜਿਹੇ ਆਈ ਟੀ ਸੈਲ ਬਣਾਏ ਹੋਏ ਹਨ, ਜੇਕਰ ਕੋਈ ਉਹਨਾਂ ਦੀ ਵਿਚਾਰਧਾਰਾ ਦੇ ਖਿਲਾਫ ਪੋਸਟ ਆਉਂਦੀ ਹੈ ਤਾਂ ਤੁਰੰਤ ਉਸ ਖਿਲਾਫ ਵੱਡੀਆਂ ਮੁਹਿੰਮਾਂ ਛੇੜੀਆਂ ਜਾਂਦੀਆਂ ਹਨ। ਅਜਿਹਾ ਲੋਕ ਰਾਇ ਨੂੰ ਪ੍ਰਭਾਵਿਤ ਕਰਨ ਲਈ ਹੁਣ 'ਬਲਾਗਰ ਮਸ਼ੀਨਾਂ' ਤੱਕ ਹੋਂਦ ਵਿੱਚ ਆ ਗਈਆਂ ਹਨ, ਜੋ ਵੈਬਸਾਈਟ ਬਣਾਉਣ ਲਈ ਇੱਕ ਸਵੈਚਾਲਤ ਸਾਫਟਵੇਅਰ ਹੈ। ਅਜਿਹੇ ਜਸੂਸੀ ਯੰਤਰ ਹੋਂਦ ਵਿੱਚ ਆ ਗਏ ਹਨ ਤਾਂ ਕਿ ਵਿਰੋਧੀਆਂ ਦੇ ਸੋਚਣ ਢੰਗ ਨੂੰ ਸਮਝਿਆ ਜਾ ਸਕੇ। ਕੁਝ ਹੀ ਸਮੇਂ ਵਿੱਚ ਲੋਕ ਰਾਇ ਨੂੰ ਪ੍ਰਭਾਵਤ ਕਰਨ ਲੱਖਾਂ ਲੋਕਾਂ ਤੱਕ ਪਹੁੰਚ ਕਰਨ ਦੇ ਨਵੇਂ-ਨਵੇਂ ਢੰਗ ਤਰੀਕੇ ਖੋਜ ਲਏ ਗਏ ਹਨ, ਜਿਸ ਨਾਲ ਲੋਕ ਮਨਾਂ ਨੂੰ ਵਰਗਲਾਇਆ ਜਾ ਸਕਦਾ ਹੈ। ਵਿਰੋਧੀ ਵਿਚਾਰਾਂ ਨੂੰ ਗਾਹਲਾਂ ਦੇ ਹਥਿਆਰ ਨਾਲ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਦੁਨੀਆਂ ਭਰ ਦੇ ਵਿਚਾਰਵਾਨ ਸਮਝਣ ਲੱਗੇ ਹਨ ਕਿ ਇਹ ਸਭ ਕੁਝ ਲੋਕਤੰਤਰ ਲਈ ਇੱਕ ਤਰ੍ਹਾਂ ਨਾਲ ਖਤਰੇ ਦੀ ਘੰਟੀ ਹੈ।

ਕਿਸੇ ਮੁੱਦੇ 'ਤੇ ਇੱਕ ਸਾਰਥਕ ਬਹਿਸ ਹੋ ਕੇ ਕਿਸੇ ਵਰਤਾਰੇ ਸੰਬੰਧੀ ਜੋ ਸਾਰ ਤੱਤ ਸਾਹਮਣੇ ਆਉਣਾ ਹੁੰਦਾ ਹੈ, ਉਹ ਕਿਧਰੇ ਗਵਾਚ ਜਾਂਦਾ ਹੈ। ਦੂਜਾ ਜੋ ਲੋਕ ਕਿਸੇ ਮੁੱਦੇ 'ਤੇ ਉਸਾਰੂ ਰਾਇ ਦੇ ਸਕਦੇ ਹਨ, ਚੁੱਪ ਰਹਿਣ ਵਿੱਚ ਹੀ ਆਪਣੀ ਭਲਾਈ ਸਮਝਣ ਲੱਗ ਪੈਂਦੇ ਹਨ। ਨਵੇਂ ਦੌਰ ਦੀਆਂ ਆਪਣੀਆਂ ਨਵੀਂਆਂ ਸਮੱਸਿਆਵਾਂ ਹੁੰਦੀਆਂ ਹਨ। ਭਵਿੱਖ ਵਿੱਚ ਸਾਨੂੰ ਅਜਿਹੇ ਮਸਲਿਆਂ 'ਤੇ ਵੀ ਵੱਡੇ ਚਿੰਤਨ-ਮੰਥਨ ਦੀ ਲੋੜ ਹੈ। ਤਕਨਾਲੋਜੀ ਦੇ ਜਿਸ ਦੌਰ ਵਿੱਚ ਸੂਚਨਾ ਦੀ ਤਕਨੀਕ ਨੇ ਜਿਸ ਤੇਜ਼ੀ ਨਾਲ ਤਰੱਕੀ ਕੀਤੀ ਹੈ ਅਸੀਂ ਜ਼ਿਹਨੀ ਤੌਰ ਤੇ ਅਜੇ ਉਸ ਤੋਂ ਕੁਝ ਕਦਮ ਪਿਛਾਂਹ ਖੜੇ ਹਾਂ, ਸਾਨੂੰ ਬੜੀ ਸ਼ਿੱਦਤ ਨਾਲ ਨਵੇ ਦੌਰ ਦੀਆਂ ਨਵੀਂਆਂ ਸਮੱਸਿਆਵਾਂ ਨਾਲ ਨਿਪਟਣ ਲਈ ਜ਼ਿਹਨੀ ਤੌਰ 'ਤੇ ਤਿਆਰ ਹੋਣ ਦੀ ਲੋੜ ਹੈ। ਮਿਸਾਲ ਵਜੋਂ ਅਸੀਂ ਅਕਸਰ ਅਜਿਹੀਆਂ ਵੀਡੀਓਜ਼ ਦੇਖਦੇ ਹਾਂ, ਜਿਸ ਵਿੱਚ ਕਿਸੇ ਬੱਚੇ ਜਾਂ ਨੌਜਵਾਨ ਨੇ ਕੰਨਾਂ ਵਿੱਚ ਈਅਰ ਫੋਨ ਲਾਏ ਹੋਏ ਸਨ ਤੇ ਮਗਰੋਂ ਆ ਰਹੇ ਵਾਹਨ ਦੇ ਉਹ ਮਾਰਿਆ ਗਿਆ। ਅਜਿਹੀਆਂ ਘਟਨਾਵਾਂ ਦੱਸਦੀਆਂ ਹਨ ਕਿ ਸੂਚਨਾ ਅਤੇ ਤਕਨਾਲੋਜੀ ਦੇ ਜੋ ਸਾਧਨ ਸਾਡੇ ਕੋਲ ਆ ਗਏ ਹਨ, ਇਹਨਾਂ ਤੋਂ ਮਾਨਸਕ ਅਤੇ ਸਰੀਰਕ ਤੌਰ 'ਤੇ ਬਚਾਅ ਕਰਨ ਦੀ ਪੂਰੀ ਸਿੱਖਿਆ ਸਾਡੇ ਕੋਲ ਅਜੇ ਆਉਣੀ ਬਾਕੀ ਹੈ। ਇਸੇ ਤਰ੍ਹਾਂ ਸੋਸ਼ਲ ਸਾਈਟਾਂ 'ਤੇ ਹਥਿਆਰਾਂ ਦਾ ਵਿਖਾਵਾ ਕਰਨਾ ਬਿਨਾਂ ਕਿਸੇ ਗੱਲ ਤੋਂ ਕੇਵਲ ਵਿਖਾਵੇ ਲਈ ਲਾਈਵ ਹੋ ਕੇ ਮਰਨ-ਮਾਰਨ ਦੀਆਂ ਧਮਕੀਆਂ ਦੇਣੀਆਂ ਇਹ ਸਭ ਕੁਝ ਨਵੇਂ ਦੌਰ ਦੀਆਂ ਨਵੀਂ ਸਮੱਸਿਆਵਾਂ ਹਨ, ਜਿਹਨਾਂ ਦੀ ਸੰਬੰਧੀ ਸਾਡੇ ਸਮਾਜ ਕੋਲ ਕਿਸੇ ਤਰ੍ਹਾਂ ਦੀ ਕੋਈ ਨੈਤਿਕ ਸਿੱਖਿਆ ਨਹੀਂ ਹੈ।

ਸਾਡੇ ਮਹਾਨ ਗੁਰੂ ਨੇ ਸਾਨੂੰ ਕਿਸੇ ਨੂੰ ਮੰਦਾ ਬੋਲਣ ਦੇ ਵਿਰੁੱਧ ਫੁਰਮਾਇਆ :- ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥ ਅੱਜ ਲੋੜ ਹੈ ਅਸੀਂ ਆਪਣੇ ਮਹਾਨ ਫਲਸਫੇ ਤੋਂ ਸੇਧ ਲਈਏ। ਭੀੜ ਦਾ ਹਿੱਸਾ ਬਣਨ ਦੀ ਬਜਾਏ ਸੋਸ਼ਲ ਮੀਡੀਆ ਤੇ ਚੱਲ ਰਹੇ ਵਰਤਾਰਿਆਂ ਨੂੰ ਆਪਣੇ ਵਿਵੇਕ ਦੀ ਸ਼ਕਤੀ ਨਾਲ ਪਰਖਣ ਦੀ ਕੋਸ਼ਿਸ਼ ਕਰੀਏ।

# ਦਿਨੋ-ਦਿਨ ਵਧ ਰਿਹਾ ਪ੍ਰਦੂਸ਼ਣ ਦਾ ਖਤਰਾ

**ਸੰਜੀਵ ਸਿੰਘ ਸੈਣੀ**

ਹਾਲ ਹੀ ਵਿੱਚ ਨਸਰ ਹੋਈ ਰਿਪੋਰਟ ਮੁਤਾਬਿਕ ਦੁਨੀਆਂ ਦੇ 50 ਪ੍ਰਦੂਸ਼ਿਤ ਸ਼ਹਿਰਾਂ 'ਚੋਂ 39 ਸ਼ਹਿਰ ਭਾਰਤ ਦੇ ਹਨ। ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਗੁਆਂਢੀ ਦੇਸ਼ ਪਾਕਿਸਤਾਨ ਦਾ ਲਾਹੌਰ ਸ਼ਹਿਰ ਹੈ। ਦੂਜੇ ਨੰਬਰ 'ਤੇ ਚੀਨ ਦੇ ਕਿਸੇ ਸ਼ਹਿਰ ਦਾ ਨਾਂਅ ਹੈ। ਤੀਜੇ ਨੰਬਰ 'ਤੇ ਮੁਲਕ ਦੀ ਰਾਜਧਾਨੀ ਦਿੱਲੀ ਹੈ। ਸਾਡੇ ਦੇਸ਼ ਵਿੱਚ 8 ਫੀਸਦੀ ਪ੍ਰਦੂਸ਼ਣ ਦੇ ਪੱਧਰ 'ਤੇ ਕਮੀ ਦਰਜ ਕੀਤੀ ਗਈ ਹੈ। ਮਾਹਿਰਾਂ ਮੁਤਾਬਿਕ ਪ੍ਰਦੂਸ਼ਣ ਕੇਂਦਰਾਂ ਦੇ ਅੰਕੜਿਆਂ ਤੋਂ ਹਿਸਾਬ ਲਗਾਇਆ ਜਾ ਰਿਹਾ ਹੈ ਕਿ ਭਾਰਤ ਦੀ ਸਥਿਤੀ ਵਿੱਚ ਕਾਫੀ ਸੁਧਾਰ ਹੋਇਆ ਹੈ। ਪਹਿਲੇ ਪੰਜ ਮੁਲਕਾਂ ਤੋਂ ਖਿਸਕ ਕੇ ਦੇਸ਼ ਅੱਠਵੇਂ ਸਥਾਨ 'ਤੇ ਪੁੱਜ ਗਿਆ ਹੈ। ਇਸ ਸਮੇਂ ਭਾਰਤ ਦੇ ਕਈ ਸ਼ਹਿਰਾਂ ਦੀ ਸਥਿਤੀ ਕਾਫੀ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਮੁਤਾਬਕ 10 ਵਿੱਚੋਂ 8 ਲੋਕ ਪ੍ਰਦੂਸ਼ਣ ਵਾਲੀ ਹਵਾ ਵਿੱਚ ਸਾਹ ਲੈਂਦੇ ਹਨ। ਲੋਕ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਅਕਸਰ ਜਦੋਂ ਤਿਉਹਾਰਾਂ ਦਾ ਸੀਜ਼ਨ ਹੁੰਦਾ ਹੈ ਤਾਂ ਹਵਾ ਬਹੁਤ ਜ਼ਿਆਦਾ ਜ਼ਹਿਰੀਲੀ ਹੋ ਜਾਂਦੀ ਹੈ। ਅਕਸਰ ਦੇਖਿਆ ਜਾਂਦਾ ਹੈ ਕਿ ਦਿੱਲੀ ਵਿੱਚ ਪਟਾਖਿਆਂ 'ਤੇ ਪਾਬੰਦੀ ਵੀ ਲੱਗ ਜਾਂਦੀ ਹੈ। ਦਿੱਲੀ ਤੇ ਆਸਪਾਸ ਦੇ ਖੇਤਰਾਂ ਵਿੱਚ ਸਾਹ ਲੈਣ ਵਿਚ ਬਹੁਤ ਜ਼ਿਆਦਾ ਤਕਲੀਫ ਹੋਣ ਲੱਗ ਜਾਂਦੀ ਹੈ। ਪਿਛਲੇ ਵਰ੍ਹੇ ਯੂ ਪੀ ਐਨ ਸੀ ਆਰ ਦੀ ਹਾਲਤ ਵੀ ਤਰਸਯੋਗ ਸੀ। ਇਸ ਵਾਰ ਨੋਇਡਾ, ਫਰੀਦਾਬਾਦ ਗਾਜਿਆਬਾਦ ਵਿਖੇ ਪ੍ਰਦੂਸ਼ਣ ਦੇ ਪੱਧਰ ਵਿੱਚ ਕਮੀ ਦੇਖੀ ਗਈ ਹੈ। ਹਵਾ ਪ੍ਰਦੂਸ਼ਣ ਦਾ ਮੁੱਖ ਕਾਰਨ ਫੈਕਟਰੀਆਂ ਦੀਆਂ ਚਿਮਨੀਆਂ ਤੋਂ ਨਿਕਲਣ ਵਾਲਾ ਧੂੰਆਂ, ਵਾਹਨਾਂ ਦੇ ਨਿਕਾਸ, ਢੋਆ-ਢੁਆਈ ਵਾਲੀਆਂ ਥਾਵਾਂ ਤੋਂ ਮਿੱਟੀ ਧੂੜਾਂ ਦਾ ਉੱਡਣਾ ਹਨ। ਚਿਮਨੀਆਂ ਵਿੱਚੋਂ ਨਿਕਲਣ ਵਾਲੀਆਂ ਇਹ ਜ਼ਹਿਰੀਲੀਆਂ ਗੈਸਾਂ ਕਈ ਤਰ੍ਹਾਂ ਦੇ ਰੋਗਾਂ ਨੂੰ ਜਨਮ ਦਿੰਦੀਆਂ ਹਨ। ਹਵਾ ਪ੍ਰਦੂਸ਼ਣ ਜਾਨਵਰਾਂ ਤੇ ਫਸਲਾਂ ਨੂੰ ਵੀ ਕਾਫੀ ਨੁਕਸਾਨ ਕਰਦਾ ਹੈ। ਹਵਾ ਪ੍ਰਦੂਸ਼ਣ ਕਾਰਨ ਫੇਫੜਿਆਂ ਦੇ ਕੈਂਸਰ, ਦਮਾ, ਖਾਂਸੀ, ਸਾਹ ਲੈਣ ਵਿੱਚ ਮੁਸ਼ਕਲ, ਚਮੜੀ ਰੋਗ ਹੋ ਜਾਂਦੇ ਹਨ ਤੇ ਅੱਜ-ਕੱਲ੍ਹ ਇਹ ਸਮੱਸਿਆ ਬਹੁਤ ਹੀ ਗੰਭੀਰ ਹੋ ਰਹੀ ਹੈ। ਜਦੋਂ ਫਸਲਾਂ ਦੀ ਕਟਾਈ ਹੁੰਦੀ ਹੈ, ਉਦੋਂ ਕਿਸਾਨਾਂ ਵੱਲੋਂ ਨਾੜ ਨੂੰ ਖੇਤਾਂ ਵਿੱਚ ਹੀ ਅੱਗ ਲਗਾ ਦਿੱਤੀ ਜਾਂਦੀ ਹੈ, ਤਾਂ ਇਹ ਸਮੱਸਿਆ ਹੋਰ ਵੀ ਗੰਭੀਰ ਹੋ ਜਾਂਦੀ ਹੈ। ਅਕਸਰ ਅਸੀਂ ਆਮ ਦੇਖਦੇ ਹਾਂ ਕਿ ਅਸੀਂ ਕਈ ਵਾਰ ਆਪਣੇ ਘਰਾਂ ਦਾ ਕੂੜਾ-ਕਰਕਟ ਖੁੱਲ੍ਹੇ ਵਿੱਚ ਹੀ ਜਲਾਉਣਾ ਸ਼ੁਰੂ ਕਰ ਦਿੰਦੇ ਹਾਂ। ਕਈ ਵਾਰ ਦੇਖਿਆ ਜਾਂਦਾ ਹੈ ਕਿ ਜਦੋਂ ਪੱਤਝੜ ਹੁੰਦੀ ਹੈ ਤਾਂ ਸੁੱਕੇ ਪੱਤੇ ਧਰਤੀ 'ਤੇ ਡਿੱਗ ਜਾਂਦੇ ਹਨ, ਫਿਰ ਉਨ੍ਹਾਂ ਨੂੰ ਇਕੱਠਾ ਕਰ ਕੇ ਅੱਗ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ। ਲੋਕ ਅਕਸਰ ਇਹ ਖ਼ਬਰਾਂ ਆਮ ਸੁਣਦੇ ਹਨ ਕਿ ਖੁੱਲ੍ਹੇ ਵਿੱਚ ਕੂੜੇ-ਕਰਕਟ ਨੂੰ ਜਲਾ ਦਿੱਤਾ ਗਿਆ। ਚਿੰਤਾ ਵਾਲੀ ਗੱਲ ਇਹ ਹੈ ਕਿ ਵਿਸ਼ਵ ਦੇ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਦੀ ਸੂਚੀ ਵਿੱਚ 40 ਤੋਂ ਵੱਧ ਸ਼ਹਿਰ ਭਾਰਤ ਦੇ ਹਨ। ਰਿਪੋਰਟ ਅਨੁਸਾਰ ਦੇਸ਼ ਦੀ ਅਰਥ-ਵਿਵਸਥਾ 'ਤੇ ਵੀ ਪ੍ਰਦੂਸ਼ਣ ਕਾਰਨ ਭਾਰੀ ਨੁਕਸਾਨ ਹੋ ਰਿਹਾ ਹੈ। ਅਕਸਰ ਅਸੀਂ ਦੇਖਦੇ ਹਾਂ ਕਿ ਮਨੁੱਖੀ ਕਾਰਨਾਂ ਕਰਕੇ ਵੀ ਹਵਾ ਪ੍ਰਦੂਸ਼ਣ ਵਧ ਰਿਹਾ ਹੈ। ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਅਕਸਰ ਦਿਨ ਪ੍ਰਤੀ ਦਿਨ ਦੇਸ਼ ਦੀ ਆਬਾਦੀ ਲਗਾਤਾਰ ਵਧਦੀ ਜਾ ਰਹੀ ਹੈ। ਇੰਨੀ ਆਬਾਦੀ ਨੂੰ ਵਸਾਉਣ ਲਈ ਦਰੱਖਤਾਂ ਦੀ ਕਟਾਈ ਲਗਾਤਾਰ ਜਾਰੀ ਹੈ। ਭਾਰਤ ਨੇ ਚੀਨ ਨੂੰ ਵੀ ਪਛਾੜ ਦਿੱਤਾ ਹੈ। ਚੀਨ ਵਿੱਚ ਆਬਾਦੀ ਨੂੰ ਕੰਟਰੋਲ ਕਰਨ ਲਈ ਕਾਨੂੰਨ ਦੀ ਸਖਤੀ ਨਾਲ ਪਾਲਣਾ ਹੋਈ ਹੈ। ਮਨੁੱਖ ਵੀ ਲਗਾਤਾਰ ਕੁਦਰਤ ਨਾਲ ਖਿਲਵਾੜ ਕਰ ਰਿਹਾ ਹੈ। ਜਦੋਂ ਕੋਰੋਨਾ ਮਹਾਂਮਾਰੀ ਨੇ ਭਾਰਤ ਵਿੱਚ ਦਸਤਕ ਦਿੱਤੀ ਸੀ ਤਾਂ ਪੂਰੇ ਦੇਸ਼ ਵਿੱਚ ਤਾਲਾਬੰਦੀ ਕਰ ਦਿੱਤੀ ਗਈ ਸੀ। ਅਸੀਂ ਦੇਖਿਆ ਸੀ ਕਿ ਕਸ਼ਮੀਰ ਤੋਂ ਲੈ ਕੇ ਕੰਨਿਆਕੁਮਾਰੀ ਤੱਕ ਸਾਰਾ ਵਾਤਾਵਰਣ ਸਾਫ-ਸੁਥਰਾ ਹੋ ਚੁੱਕਿਆ ਸੀ, ਕਿਉਂਕਿ ਮਨੁੱਖ ਕੈਦ ਸੀ ਤੇ ਜੀਵ-ਜੰਤੂ ਆਜ਼ਾਦ ਸਨ। ਪੂਰੇ ਦੇਸ਼ ਦੀ ਹਵਾ ਵਿਚ ਬਹੁਤ ਸੁਧਾਰ ਹੋਇਆ ਸੀ। ਅੱਜ ਫਿਰ ਪ੍ਰਦੂਸ਼ਣ ਲਗਾਤਾਰ ਵਧ ਰਿਹਾ ਹੈ। ਮਨੁੱਖ ਨੂੰ ਅਜੇ ਵੀ ਸਮਝ ਨਹੀਂ ਆਈ ਹੈ। ਜੇ ਅਸੀਂ ਲਗਾਤਾਰ ਕੁਦਰਤ ਨਾਲ ਖਿਲਵਾੜ ਕਰਦੇ ਰਹਾਂਗੇ ਤਾਂ ਸਾਨੂੰ ਨਤੀਜੇ ਭੁਗਤਣ ਲਈ ਤਿਆਰ ਰਹਿਣਾ ਪਵੇਗਾ? ਪਿਛਲੇ ਵਰ੍ਹੇ ਦਿੱਲੀ ਵਿਖੇ ਏਅਰ ਕੁਆਲਿਟੀ ਇੰਡੈਕਸ 300 ਤੋਂ ਵੀ ਉੱਪਰ ਪਹੁੰਚ ਗਿਆ ਸੀ। ਹਵਾ ਪ੍ਰਦੂਸ਼ਣ ਨੂੰ ਘਟਾਉਣ ਲਈ ਪਬਲਿਕ ਟਰਾਂਸਪੋਰਟ ਦੀ ਵਰਤੋਂ ਕਰਨੀ ਚਾਹੀਦੀ ਹੈ। ਵੱਧ ਤੋਂ ਵੱਧ ਸਰਕਾਰੀ ਪ੍ਰਾਪਤੀ ਦੀ ਵਰਤੋਂ ਕਰਨੀ ਚਾਹੀਦੀ ਹੈ। ਨਿੱਜੀ ਸਾਧਨ ਬਹੁਤ ਘੱਟ ਚਲਾਉਣੇ ਚਾਹੀਦੇ ਹਨ। ਸਾਈਕਲ ਚਲਾਉਣਾ ਚਾਹੀਦਾ ਹੈ। ਸਮਾਜ ਸੇਵੀ ਜੱਥੇਬੰਦੀਆਂ ਨੂੰ ਅੱਗੇ ਆਉਣਾ ਚਾਹੀਦਾ ਹੈ। ਲੋਕਾਂ ਨੂੰ ਜਾਗਰੂਕ ਕਰਨ ਲਈ ਜ਼ਿਲ੍ਹਾ ਪੱਧਰ 'ਤੇ ਸੈਮੀਨਾਰ ਲਗਾਉਣੇ ਚਾਹੀਦੇ ਹਨ। ਤਾਂ ਜੋ ਲੋਕ ਪ੍ਰਦੂਸ਼ਣ ਬਾਰੇ ਜਾਗਰੂਕ ਹੋ ਸਕਣ। ਸਕੂਲਾਂ ਵਿੱਚ ਅਧਿਆਪਕਾਂ ਰਾਹੀਂ ਬੱਚਿਆਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ। ਕੇਂਦਰ ਸਰਕਾਰਾਂ ਨੂੰ ਸੂਬਾ ਸਰਕਾਰਾਂ ਨਾਲ ਮਿਲ ਕੇ ਠੋਸ ਨੀਤੀ ਉਲੀਕਣੀ ਚਾਹੀਦੀ ਹੈ।

# ਅਜੇ ਬੰਗਾ ਸਾਡਾ ਕੀ ਲੱਗਦੈ?

**ਡਾਕਟਰ ਬਲਜਿੰਦਰ**

ਮੁਲਕ ਦੇ ਆਵਾਮ ਤੇ ਖਾਸਕਰ ਪੰਜਾਬ ਦੇ ਲੋਕਾਂ ਅਤੇ ਉਹਨਾਂ 'ਚੋਂ ਵੀ ਖਾਸਕਰ ਸਿੱਖਾਂ ਅੰਦਰ ਸੋਸਲ ਤੇ ਪ੍ਰਿੰਟ ਮੀਡੀਆ ਵੱਲੋਂ ਇਹ ਗੱਲ ਬਹੁਤ ਹੀ ਜ਼ੋਰ-ਸ਼ੋਰ ਨਾਲ ਪ੍ਰਚਾਰੀ ਜਾ ਰਹੀ ਹੈ ਕਿ ਦੇਖੋ ਪੰਜਾਬ ਦੇ ਲੋਕ ਤੇ ਖਾਸਕਰ ਸਿੱਖ ਭਾਈਚਾਰੇ ਦੇ ਕਿਸੇ ਵਿਅਕਤੀ ਦੇ ਕਿਸੇ ਉੱਚੇ ਮੁਕਾਮ 'ਤੇ ਪਹੁੰਚਣ ਨਾਲ ਸੰਸਾਰ ਭਰ ਅੰਦਰ ਸਿੱਖਾਂ ਦਾ ਰੁਤਬਾ ਉੱਚਾ ਹੋਇਆ ਹੈ। ਆਮ ਸਿੱਖਾਂ ਦੇ ਮੱਧ-ਵਰਗੀ ਭਾਈਚਾਰੇ ਅੰਦਰ ਵੀ ਇਹ ਗੱਲ ਧੁਮਾਈ ਜਾ ਰਹੀ ਹੈ ਕਿ ਦੇਖੋ ਪੰਜਾਬ ਦੇ ਲੋਕ ਤੇ ਸਿੱਖ ਕਿਸ ਮੁਕਾਮ 'ਤੇ ਪਹੁੰਚ ਰਹੇ ਹਨ। ਇਹ ਪ੍ਰਚਾਰ ਕਿਉਂ ਕੀਤਾ ਜਾ ਰਿਹਾ ਹੈ ਕਾਰਨ ਇਹ ਹੈ ਕਿ ਪੰਜਾਬ ਨਾਲ ਤੁਅੱਲਕ ਰੱਖਣ ਵਾਲਾ ਇੱਕ ਸਿੱਖ ਸ਼ਖਸ ਅਜੇ ਬੰਗਾ ਸੰਸਾਰ ਬੈਂਕ ਦੇ ਪ੍ਰੈਜ਼ੀਡੈਂਟ ਦੇ ਅਹੁਦੇ 'ਤੇ ਬਿਰਾਜਮਾਨ ਹੋਣ ਜਾ ਰਿਹਾ ਹੈ। ਨਾਲ ਹੀ ਮੀਡੀਆ 'ਚ ਇਹ ਵੀ ਖਬਰਾਂ ਪ੍ਰਕਾਸ਼ਤ ਹੋ ਰਹੀਆਂ ਹਨ ਕਿ ਉਸ ਨੇ ਮਾਸਟਰ ਕਾਰਡ ਦੇ ਸੀ ਈ ਓ ਦੇ ਅਹੁਦੇ 'ਤੇ ਰਹਿੰਦਿਆਂ 2021 'ਚ 206 ਮਿਲੀਅਨ ਡਾਲਰ ਦੀ ਪੂੰਜੀ ਇਕੱਤਰ ਕੀਤੀ ਸੀ ਅਤੇ ਮਾਸਟਰ ਕਾਰਡ ਦਾ ਸੀ ਈ ਓ ਰਹਿੰਦਿਆਂ ਉਹ ਹਰ ਰੋਜ਼ ਦੇ 52 ਲੱਖ ਰੁਪਏ ਕਮਾਉਂਦਾ ਸੀ। ਸੋਸਲ ਮੀਡੀਆ 'ਤੇ ਕਈ ਅਜਿਹੀਆਂ ਪੋਸਟਾਂ ਵੀ ਪਾਈਆਂ ਗਈਆਂ ਹਨ ਜਿਹਨਾਂ 'ਚ ਸਿੱਖਾਂ ਦੇ ਧੀਆਂ-ਪੁੱਤਾਂ ਨੂੰ ਪੜ੍ਹ-ਲਿਖ ਕੇ ਅਜੇ ਬੰਗਾ ਵਰਗਾ ਬਣਨ ਦੀਆਂ ਨਸੀਹਤਾਂ ਦਿੱਤੀਆਂ ਜਾ ਰਹੀਆਂ ਹਨ।

ਗੱਲ ਇਕੱਲੇ ਅਜੇ ਬੰਗਾ ਦੀ ਹੀ ਨਹੀਂ ਹੈ, ਬਲਕਿ ਪਿਛਲੇ ਅਰਸੇ ਦੌਰਾਨ ਕਿੰਨੀਆਂ ਹੀ ਬਹੁਕੌਮੀ ਕਾਰਪੋਰੇਸ਼ਨਾਂ ਦੇ ਸਿਖਰਲੇ ਅਹੁਦਿਆਂ 'ਤੇ ਭਾਰਤੀ ਟੈਕਨੋਕਰੇਟ, ਵਿੱਤੀ ਮਾਹਰ ਤੇ ਬਿਜ਼ਨੈਸ ਮਾਹਰ ਬਿਰਾਜਮਾਨ ਹੋਏ ਹਨ। ਮਿਸਾਲ ਵਜੋਂ ਸੁੰਦਰ ਪਿੱਚੱਈ ਗੂਗਲ ਦਾ, ਇੰਦਰਾ ਅਰਵਿੰਦ ਕਰਿਸਨਾ ਆਈ ਬੀ ਐੱਮ ਦਾ, ਸਾਂਤਨੂੰ ਨਰਾਇਣ ਅਡੋਬ ਦਾ, ਪਰਾਗ ਅੱਗਰਵਾਲ ਅਕਤੂਬਰ ਤੱਕ ਟਵਿੱਟਰ ਦਾ ਹੈੱਡ ਰਿਹਾ ਅਤੇ ਸੱਤਿਆ ਨਡੇਲਾ ਮਾਈਕਰੋਸਾਫਟ ਦੇ ਸੀ ਈ ਓ ਦੇ ਅਹੁਦਿਆਂ 'ਤੇ ਰਹਿੰਦਿਆਂ ਇਹਨਾਂ ਬਹੁਕੌਮੀ ਕਾਰਪੋਰੇਸ਼ਨਾਂ ਦੀ ਸੇਵਾ ਕਰ ਰਹੇ ਹਨ। ਇੰਦਰਾ ਨੂਈ ਵੀ ਪੈਪਸੀਕੋ ਦੀ ਹੈੱਡ ਹੈ। ਇੰਜ ਹੋਰ ਵੀ ਕਈ ਸਾਰੇ ਭਾਰਤੀ ਅਜਿਹੇ ਸਿਖਰਲੇ ਅਹੁਦਿਆਂ 'ਤੇ ਬਿਰਾਜਮਾਨ ਹਨ।

ਅਜਿਹੇ ਪ੍ਰਚਾਰ ਦੀ ਦੇਖਾ-ਦੇਖੀ ਮੱਧ ਵਰਗੀ ਮਾਪੇ ਵੀ ਆਪਣੇ ਬੱਚਿਆਂ ਤੋਂ ਇਹ ਆਸ ਕਰਦੇ ਹਨ ਕਿ ਫਹੁੜਿਆਂ ਨਾਲ ਪੈਸੇ ਇਕੱਠੇ ਕਰਨ ਵਾਲੇ ਇਹਨਾਂ ਵਿਅਕਤੀਆਂ ਵਾਂਗ ਉਹ ਵੀ ਆਪਣੇ ਘਰਾਂ ਦੇ ਵਾਰੇ-ਨਿਆਰੇ ਕਰ ਦੇਣ। ਉਹ ਮਾਪੇ ਔਖੇ ਹੋ-ਹੋ ਕੇ ਆਪਣੇ ਬੱਚਿਆਂ ਨੂੰ ਮਹਿੰਗੀਆਂ ਟਿਊਸ਼ਨਾਂ 'ਤੇ ਭੇਜਦੇ ਹਨ ਅਤੇ ਨਾਲ ਹੀ ਉਹਨਾਂ ਬੱਚਿਆਂ ਨੂੰ ਜ਼ਿੰਦਗੀ 'ਚ ਉੱਚੇ ਮੁਕਾਮ ਹਾਸਲ ਕਰ ਲੈਣ ਲਈ ਲਗਾਤਾਰ ਹੀ ਸਟਰੈੱਸ 'ਚ ਰੱਖਦੇ ਹਨ ਅਤੇ ਕਈ ਵਾਰ ਅਜਿਹੇ ਦਬਾਅ ਬੱਚੇ ਸਹਿਣ ਦੀ ਹਾਲਤ 'ਚ ਨਹੀਂ ਹੁੰਦੇ ਅਤੇ ਖੁਦਕਸੀਆਂ ਵਰਗੇ ਗਲਤ ਕਦਮ ਵੀ ਪੁੱਟ ਲੈਂਦੇ ਹਨ।

ਸੋਚਣ ਵਾਲੀ ਗੱਲ ਇਹ ਹੈ ਕਿ ਇਹ ਕੰਪਨੀਆਂ ਇਹਨਾਂ ਚੰਦ ਵਿਅਕਤੀਆਂ ਨੂੰ ਐਨੀਆਂ ਮੋਟੀਆਂ ਤਨਖਾਹਾਂ, ਭੱਤੇ ਅਤੇ ਸ਼ੇਅਰਾਂ ਦੇ ਰੂਪ 'ਚ ਐਨੇ ਪੈਸੇ ਅਦਾ ਕਿਉਂ ਕਰਦੀਆਂ ਹਨ? ਇਹ ਵਿਅਕਤੀ ਉਹਨਾਂ ਕੰਪਨੀਆਂ ਨੂੰ ਵਪਾਰਕ ਯੁੱਧਨੀਤੀਆਂ ਦੇ ਰੂਪ 'ਚ ਆਮ ਲੋਕਾਂ ਨੂੰ ਲੁੱਟਣ ਦੇ ਅਜਿਹੇ ਢੰਗ-ਤਰੀਕੇ ਸੁਝਾਉਂਦੇ ਹਨ, ਜਿਹੜੇ ਲੋਕਾਂ ਨੂੰ ਪਤਾ ਹੀ ਨਹੀਂ ਲੱਗਣ ਦਿੰਦੇ ਕਿ ਉਹਨਾਂ ਦੀ ਲੁੱਟ ਕੀਤੀ ਜਾ ਰਹੀ ਹੈ। ਇਹਨਾਂ 'ਦੇਸ਼ ਭਗਤ ਭਾਰਤੀਆਂ' ਨੇ ਦੇਸ਼ ਦੇ ਲੋਕਾਂ ਤੇ ਦੁਨੀਆ ਭਰ ਦੇ ਲੋਕਾਂ (ਖਪਤਕਾਰਾਂ) ਨੂੰ ਆਪਣੇ ਸ਼ਿਕੰਜੇ 'ਚ ਕੱਸਿਆ ਹੋਇਆ ਹੈ। ਇਹਨਾਂ ਦੇ ਜ਼ਰੀਏ ਹੀ ਕੰਪਨੀਆਂ ਨੇ ਆਪਣੇ ਕੋਲ ਲੋਕਾਂ ਦਾ ਬੇਥਾਹ ਡਾਟਾ ਆਪਣੀ ਗ੍ਰਿਫਤ 'ਚ ਕੀਤਾ ਹੋਇਆ ਹੈ। ਇਹ ਇਹਨਾਂ ਕੰਪਨੀਆ ਦੇ ਹੈੱਡ ਹੀ ਹਨ, ਜਿਹੜੇ ਕੰਪਨੀਆਂ ਦੇ ਅਜਿਹੇ ਗਗਨਚੁੰਬੀ ਮੁਨਾਫ਼ਿਆਂ ਦੇ ਗ੍ਰਾਫ ਨੂੰ ਹੋਰ ਉੱਚਾਈਆਂ ਤੱਕ ਲੈ ਕੇ ਜਾਣ ਦੀਆਂ 'ਘਤਿੱਤਾਂ' ਘੜਦੇ ਹਨ। ਇਹੀ ਤਾਂ ਉਹ ਸ਼ਖਸ ਹਨ ਜਿਹੜੇ ਲੋਕਾਂ ਦੀਆਂ ਜੇਬਾਂ ਖਾਲੀ ਕਰਨ ਦਾ ਸਾਮਾ ਬਣਦੇ ਹਨ। ਇਹੀ ਤਾਂ ਉਹ 'ਮਹਾਨ' ਹਸਤੀਆਂ ਹਨ ਜਿਹੜੀਆਂ ਅਜਾਰੇਦਾਰੀ (ਮਨੋਪਲੀ) ਦੀ ਦੁਰਵਰਤੋਂ 'ਚ ਉਹਨਾਂ ਕੰਪਨੀਆਂ ਦੇ ਕਰਿੰਦੇ ਬਣਦੇ ਹਨ। ਇਹਦੇ 'ਚ ਕੋਈ ਵੀ ਰੌਲਾ ਨਹੀਂ ਹੈ ਕਿ ਇਹ ਕੰਪਨੀਆਂ ਆਪਣੀ ਅਜਾਰੇਦਾਰੀ ਦੇ ਸਿਰ 'ਤੇ ਅੰਨ੍ਹੇ ਮੁਨਾਫੇ ਕਮਾਉਂਦੀਆਂ ਹਨ ਅਤੇ ਲੋਕਾਂ ਦੇ ਇਕੱਤਰ ਕੀਤੇ ਡਾਟਾ ਬੇਸ 'ਤੇ ਉਹਨਾਂ ਨੂੰ ਭਰਮਾਉਂਦੀਆਂ ਹਨ। ਅਜੇ ਪਿੱਛੇ ਜਿਹੇ ਹੀ ਐਂਡਰਾਇਡ ਦੇ ਏਕਾਧਿਕਾਰ ਦੇ ਮਾਮਲੇ 'ਚ ਗੂਗਲ ਨੂੰ 2200 ਕਰੋੜ ਰੁਪਏ ਦਾ ਜ਼ੁਰਮਾਨਾ ਕੀਤਾ ਗਿਆ ਹੈ। ਇਹਨਾਂ 'ਚੋਂ ਕਈ-ਇੱਕ ਕੰਪਨੀਆਂ ਦੇ ਕੁੱਲ ਅਸਾਸੇ ਐਨੇ ਜ਼ਿਆਦਾ ਹਨ ਕਿ ਕਈ ਮਾਮਲਿਆਂ 'ਚ ਤਾਂ ਕੱਲੇ-ਕਹਿਰੇ ਮੁਲਕਾਂ ਦੇ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) ਤੋਂ ਵੀ ਵੱਧ ਹਨ ਅਤੇ ਉਹ ਇਹਨਾਂ ਮੁਲਕਾਂ ਨੂੰ ਖਰੀਦ ਵੀ ਸਕਦੀਆਂ ਹਨ।

ਇਹਨਾਂ ਤੱਥਾਂ ਦੇ ਚਿੱਟੇ ਦਿਨ ਵਾਂਗ ਮੌਜੂਦ ਹੋਣ ਦੇ ਬਾਵਜੂਦ ਭਾਰਤੀ ਉਦੋਂ ਘਿਓ ਦੇ ਦੀਵੇ ਬਾਲਦੇ ਹਨ, ਜਦੋਂ ਕਿਤੇ ਕੋਈ ਭਾਰਤੀ ਅਜਿਹੇ ਅਹੁਦੇ 'ਤੇ ਬਿਰਾਜਮਾਨ ਹੁੰਦਾ ਹੈ।

ਸਾਨੂੰ ਇਹ ਕਦੀ ਵੀ ਨਹੀਂ ਭੁੱਲਣਾ ਚਾਹੀਦਾ ਕਿ ਇਸ ਤੋਂ ਪਹਿਲਾਂ ਵੀ ਡਾ. ਮਨਮੋਹਣ ਸਿੰਘ, ਮੌਂਟੇਕ ਸਿੰਘ ਆਹਲੂਵਾਲੀਆ ਤੇ ਰਘੂਰਮਨ ਵਰਗੇ ਵੀ ਸੰਸਾਰ ਬੈਂਕ ਦੇ ਸਿਖਰਲੇ ਅਹੁਦਿਆਂ 'ਤੇ ਬਿਰਾਜਮਾਨ ਰਹੇ ਹਨ ਅਤੇ ਸਾਮਰਾਜਵਾਦ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਾਡੇ ਦੇਸ਼ ਅੰਦਰ ਨਵਉਦਾਰਵਾਦੀ ਨੀਤੀਆਂ ਲਿਆਉਣ ਦੇ ਜ਼ਿੰਮੇਵਾਰ ਹਨ ਅਤੇ ਵਿੱਦਿਆ ਦੇ ਖੇਤਰ ਅੰਦਰ ਤਬਦੀਲੀਆਂ ਕਰਕੇ ਇਸ ਨੂੰ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਕਰਨ ਦੇ ਭਾਗੀਦਾਰ ਹਨ।

ਸੋ ਸਮਝਣ ਦੀ ਲੋੜ ਹੈ ਕਿ ਸੰਸਾਰ ਬੈਂਕ ਵਰਗੇ ਬਹੁ-ਕੌਮੀ ਅਦਾਰਿਆਂ ਅਤੇ ਬਹੁ ਕੌਮੀ ਕਾਰਪੋਰੇਸ਼ਨਾਂ ਦੇ ਮੁਖੀਆਂ ਵਜੋਂ ਇਹ ਚੰਦ ਵਿਅਕਤੀ ਆਪਣੇ ਮਾਲਕਾਂ ਦੇ ਹਿੱਤਾਂ ਦੀ ਰਾਖੀ ਹੀ ਕਰਨਗੇ, ਨਾ ਕਿ ਆਮ ਮਿਹਨਤਕਸ਼ ਵਰਗ ਦੇ ਲੋਕਾਂ ਦੇ ਹਿੱਤਾਂ ਦਾ ਧਿਆਨ ਰੱਖਣਗੇ। ਪਿੱਛਾ ਭਾਵੇਂ ਇਹਨਾਂ ਦਾ ਭਾਰਤੀ ਹੋਵੇ, ਪਰ ਉਹਨਾਂ ਦੀ ਵਫਾਦਾਰੀ ਤੇ ਹਿੱਤ ਹੀ ਹਨ, ਜਿਹਨਾਂ ਦੇ ਬਲਬੂਤੇ ਇਹਨਾਂ ਦੇ ਕਿਰਦਾਰ ਨੂੰ ਅੰਗਿਆ ਜਾਣਾ ਚਾਹੀਦਾ ਹੈ। ਅਜੇ ਬੰਗਾ ਦੇ ਬਹਾਨੇ ਅਜਿਹੇ ਹੋਰਨਾਂ ਨੂੰ ਵੀ ਪਰਖ ਲਈਏ। ਇੰਗਲੈਂਡ ਦਾ ਮੌਜੂਦਾ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੂੰ ਭੋਰਾ ਵੀ ਦਰਦ ਨਹੀਂ ਹੋਣਾ ਜਦੋਂ ਉਹਨੇ ਭਾਰਤ ਵਿਰੋਧੀ ਕਿਸੇ ਵੀ ਨੀਤੀ ਫੈਸਲੇ 'ਤੇ ਦਸਤਖਤ ਕਰਨੇ ਹੋਣਗੇ। ਉਹਦੇ ਤੋਂ ਇਸ ਤੋਂ ਉਲਟ ਆਪਣੇ ਮੁਲਕ ਇੰਗਲੈਂਡ ਵਿਰੁੱਧ ਜਾ ਕੇ ਕੋਈ ਵੀ ਫੈਸਲਾ ਲਏ ਜਾਣ ਦੀ ਤਵੱਕੋ ਕਰਨਾ ਮਹਿਜ਼ ਖਾਮਖਿਆਲੀ ਹੋਵੇਗੀ।

ਦੇਖਣ-ਪਰਖਣ ਨੂੰ ਤਾਂ ਅਜੇ ਬੰਗਾ ਸਿੱਖ ਬਾਣੇ ਵਾਲਾ ਲੱਗਦਾ ਹੈ, ਪਰ ਹੈ ਉਹ ਬੈਂਕਰ-ਇਨਵੈੱਸਟਮੈਂਟ ਕਰਨ ਵਾਲਾ। ਸੰਸਾਰ ਬੈਂਕ ਲੋਕਾਂ ਲਈ ਕਿਹੋ ਜਿਹੀ ਖੁਸ਼ਹਾਲੀ ਲੈ ਕੇ ਆਉਂਦਾ ਹੈ, ਇਸ ਬਾਰੇ ਇੱਥੇ ਬਹੁਤੀ ਚਰਚਾ ਦੀ ਲੋੜ ਨਹੀਂ ਲੱਗਦੀ। ਕਮਲਾ ਹੈਰਿਸ ਵੀ ਭਾਰਤੀ ਮੂਲ ਦੀ ਤਾਮਿਲਨਾਡੂ ਨਾਲ ਸਬੰਧਤ ਖਾਤੂਨ ਹੈ ਅਤੇ ਅਮਰੀਕਾ ਦੀ ਉੱਪ ਰਾਸ਼ਟਰਪਤੀ ਹੈ, ਪਰ ਪਿਛਲੇ ਚਾਰ ਸਾਲਾਂ ਦੇ ਤਜਰਬੇ ਨੇ ਕੀ ਦਿਖਾਇਆ ਹੈ ਕਿ ਉਹਦੀ ਭਾਰਤੀ ਮੂਲ ਦੀ ਹੋਣ ਕਰਕੇ ਭਾਰਤ ਨਾਲ ਕੋਈ ਰਿਆਇਤਦਿਲੀ ਵਾਲਾ ਵਤੀਰਾ ਅਮਰੀਕਾ ਨੇ ਦਿਖਾਇਆ ਹੋਵੇ। ਹੋਰ ਵੀ ਅਨੇਕਾਂ ਮੁਲਕਾਂ ਦੇ ਰਾਸ਼ਟਰਪਤੀ/ਵਜ਼ੀਰ/ਪ੍ਰਧਾਨ ਮੰਤਰੀ ਵੀ ਭਾਰਤੀ ਮੂਲ ਦੇ ਰਹੇ ਹਨ ਅਤੇ ਹਨ। ਸਿੰਘਾਪੁਰ, ਫਿਜ਼ੀ, ਮੌਰੀਸਸ, ਸੁਰੀਨਾਮ ਤੇ ਵੈੱਸਟ ਇੰਡੀਜ਼ ਅਤੇ ਹੋਰਨਾਂ ਦੇਸਾਂ ਅੰਦਰ ਭਾਰਤੀ ਮੂਲ ਦੇ ਲੋਕ ਉੱਚ ਅਹੁਦਿਆਂ 'ਤੇ ਰਹੇ ਹਨ।

ਸੋ ਲੋੜ ਕੱਛਾਂ ਵਜਾਉਣ ਦੀ ਨਹੀਂ ਕਿ ਫਲਾਣਾ ਭਾਰਤੀ ਅੱਜ ਐਡੇ ਮਹਾਨ ਬੈਂਕ ਜਾਂ ਵਿੱਤੀ ਅਦਾਰੇ ਦਾ ਮੁਖੀ ਥਾਪਿਆ ਗਿਆ ਹੈ। ਇਹਦੇ 'ਚ ਕੋਈ ਦੋ ਰਾਵਾਂ ਨਹੀਂ ਹਨ ਕਿ ਉਹਨਾਂ ਦੀ ਚਮੜੀ ਦਾ ਰੰਗ ਭਾਰਤੀ ਲੋਕਾਂ ਵਰਗਾ ਕਾਲਾ ਹੈ, ਉਹ ਭਾਰਤ 'ਚ ਜੰਮੇ-ਪਲੇ ਜ਼ਰੂਰ ਹੋ ਵੀ ਸਕਦੇ ਹਨ, ਪਰ ਉਹ ਭਾਰਤੀ ਨਹੀਂ ਹਨ, ਕਿਉਂਕਿ ਉਹਨਾਂ ਦੇ ਹਿੱਤ ਭਾਰਤ ਦੇ ਹਿੱਤਾਂ, ਭਾਰਤੀ ਲੋਕਾਂ ਦੇ ਹਿੱਤਾਂ ਦੇ ਮੇਚ ਦੇ ਨਹੀਂ ਹਨ। ਉਹਨਾਂ ਦੇ ਫੈਸਲਿਆਂ ਨਾਲ ਜਾਂ ਉਹਨਾਂ ਦੀ ਨਿੱਜੀ ਦੌਲਤ ਨਾਲ ਆਮ ਲੋਕਾਂ ਦਾ ਢਿੱਡ ਨਹੀਂ ਪੂਰਨਾ ਅਤੇ ਨਾ ਹੀ ਕੋਈ ਤਰੱਕੀ ਉਹਨਾਂ ਨੇ ਲਿਆਉਣੀ ਹੈ। ਉਹ ਮਹਿਜ਼ ਆਪਣੇ ਆਕਾਵਾਂ ਦੇ ਇਸ਼ਾਰਿਆਂ 'ਤੇ ਨੱਚਣ ਵਾਲੇ, ਸਾਮਰਾਜਵਾਦੀ ਪ੍ਰਬੰਧ ਦੇ ਹੱਥ-ਠੋਕੇ ਹਨ ਅਤੇ ਬਹੁਕੌਮੀ ਕਾਰਪੋਰੇਸ਼ਨਾਂ ਦੇ ਖਜ਼ਾਨਿਆਂ 'ਚ ਇਜ਼ਾਫਾ ਕਰਨ ਵਾਲੀਆਂ ਕੱਠਪੁਤਲੀਆ ਹਨ। ਲੋਕਾਂ ਦੇ ਦੁੱਖਾਂ-ਦਰਦਾਂ ਨੂੰ ਹੋਰ ਵਧਾਉਣ ਵਾਲੇ ਹਨ, ਲੋਕਾਂ ਦੇ ਖੂਨ ਨਾਲ ਹੋਲੀ ਖੇਡਣ ਵਾਲਿਆਂ ਨਾਲ ਘਿਓ-ਖਿਚੜੀ ਹਨ, ਭਾਰਤੀ ਲੋਕਾਂ ਦੇ ਡੈਟਾ ਬੇਸ ਨੂੰ ਇਕੱਤਰ ਕਰਕੇ ਅੱਗੇ ਵੇਚ ਕੇ ਦਮੜੀਆਂ ਵੱਟਣ ਵਾਲੇ ਹਨ। ਭਾਰਤ ਨਾਲ ਤੇ ਭਾਰਤ ਦੀ ਆਮ ਲੋਕਾਈ ਨਾਲ ਉਹਨਾਂ ਦਾ ਕੋਈ ਦੂਰ ਦਾ ਵਾਸਤਾ ਵੀ ਨਹੀਂ ਹੈ, ਕੋਈ ਲੈਣਾ-ਦੇਣਾ ਨਹੀਂ ਹੈ। ਆਮ ਭਾਰਤੀ ਨਾਲ ਉਹਨਾਂ ਦਾ ਰਿਸ਼ਤਾ ਇਹੋ ਜਿਹਾ ਹੈ। ਇਹ ਗੱਲ ਹਰ ਭਾਰਤੀ ਨੂੰ ਆਪਣੇ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ, ਸਮਝ ਲੈਣੀ ਚਾਹੀਦੀ ਹੈ।

*# ਮੋਬਾਇਲ : 94170-79720*

# ਪ੍ਰਾਈਵੇਟ ਸਕੂਲ ਦੁਕਾਨਦਾਰਾਂ ਜ਼ਰੀਏ ਵਿਦਿਆਰਥੀਆਂ ਦੇ ਮਾਪਿਆਂ ਦੀ ਕਰ ਰਹੇ ਨੇ ਲੁੱਟ

- ਖਬਰ ਲੱਗਣ ਦੇ ਬਾਵਜੂਦ ਪ੍ਰਸ਼ਾਸਨ ਨੇ ਅੱਖਾਂ ਮੀਚੀਆਂ
- ਸਰਕਾਰ ਨੂੰ ਸਖਤ ਐਕਸ਼ਨ ਲੈਂਦਿਆਂ ਕਮਿਸ਼ਨ ਲੈਣ ਵਾਲਿਆਂ ਸਕੂਲਾਂ ਦੀ ਮਾਨਤਾ ਕਰੇ ਰੱਦ




**ਜ਼ੀਰਾ (ਨਰਿੰਦਰ ਅਨੇਜਾ)**
ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਪਹਿਲਾਂ ਵੱਡੇ ਵੱਡੇ ਦਾਅਵੇ ਤੇ ਵਾਅਦੇ ਕੀਤੇ ਸਨ ਕਿ ਪੰਜਾਬ 'ਚ ਸਾਡੀ ਸਰਕਾਰ ਬਣਨ 'ਤੇ ਅਸੀਂ ਭ੍ਰਿਸ਼ਟਾਚਾਰ ਤੇ ਰਿਸ਼ਵਤਖੋਰੀ ਨੂੰ ਜੜ੍ਹ ਤੋਂ ਖਤਮ ਕਰਾਂਗੇ ਤੇ ਪ੍ਰਾਈਵੇਟ ਸਕੂਲਾਂ ਦੀ ਮਨਮਰਜ਼ੀ 'ਤੇ ਨਕੇਲ ਪਾਵਾਂਗੇ। ਲੋਕਾਂ ਨੇ ਵੀ ਕਾਂਗਰਸ ਤੇ ਅਕਾਲੀ-ਭਾਜਪਾ ਪਾਰਟੀਆਂ ਦੀਆਂ ਸਰਕਾਰਾਂ ਤੋਂ ਦੁਖੀ ਹੋ ਕੇ ਆਮ ਆਦਮੀ ਪਾਰਟੀ ਨੂੰ ਭਾਰੀ ਬਹੁਮੱਤ ਨਾਲ ਸੱਤਾ ਵਿੱਚ ਲਿਆਂਦਾ, ਪਰ ਲੋਕਾਂ ਦਾ ਵਿਸ਼ਵਾਸ ਆਮ ਆਦਮੀ ਪਾਰਟੀ ਤੋਂ ਵੀ ਉੱਠਦਾ ਜਾਂਦਾ ਨਜ਼ਰ ਆ ਰਿਹਾ ਹੈ, ਕਿਉਂਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਨੂੰ 1 ਸਾਲ ਤੋਂ ਉੱਪਰ ਹੋ ਗਿਆ ਹੈ, ਪਰ ਪ੍ਰਾਈਵੇਟ ਸਕੂਲ ਵਾਲਿਆਂ ਵੱਲੋਂ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਦੀ ਲੁੱਟ ਲਗਾਤਾਰ ਜਾਰੀ ਹੈ। ਜ਼ੀਰਾ ਦੇ ਪ੍ਰਾਈਵੇਟ ਸਕੂਲਾਂ ਨੇ ਸਰਕਾਰ ਦੇ ਹੁਕਮਾਂ ਨੂੰ ਟਿੱਚ ਜਾਣਦੇ ਹੋਏ ਆਪਣੇ ਮਨਪਸੰਦ ਦੇ ਰੇਟ ਲਾ ਕੇ ਆਪਣੇ ਮਨਪਸੰਦ ਦੀਆਂ ਦੁਕਾਨਾਂ ਉੱਪਰ ਕਾਪੀਆਂ, ਕਿਤਾਬਾਂ ਤੇ ਸਟੇਸ਼ਨਰੀ ਰਖਵਾ ਦਿੱਤੀ ਹੈ ਅਤੇ ਦੁਕਾਨਦਾਰ ਕਿਤਾਬਾਂ, ਕਾਪੀਆਂ ਪ੍ਰਿੰਟ ਰੇਟ 'ਤੇ ਵੇਚੇਗਾ, ਇਸ ਤੋਂ ਬਾਅਦ ਸਕੂਲਾਂ ਨੂੰ 40 ਪ੍ਰਤੀਸ਼ਤ ਦੇ ਕਰੀਬ ਕਮੀਸ਼ਨ ਦੇਵੇਗਾ। ਸਿੱਖਿਆ ਵਿਭਾਗ ਪ੍ਰਾਈਵੇਟ ਸਕੂਲਾਂ ਨੂੰ ਇਹ ਆਦੇਸ਼ ਦੇ ਕੇ ਪੱਲਾ ਝਾੜ ਲੈਂਦਾ ਹੈ ਕਿ ਸਾਰੀਆਂ ਦੁਕਾਨਾਂ 'ਤੇ ਕਿਤਾਬਾਂ, ਕਾਪੀਆਂ ਦੀ ਲਿਸਟ ਭੇਜ ਦਿਓ, ਪਰ ਅਸਲ ਵਿੱਚ ਪ੍ਰਸ਼ਾਸਨ ਦੀ ਕਥਿਤ ਮਿਲੀਭੁਗਤ ਨਾਲ ਹੀ ਪ੍ਰਾਈਵੇਟ ਸਕੂਲ ਬੱਚਿਆਂ ਦੇ ਮਾਪਿਆਂ ਨੂੰ ਲੁੱਟ ਰਹੇ ਹਨ। ਅੱਜ ਤੱਕ ਉਨ੍ਹਾਂ ਨੇ ਕਦੇ ਜਾ ਕੇ ਦੇਖਿਆ ਕਿ ਵਾਕਿਆ ਹੀ ਪ੍ਰਾਈਵੇਟ ਸਕੂਲਾਂ ਦੀਆਂ ਕਾਪੀਆਂ, ਕਿਤਾਬਾਂ ਸਾਰੀਆਂ ਦੁਕਾਨਾਂ ਤੋਂ ਮਿਲ ਰਹੀਆਂ ਹਨ ਕਿ ਨਹੀਂ? ਇਸ ਤੋਂ ਪਤਾ ਲੱਗਦਾ ਹੈ ਕਿ ਪ੍ਰਸ਼ਾਸਨ ਵੀ ਪ੍ਰਾਈਵੇਟ ਸਕੂਲਾਂ ਵਾਲਿਆਂ ਨਾਲ ਮਿਲਿਆ ਹੋਇਆ ਹੈ। ਜ਼ੀਰਾ ਸ਼ਹਿਰ ਵਿੱਚ ਇਥੇ ਹੀ ਬਸ ਨਹੀਂ, ਜਿਹੜੇ ਸਮਾਜ ਸੇਵਾ ਦੇ ਨਾਮ 'ਤੇ ਸਕੂਲ ਚਲਾ ਰਹੇ ਹਨ, ਉਨ੍ਹਾਂ ਨੇ ਵੀ ਆਪਣੇ ਮਨ ਪਸੰਦ ਦੀਆਂ ਦੁਕਾਨਾਂ 'ਤੇ ਕਿਤਾਬਾਂ, ਕਾਪੀਆਂ ਰਖਵਾ ਦਿੱਤੀਆਂ ਹਨ, ਉਹ ਵੀ ਮੋਟਾ ਕਮੀਸ਼ਨ ਲੈ ਕੇ ਆਪਣੀਆਂ ਜੇਬਾਂ ਭਰ ਰਹੇ ਹਨ। ਪ੍ਰਾਈਵੇਟ ਸਕੂਲਾਂ ਤੋਂ ਦੁਖੀ ਲੋਕ ਤਾਂ ਇੱਥੋਂ ਤੱਕ ਕਹਿ ਰਹੇ ਹਨ ਕਿ ਜੇਕਰ ਸਿੱਖਿਆ ਮੰਤਰੀ ਪ੍ਰਾਈਵੇਟ ਸਕੂਲਾਂ 'ਤੇ ਜੇ ਕਾਰਵਾਈ ਕਰਨਾ ਚਾਹੁੰਦੇ ਹਨ ਤਾਂ ਅਸੀਂ ਸਬੂਤ ਵੀ ਦੇ ਸਕਦੇ ਹਾਂ, ਪਰ ਖਬਰ ਲੱਗਣ ਦੇ ਬਾਵਜੂਦ ਪ੍ਰਸ਼ਾਸਨ ਨੇ ਅੱਖਾਂ ਮੀਚੀਆਂ ਹੋਈਆਂ ਹਨ।

ਇਸ ਤੋਂ ਪਤਾ ਲੱਗਦਾ ਹੈ ਕਿ ਦਾਲ ਵਿੱਚ ਕੁਝ ਕਾਲਾ ਹੈ, ਜਾਂ ਦਾਲ ਹੀ ਕਾਲੀ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਸਿੱਖਿਆ ਮੰਤਰੀ ਅਤੇ ਪ੍ਰਸ਼ਾਸਨ ਪ੍ਰਾਈਵੇਟ ਸਕੂਲਾਂ ਵਿਰੁੱਧ ਕੋਈ ਸਖਤ ਐਕਸ਼ਨ ਲੈਂਦਿਆਂ ਕਮੀਸ਼ਨ ਲੈਣ ਵਾਲੇ ਸਕੂਲਾਂ ਦੀ ਮਾਨਤਾ ਰੱਦ ਕਰਦਾ ਹੈ ਜਾਂ ਫਿਰ ਹਰ ਸਾਲ ਦੀ ਇਸ ਸਾਲ ਵੀ ਸਕੂਲੀ ਬੱਚਿਆਂ ਦੇ ਮਾਪਿਆਂ ਦੀ ਲੁੱਟ ਹੁੰਦੀ ਰਹੇਗੀ ਜਾਂ ਫਿਰ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਸਿੱਖਿਆ ਮੰਤਰੀ ਬਿਆਨਾਂ ਤੱਕ ਹੀ ਆਪਣੇ ਆਪ ਨੂੰ ਅਤੇ ਆਪਣੀ ਪਾਰਟੀ ਨੂੰ ਇਮਾਨਦਾਰੀ ਦਾ ਢੰਡੋਰਾ ਪਿੱਟਦੇ ਰਹਿਣਗੇ।

# ਨਸ਼ੀਲੇ ਪਦਾਰਥਾਂ ਨੂੰ ਨਸ਼ਟ ਕਰਨਾ ਇੱਕ ਕਾਨੂੰਨੀ ਪ੍ਰਕਿਰਿਆ : ਐੱਸ ਐੱਸ ਪੀ

**ਭਾਰੀ ਮਾਤਰਾ 'ਚ ਨਸ਼ੀਲੇ ਪਦਾਰਥ ਨਸ਼ਟ ਕੀਤੇ ਗਏ**



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਅੰਦਰ ਬੀਤੇ ਸਮੇਂ ਵਿੱਚ ਨਸ਼ੀਲੇ ਪਦਾਰਥਾਂ ਦੀ ਵਿਕਰੀ ਤੇ ਵਰਤੋਂ ਨੂੰ ਖਤਮ ਕਰਨ ਲਈ ਪੁਲਸ ਵਿਭਾਗ ਵੱਲੋਂ ਸਿਰ ਤੋੜ ਕੋਸ਼ਿਸ਼ਾਂ ਕੀਤੀਆਂ ਜਾ ਰਹੀਆ ਹਨ। ਇਸ ਮਕਸਦ ਦੀ ਪੂਰਤੀ ਲਈ ਇਸ ਜ਼ਿਲ੍ਹਾ ਦੇ ਪੁਲਸ ਮੁਖੀ ਹਰਮਨਬੀਰ ਸਿੰਘ ਗਿੱਲ ਆਈ.ਪੀ.ਐੱਸ. ਆਪਣੀ ਖੁਦ ਦੀ ਕਮਾਂਡ ਹੇਠ ਇੱਕ ਵਿਸ਼ੇਸ਼ ਰਣਨੀਤੀ ਬਣਾ ਕੇ ਜ਼ਿਲ੍ਹਾ ਭਰ ਦੇ ਥਾਣਾ ਮੁਖੀਆਂ ਤੇ ਗਜ਼ਟਿਡ ਪੁਲਸ ਅਫਸਰਾਂ ਨੂੰ ਸਮੇਂ ਸਮੇਂ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਂਦੇ ਹਨ। ਇਸ ਦੇ ਸਿੱਟੇ ਵਜੋਂ ਪਿਛਲੇ ਕੁਝ ਸਮੇਂ ਅੰਦਰ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਪੁਲਸ ਵੱਲੋਂ ਭਾਰੀ ਮਾਤਰਾ ਵਿਚ ਨਸ਼ੀਲੇ ਪਦਾਰਥਾਂ ਦੀ ਬ੍ਰਾਮਦਗੀ ਤੇ ਨਸ਼ਾ ਤਸਕਰਾਂ ਨੂੰ ਕਾਬੂ ਕੀਤਾ ਗਿਆ ਹੈ। ਭਾਵੇਂ ਕਿ ਜ਼ਿਲ੍ਹਾ ਪੁਲਸ ਵੱਲੋਂ ਬ੍ਰਾਮਦ ਕੀਤੇ ਗਏ ਨਸ਼ੀਲੇ ਪਦਾਰਥਾਂ ਨੂੰ ਬਕਾਇਦਾ ਸੀਲ ਬੰਦ ਪਾਰਸਲਾਂ ਤੇ ਉੱਚ ਪੱਧਰੀ ਸੁਰੱਖਿਆ ਤੇ ਨਿਗਰਾਨੀ ਹੇਠ ਰੱਖਿਆ ਜਾ ਰਿਹਾ ਹੈ ਤੇ ਇਸ ਪ੍ਰਕਾਰ ਸਟੋਰ ਕੀਤੇ ਗਏ ਨਸ਼ੀਲੇ ਪਦਾਰਥਾਂ ਨੂੰ ਵਿਭਾਗ ਦੇ ਸੀਨੀਅਰ ਅਫਸਰਾਂ ਵੱਲੋਂ ਸਮੇ ਸਮੇ ਚੈੱਕ ਵੀ ਕੀਤਾ ਜਾਂਦਾ ਹੈ, ਪ੍ਰੰਤੂ ਇੰਨ੍ਹਾ ਨਸ਼ੀਲੇ ਪਦਾਰਥਾਂ ਨੂੰ ਅਦਾਲਤੀ ਪ੍ਰਤੀਕ੍ਰਿਆ 'ਚ ਗੁਜ਼ਰਨ ਤੋਂ ਬਾਅਦ ਨਸ਼ਟ ਕਰਨਾ ਵੀ ਜ਼ਰੂਰੀ ਹੋ ਜਾਂਦਾ ਹੈ। ਇਸ ਸਬੰਧੀ ਸਮੇਂ ਸਮੇਂ ਮਾਨਯੋਗ ਸੁਪਰੀਮ ਕੋਰਟ ਵੱਲੋਂ ਲੋੜੀਂਦੇ ਦਿਸ਼ਾ ਨਿਰਦੇਸ਼ ਤਹਿਤ ਇਕ ਕਮੇਟੀ ਬਣਾਈ ਗਈ ਤੇ ਐੱਨ.ਡੀ.ਪੀ.ਐੱਸ. ਨਾਲ ਸਬੰਧਤ ਮੁਕੱਦਮਿਆਂ ਦਾ ਮਾਲ ਯੂਨੀਵਰਸਲ ਬਾਇਓਮੈਸ ਪਲਾਂਟ ਪਿੰਡ ਚੰਨੂ ਵਿਖੇ ਨਸ਼ਟ ਕੀਤਾ ਗਿਆ ਹੈ। ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਇਸ ਸਮੁੱਚੀ ਪ੍ਰਕੀਰਿਆ ਦੀ ਵੀਡੀਓਗ੍ਰਾਫੀ ਵੀ ਕਰਵਾਈ ਗਈ। ਨਸ਼ੀਲੇ ਪਦਾਰਥਾਂ ਨੂੰ ਨਸ਼ਟ ਕਰਨ ਲਈ ਬਣਾਈ ਗਈ ਕਮੇਟੀ ਵਿੱਚ ਸ. ਹਰਮਨਬੀਰ ਸਿੰਘ ਗਿੱਲ ਐੱਸ ਪੀ ਸ੍ਰੀ ਮੁਕਤਸਰ ਸਾਹਿਬ, ਸ੍ਰੀ ਕੁਲਵੰਤ ਰਾਏ ਕਪਤਾਨ ਪੁਲਸ (ਐਚ) ਸ੍ਰੀ ਮੁਕਤਸਰ ਸਾਹਿਬ ਤੇ ਸ੍ਰੀ ਸਰਬਜੀਤ ਸਿੰਘ ਉੱਪ ਕਪਤਾਨ ਪੁਲਸ (ਡੀ) ਫਰੀਦਕੋਟ ਹਨ, ਜਿਨ੍ਹਾਂ ਦੀ ਨਿਗਰਾਨੀ ਹੇਠ ਪਾਰਦਰਸ਼ੀ ਪ੍ਰਕਿਰਿਆ ਰਾਹੀਂ ਮਾਲ ਮੁਕੱਦਮੇ ਨੂੰ ਨਸ਼ਟ ਕੀਤਾ ਕੀਤਾ ਗਿਆ।

## ਸਾਬਕਾ ਡੀ.ਐੱਸ.ਪੀ. ਜਗਦੀਸ਼ ਕੁਮਾਰ ਨੂੰ ਸਦਮਾ, ਮਾਤਾ ਦਾ ਦੇਹਾਂਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਥਾਨਕ ਸਬ ਡਵੀਜ਼ਨ ਦੇ ਸੇਵਾ ਮੁਕਤ ਡੀ.ਐੱਸ.ਪੀ. ਜਗਦੀਸ਼ ਕੁਮਾਰ ਦੇ ਮਾਤਾ ਚਾਂਦ ਬਾਈ (92) ਧਰਮਪਤਨੀ ਸਵ: ਪ੍ਰਤਾਪ ਰਾਮ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਹਨ। ਮਾਤਾ ਜੀ ਦੇ ਅਕਾਲ ਚਲਾਣੇ 'ਤੇ ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ, ਚੇਅਰਮੈਨ ਇੰਜ. ਅਸ਼ੋਕ ਕੁਮਾਰ ਭਾਰਤੀ, ਸੀਨੀਅਰ ਮੀਤ ਪ੍ਰਧਾਨ ਨਿਰੰਜਣ ਸਿੰਘ ਰੱਖਰਾ ਸਮੇਤ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਨੇ ਡੀ.ਐੱਸ.ਪੀ. ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਪਰਿਵਾਰ ਲਈ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ। ਸਵ: ਮਾਤਾ ਚਾਂਦ ਬਾਈ ਨਮਿੱਤ ਅੰਤਿਮ ਅਰਦਾਸ ਤੇ ਪਾਠ ਦਾ ਭੋਗ 02 ਅਪ੍ਰੈਲ ਨੂੰ ਦੁਪਹਿਰ ਦੇ 12:00 ਤੋਂ 1:00 ਵਜੇ ਤੱਕ ਉਨ੍ਹਾਂ ਦੇ ਜੱਦੀ ਪਿੰਡ ਝੋਰੜ ਦੇ ਗੁਰਦੁਆਰਾ ਸ੍ਰੀ ਸਿੰਘ ਸਭਾ ਵਿਖੇ ਪਾਇਆ ਜਾਵੇਗਾ, ਜਿੱਥੇ ਪਰਿਵਾਰਕ ਮੈਂਬਰ, ਰਿਸ਼ਤੇਦਾਰ ਤੇ ਹੋਰ ਸੱਜਣ ਸਨੇਹੀ ਉਨ੍ਹਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ।

## ਪਾਥਵੇਜ਼ ਗਲੋਬਲ ਸਕੂਲ ਨੇ 'ਰਾਮ ਨੌਮੀ ਦਾ ਦਿਹਾੜਾ' ਮਨਾਇਆ



**ਕੋਟ ਈਸੇ ਖਾਂ (ਅਰੋੜਾ)**-ਪਾਥਵੇਜ਼ ਗਲੋਬਲ ਸਕੂਲ ਕੋਟ ਈਸੇ ਖਾਂ ਜੋ ਇਲਾਕੇ ਦਾ ਨਾਮਵਾਰ ਆਈ ਸੀ ਐੱਸ ਈ ਦਿੱਲੀ ਬੋਰਡ ਤੋਂ ਮਾਨਤਾ ਪ੍ਰਾਪਤ ਸਕੂਲ ਹੈ ਤੇ ਆਪਣੇ ਬੱਚਿਆਂ ਨੂੰ ਵਰਲਡ ਕਲਾਸ ਦੀ ਐਜੂਕੇਸ਼ਨ ਦੇ ਰਿਹਾ ਹੈ, ਵਿਖੇ ਅੱਜ 'ਰਾਮ ਨੌਮੀ ਦਾ ਦਿਹਾੜਾ' ਮਨਾਇਆ ਗਿਆ। ਪਾਥਵੇਜ਼ ਗਲੋਬਲ ਸਕੂਲ ਦੇ ਵਿਦਿਆਰਥੀਆਂ ਨੇ ਰਾਮ ਨੌਮੀ ਦੇ ਜਸ਼ਨ 'ਚ ਉਤਸ਼ਾਹ ਨਾਲ ਭਾਗ ਲਿਆ। ਸਭ ਤੋਂ ਵੱਧ ਧਿਆਨ ਦੇਣ ਯੋਗ ਪ੍ਰਭੂ ਦੀ ਉਸਤਤ ਵਿੱਚ ਅਧਿਆਪਕਾਂ ਦੁਆਰਾ ਦਿੱਤਾ ਗਿਆ ਭਾਸ਼ਣ ਸੀ। ਇਸ ਦਿਨ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਦੱਸਿਆ ਤੇ ਵਿਦਿਆਰਥੀਆਂ ਨੂੰ ਉਨ੍ਹਾਂ ਗੁਣਾਂ ਬਾਰੇ ਜਾਗਰੂਕ ਕੀਤਾ, ਜਿਨ੍ਹਾਂ ਨੂੰ ਸਾਡੇ ਰੋਜ਼ਾਨਾ ਜੀਵਨ 'ਚ ਧਾਰਨ ਕਰਨ ਤੇ ਅਪਣਾਉਣ ਦੀ ਲੋੜ ਹੈ। ਇਸ ਮੌਕੇ ਸਕੂਲ ਦੇ ਡਾਇਰੈਕਟਰ ਬੀ. ਐੱਲ. ਵਰਮਾ, ਪ੍ਰਿੰਸੀਪਲ ਪਵਨ ਕੁਮਾਰ ਠਾਕੁਰ, ਡੀਨ ਮੈਡਮ ਪਰਮਿੰਦਰ ਤੂਰ, ਸਕੂਲ ਦੇ ਕਮੇਟੀ ਮੈਂਬਰ ਚੇਅਰਮੈਨ ਸੁਰਜੀਤ ਸਿੰਘ ਸਿੱਧੂ, ਪ੍ਰੈਜ਼ੀਡੈਂਟ ਡਾ. ਅਨਿਲਜੀਤ ਕੰਬੋਜ, ਵਾਈਸ-ਚੇਅਰਮੈਨ ਅਵਤਾਰ ਸਿੰਘ ਸੋਧ ਨੇ ਵਿਦਿਆਰਥੀਆਂ ਨੂੰ 'ਰਾਮ ਨੌਮੀ ਦਾ ਦਿਹਾੜੇ' ਦੀਆਂ ਵਧਾਈਆਂ ਦਿੱਤੀਆਂ ਤੇ ਵਿਦਿਆਰਥੀਆਂ ਦਾ ਹੌਸਲਾ ਵਧਾਇਆ।

## ਕਾਤਰਾਂ

### ਸੁਪਰੀਮ ਇੰਟਰਨੈਸ਼ਨਲ ਸਕੂਲ 'ਚ ਨਵੇਂ ਸੈਸ਼ਨ ਦੀ ਸ਼ੁਰੂਆਤ

**ਮਹਿਲ ਕਲਾਂ (ਬਲਵਿੰਦਰ ਵਜੀਦਕੇ)**-ਇਲਾਕੇ ਦੀ ਉੱਘੀ ਵਿੱਦਿਆ ਸੰਸਥਾ ਸੁਪਰੀਮ ਇੰਟਰਨੈਸ਼ਨਲ ਸਕੂਲ ਕਸਬਾ ਮਹਿਲ ਕਲਾਂ ਵਿਖੇ ਸੰਸਥਾ ਦੇ ਚੇਅਰਮੈਨ ਯੋਗਗਿੰਦਰ ਸ਼ਰਮਾ, ਮੈਨੇਜਰ ਡਾਇਰੈਕਟਰ ਡਾ. ਚਰਨ ਸਿੰਘ ਭਦੌੜ, ਪ੍ਰਿੰਸੀਪਲ ਸ਼ਿਆਮਾ ਨਾਇਰ ਦੀ ਯੋਗ ਅਗਵਾਈ ਹੇਠ ਸਮੂਹ ਸਟਾਫ ਦੇ ਸਹਿਯੋਗ ਨਾਲ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਨਵੇਂ ਸੈਸ਼ਨ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਸੰਸਥਾ ਦੇ ਚੇਅਰਮੈਨ ਯੋਗਗਿੰਦਰ ਸ਼ਰਮਾ, ਮੈਨੇਜਰ ਡਾਇਰੈਕਟਰ ਡਾਕਟਰ ਚਰਨ ਸਿੰਘ ਭਦੌੜ, ਪ੍ਰਿੰਸੀਪਲ ਸ਼ਿਆਮਾ ਨਾਇਰ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਓਟ ਆਸਰਾ ਲੈ ਕੇ ਕੰਮ ਚਲਾਉਣ ਨਾਲ ਹਮੇਸ਼ਾ ਤਰੱਕੀ ਵੱਲ ਵਧਿਆ ਜਾ ਸਕਦਾ ਉਨ੍ਹਾਂ ਵਿੱਦਿਆ ਸੰਸਥਾ ਦੇ ਚੱਲ ਰਹੇ ਨਵੇਂ ਸੈਸ਼ਨ ਅਤੇ ਹੋਰ ਗਤੀਵਿਧੀਆਂ ਦੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਇਸ ਮੌਕੇ ਬੱਚਿਆਂ ਦੀ ਚੰਗੀ ਸਿਹਤ ਅਤੇ ਸੁਨਹਿਰੀ ਭਵਿੱਖ ਦੀ ਪ੍ਰਮਾਤਮਾ ਅੱਗੇ ਅਰਦਾਸ ਬੇਨਤੀ ਕੀਤੀ।

### ਬਾਗੜੀਆਂ ਦੇ ਸਰਪੰਚ ਨੂੰ ਕੀਤਾ ਮੁਅੱਤਲ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਡਾਇਰੈਕਟਰ ਪੇਂਡੂ ਵਿਕਾਸ ਤੇ ਪੰਚਾਇਤ ਪੰਜਾਬ ਵੱਲੋਂ ਜ਼ਿਲ੍ਹੇ ਦੇ ਬਲਾਕ ਸਰਹਿੰਦ 'ਚ ਪੈਂਦੇ ਪਿੰਡ ਬਾਗੜੀਆਂ ਦੇ ਸਰਪੰਚ ਨੂੰ ਮੁਅੱਤਲ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਵਿਭਾਗ ਦੇ ਡਾਇਰੈਕਟਰ ਨੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਫ਼ਤਹਿਗੜ੍ਹ ਸਾਹਿਬ ਵੱਲੋਂ ਭੇਜੀਆਂ ਗਈਆਂ ਰਿਪੋਰਟਾਂ ਨੂੰ ਸਰਪੰਚ ਦੀ ਮੁਅੱਤਲੀ ਦਾ ਆਧਾਰ ਬਣਾਇਆ, ਜਿਨ੍ਹਾਂ ਵਿੱਚ ਦੱਸਿਆ ਗਿਆ ਸੀ ਕਿ ਪਿੰਡ ਬਾਗੜੀਆਂ ਦੇ ਸਰਪੰਚ ਕੁਲਵਿੰਦਰ ਸਿੰਘ ਵੱਲੋਂ ਗਰੀਬ ਤੇ ਲੋੜਵੰਦਾਂ ਲਈ ਕੱਟੇ ਗਏ ਪਲਾਟਾਂ ਦੀ ਬੋਲੀ ਕਰਨ 'ਚ, ਮੀਟਿੰਗਾਂ ਕਰਨ 'ਚ ਤੇ ਪਿੰਡ ਦੇ ਵਿਕਾਸ ਦੇ ਕੰਮਾਂ 'ਚ ਕੋਈ ਦਿਲਚਸਪੀ ਨਾ ਦਿਖਾ ਕੇ ਫਰਜ਼ਾਂ 'ਚ ਕੁਤਾਹੀ ਵਰਤੀ ਗਈ ਹੈ। ਜਾਰੀ ਕੀਤੇ ਗਏ ਹੁਕਮਾਂ 'ਚ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਸਰਹਿੰਦ ਨੂੰ ਹਦਾਇਤ ਕੀਤੀ ਗਈ ਹੈ ਕਿ ਗ੍ਰਾਮ ਪੰਚਾਇਤ ਬਾਗੜੀਆਂ ਦੇ ਨਾਮ 'ਤੇ ਬੈਂਕ 'ਚ ਚਲਦੇ ਖਾਤੇ ਸੀਲ ਕਰਕੇ ਉਸ ਪਾਸੋਂ ਚਾਰਜ ਲੈ ਕੇ ਦਫਤਰ ਨੂੰ ਭੇਜਿਆ ਜਾਵੇ।

### ਨੌਜਵਾਨ ਨੇ ਲੜਕੀ ਦੇ ਚਿਹਰੇ 'ਤੇ ਸੁੱਟਿਆ ਤੇਜ਼ਾਬ

**ਮਲੋਟ (ਗੁਰਮੀਤ ਸਿੰਘ ਮੱਕੜ)**-ਬੀਤੀ ਸ਼ਾਮ ਸਥਾਨਕ ਪਟੇਲ ਨਗਰ ਵਿਖੇ ਨੌਜਵਾਨ ਵੱਲੋਂ ਸਕੂਟਰੀ ਸਵਾਰ ਲੜਕੀ 'ਤੇ ਬੋਤਲ ਨਾਲ ਤੇਜ਼ਾਬ ਸੁੱਟਣ ਦਾ ਦੁਖਦਾਈ ਮਾਮਲਾ ਸਾਹਮਣੇ ਆਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੀੜਤ ਲੜਕੀ ਮੇਨ ਬਜ਼ਾਰ ਵਿਚ ਇੱਕ ਰੈਡੀਮੇਡ ਕੱਪੜਿਆਂ ਦਾ ਦੁਕਾਨ 'ਤੇ ਕੰਮ ਕਰਦੀ ਸੀ ਅਤੇ ਸ਼ਾਮ ਨੂੰ ਸਕੂਟਰੀ 'ਤੇ ਜਦੋਂ ਉਹ ਆਪਣੇ ਘਰ ਜਾ ਰਹੀ ਸੀ ਤਾਂ ਜਦੋਂ ਪਟੇਲ ਨਗਰ ਪਹੁੰਚੀ ਤਾਂ ਇੱਕ ਨੌਜਵਾਨ ਨੇ ਬੋਤਲ ਨਾਲ ਉਸ ਦੇ ਚਿਹਰੇ 'ਤੇ ਤੇਜ਼ਾਬ ਸੁੱਟ ਦਿੱਤਾ ਅਤੇ ਨੌਜਵਾਨ ਉਥੋਂ ਫਰਾਰ ਹੋ ਗਿਆ, ਜਿਸ ਉਪਰੰਤ ਲੜਕੀ ਨੂੰ ਸਿਵਲ ਹਸਪਤਾਲ ਵਿਖੇ ਦਾਖਿਲ ਕਰਵਾਇਆ ਗਿਆ, ਪ੍ਰੰਤੂ ਉਸ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਉਸ ਨੂੰ ਫ਼ਰੀਦਕੋਟ ਰੈਫ਼ਰ ਕਰ ਦਿੱਤਾ। ਨੌਜਵਾਨ ਵੱਲੋਂ ਤੇਜ਼ਾਬ ਸੁੱਟਣ 'ਤੇ ਲੜਕੀ ਦਾ 60 ਫ਼ੀਸਦੀ ਹਿੱਸਾ ਝੁਲਸ ਗਿਆ ਹੈ। ਪੁਲਸ ਵੱਲੋਂ ਨੌਜਵਾਨ 'ਤੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਲੇਖਾਕਾਰ ਭੁਪਿੰਦਰ ਸਿੰਘ ਧਾਲੀਵਾਲ ਦੀ ਸੇਵਾ-ਮੁਕਤੀ 'ਤੇ ਪ੍ਰੋਗਰਾਮ



**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਰਕੀਟ ਕਮੇਟੀ ਦੇ ਲੇਖਾਕਾਰ ਭੁਪਿੰਦਰ ਸਿੰਘ ਧਾਲੀਵਾਲ ਦੀ ਸੇਵਾ ਮੁਕਤੀ ਤੇ ਚੀਮਾ ਮੰਡੀ ਵਿਖੇ ਇੱਕ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਕਸਬੇ ਦੇ ਪਤਵੰਤਿਆਂ ਨੇ ਸ਼ਾਮਲ ਹੋ ਕੇ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਵੀ ਭੇਟ ਕੀਤੇ। ਇਸ ਮੌਕੇ ਬੁਲਾਰਿਆਂ ਨੇ ਮਾਣ ਸਨਮਾਨ ਭਰੀ ਸੇਵਾ ਮੁਕਤੀ ਤੇ ਮੁਬਾਰਕਾਂ ਦਿੰਦਿਆਂ ਕਿਹਾ ਕਿ ਭੁਪਿੰਦਰ ਸਿੰਘ ਧਾਲੀਵਾਲ ਮਾਰਕਿਟ ਕਮੇਟੀ ਵਿੱਚ 1987 'ਚ ਬਤੌਰ ਕਲਰਕ ਭਰਤੀ ਹੋ ਕੇ 36 ਸਾਲ ਦੀ ਸਰਵਿਸ ਦੌਰਾਨ ਲੇਖਾਕਾਰ ਵਜੋਂ ਮਾਰਕੀਟ ਕਮੇਟੀ ਭੀਖੀ ਤੋਂ ਸੇਵਾ ਮੁਕਤ ਹੋਏ ਹਨ ਤੇ ਇਸ ਦੌਰਾਨ ਉਨ੍ਹਾਂ ਬੇਦਾਗ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਈ ਹੈ। ਉਨ੍ਹਾਂ ਦਾ ਸਟਾਫ ਸੁਥਰਾ ਆਚਰਣ ਹੋਰ ਮੁਲਾਜ਼ਮਾਂ ਲਈ ਰਾਹ ਦਸੇਰਾ ਰਹੇਗਾ। ਇਸ ਸਮੇਂ ਭੁਪਿੰਦਰ ਸਿੰਘ ਧਾਲੀਵਾਲ ਨੇ ਇਸ ਸਮਾਗਮ 'ਚ ਪਹੁੰਚੀਆਂ ਸ਼ਖ਼ਸੀਅਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣਾ ਅਗਾਮੀ ਜੀਵਨ ਸਮਾਜ ਸੇਵਾ ਵਿੱਚ ਲਗਾਉਣਗੇ। ਇਸ ਸਮਾਗਮ ਦੌਰਾਨ ਬੱਗਾ ਦੇ ਮਲਵਈ ਗਰੁੱਪ ਵੱਲੋਂ ਆਪਣਾ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ ਤੇ ਇਸ ਮੌਕੇ ਫਿਲਮੀ ਲੇਖਕ ਰਾਜੂ ਵਰਮਾ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਦੌਰਾਨ ਮੰਚ ਸੰਚਾਲਨ ਕੁਲਵੰਤ ਉਪਲੀ ਨੇ ਕੀਤਾ। ਇਸ ਸਮੇਂ ਮਨਮੋਹਨ ਸਿੰਘ ਫਫੜੇ, ਰਛਪਾਲ ਸਿੰਘ ਖਿਆਲਾ, ਰਵਿੰਦਰ ਬਾਂਸਲ ਚੇਅਰਮੈਨ ਮਾਡਰਨ ਕਾਲਜ ਬੀਰ ਕਲਾਂ, ਜਸਵੀਰ ਸਿੰਘ ਐੱਮ ਡੀ ਪੈਰਾਮਾਉਂਟ ਸਕੂਲ ਚੀਮਾ, ਸੁਖਦੇਵ ਸਿੰਘ ਧਾਲੀਵਾਲ, ਕਾਕਾ ਸਿੰਘ ਧਾਲੀਵਾਲ, ਸਤਿਗੁਰ ਸਿੰਘ ਐੱਮ ਸੀ, ਬਲਵਿੰਦਰ ਸਿੰਘ ਮਾੜੂ, ਪਹਿਲਵਾਨ ਜਗਤਾਰ ਗੋਲੂ, ਅਮਰੀਕ ਸਿੰਘ ਔਲਖ, ਜਸਵੰਤ ਬਾਂਸਲ, ਮਿੱਠਾ ਮਾਨ ਤੇ ਹੋਰ ਸ਼ਾਮਲ ਸਨ।

## ਨਰਮੇ ਦੀ ਕਾਸ਼ਤ ਨੂੰ ਉਤਸ਼ਾਹਤ ਕਰਨ ਲਈ ਕਿਸਾਨਾਂ ਨੂੰ ਪ੍ਰੇਰਿਤ ਕਰਨਗੇ ਕਿਸਾਨ ਮਿੱਤਰ : ਡੀ ਸੀ

**ਮਾਨਸਾ (ਮੁਨੀਸ਼ ਕੁਮਾਰ)**-ਆਉਣ ਵਾਲੀ ਨਰਮੇ ਦੀ ਫਸਲ ਲਈ ਰੱਖੇ ਗਏ ਕਿਸਾਨ ਮਿੱਤਰਾਂ ਦੀ ਸਿਖਲਾਈ ਮੁੱਖ ਖੇਤੀਬਾੜੀ ਅਫ਼ਸਰ ਡਾ. ਸਤਪਾਲ ਸਿੰਘ ਦੀ ਯੋਗ ਅਗਵਾਈ ਹੇਠ ਕਰਵਾਈ ਗਈ, ਜਿੱਥੇ ਜ਼ਿਲ੍ਹਾ ਮਾਨਸਾ ਅੰਦਰ ਨਰਮੇ ਦੀ ਫਸਲ ਲਈ ਨਿਯੁਕਤ ਕੀਤੇ ਗਏ 165 ਕਿਸਾਨ ਮਿੱਤਰਾਂ ਨੇ ਭਾਗ ਲਿਆ। ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀਮਤੀ ਬਲਦੀਪ ਕੌਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਡਿਪਟੀ ਕਮਿਸ਼ਨਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਿਸਾਨ ਮਿੱਤਰਾਂ ਦੀ ਭਰਤੀ ਸਰਕਾਰ ਵੱਲੋਂ ਨਰਮੇ ਦੀ ਆਉਣ ਵਾਲੀ ਫਸਲ ਨੂੰ ਕਾਮਯਾਬ ਕਰਨ ਲਈ ਕੀਤੀ ਗਈ ਹੈ, ਕਿਸਾਨ ਮਿੱਤਰ ਨਰਮੇ ਦੀ ਕਾਸ਼ਤ ਨੂੰ ਉਤਸ਼ਾਹਤ ਕਰਨ ਲਈ ਕਿਸਾਨਾਂ ਨੂੰ ਪ੍ਰੇਰਿਤ ਕਰਨਗੇ। ਇਸ ਸਿਖਲਾਈ ਵਿੱਚ ਜੋ ਵੀ ਨੁਕਤੇ ਆਪ ਨਾਲ ਖੇਤੀ ਵਿਗਿਆਨੀਆਂ ਵੱਲੋਂ ਸਾਂਝੇ ਕੀਤੇ ਗਏ ਹਨ, ਉਹ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨਾਲ ਸਾਂਝੇ ਕੀਤੇ ਜਾਣੇ ਹਨ। ਉਨ੍ਹਾ ਕਿਹਾ ਕਿ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨਾਲ ਪੂਰਾ ਤਾਲਮੇਲ ਬਣਾ ਕੇ ਰੱਖਿਆ ਜਾਵੇ ਤੇ ਹਰ ਤਰ੍ਹਾਂ ਦੀ ਰਿਪੋਰਟਿੰਗ ਵਿਭਾਗ ਨੂੰ ਸਮੇਂ ਸਿਰ ਕੀਤੀ ਜਾਵੇ ਤਾਂ ਜੋ ਨਰਮੇ ਦੀ ਫਸਲ ਸਬੰਧੀ ਆ ਰਹੀਆਂ ਸਮੱਸਿਆਵਾਂ ਦਾ ਸਮੇਂ ਸਿਰ ਹੱਲ ਕੱਢਿਆ ਜਾ ਸਕੇ।

ਮੁੱਖ ਖੇਤੀਬਾੜੀ ਅਫ਼ਸਰ ਡਾ. ਸਤਪਾਲ ਸਿੰਘ ਨੇ ਕਿਹਾ ਕਿ ਕਿਹਾ ਕਿਸਾਨ ਮਿੱਤਰ ਹੁਣ ਵਿਭਾਗ ਦਾ ਹੀ ਅੰਗ ਹਨ ਤੇ ਵਿਭਾਗ ਵੱਲੋਂ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਜਾਣ ਵਾਲੀਆਂ ਸਲਾਹਾਂ/ਸਿਫਾਰਸ਼ਾਂ ਕਿਸਾਨਾ ਤੱਕ ਪਹੁੰਚਾਈਆਂ ਜਾਣ ਤਾਂ ਜੋ ਨਰਮੇ ਦੀ ਫਸਲ ਨੂੰ ਕਾਮਯਾਬ ਕੀਤਾ ਜਾ ਸਕੇ। ਉਨ੍ਹਾ ਕਿਹਾ ਕਿ ਸਰਕਾਰ ਵੱਲੋਂ ਜ਼ਿਲ੍ਹਾ ਮਾਨਸਾ ਨੂੰ ਦਿੱਤਾ ਗਿਆ 60,000 ਹੈਕਟੇਅਰ ਦਾ ਟੀਚਾ ਪੂਰਾ ਕਰਨ ਲਈ ਹਰ ਇੱਕ ਕਿਸਾਨ ਨੂੰ ਨਰਮੇ ਦੀ ਫਸਲ ਬੀਜਣ ਲਈ ਪ੍ਰੇਰਿਤ ਕੀਤਾ ਜਾਵੇ। ਇਸ ਸਿਖਲਾਈ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਟੀਮ ਇੰਚਾਰਜ ਡਾ. ਕੁਲਵੀਰ ਸਿੰਘ, ਪ੍ਰਿੰਸੀਪਲ ਐਗਰੋਨੋਮਿਸਟ, ਪੀ.ਏ.ਯੂ, ਖੇਤਰੀ ਖੋਜ ਕੇਂਦਰ, ਫਰੀਦਕੋਟ, ਡਾ. ਸੁਨੀਤ ਪੰਧੇਰ, ਸਹਾਇਕ ਪ੍ਰੋਫੈਸਰ, ਕੀਟ ਵਿਗਿਆਨ ਤੇ ਡਾ. ਅਸ਼ੋਕ ਕੁਮਾਰ, ਪਲਾਂਟ ਪੈਥੋਲੋਜਿਸਟ ਸ਼ਾਮਲ ਸਨ। ਇਨ੍ਹਾਂ ਵਿਗਿਆਨੀਆਂ ਵੱਲੋਂ ਹਾਜ਼ਰੀਨ ਕਿਸਾਨ ਮਿੱਤਰਾਂ ਨੂੰ ਨਰਮੇ ਦੀ ਫਸਲ ਦੀਆਂ ਕਿਸਮਾਂ, ਬਿਜਾਈ ਦੇ ਢੰਗ ਤੇ ਸਹੀ ਸਮਾਂ, ਨਦੀਨਾਂ ਦੀ ਰੋਕਥਾਮ, ਬਿਮਾਰੀਆਂ ਤੇ ਕੀੜੇ-ਮਕੌੜਿਆਂ ਦੇ ਹਮਲੇ ਦੀਆਂ ਨਿਸ਼ਾਨੀਆਂ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸਿਫਾਰਸ਼ਾਂ ਬਾਰੇ ਜਾਣੂ ਕਰਵਾਇਆ ਗਿਆ।

## ਅਦਾਲਤੀ ਹੁਕਮਾਂ ਦੀ ਉਲੰਘਣਾ ਦੇ ਮਾਮਲੇ 'ਚ ਈ ਓ ਗ੍ਰਿਫਤਾਰ



**ਜੈਤੋ (ਸਤੀਸ਼ ਕੁਮਾਰ ਭੀਰੀ)**-ਰਾਜਨੀਤਕ ਸਰਪ੍ਰਸਤੀ ਹੇਠ ਭ੍ਰਿਸ਼ਟਾਚਾਰ ਤੇ ਬੇਨਿਯਮੀਆਂ ਦੇ ਆਕਾ ਬਣੇ ਇੱਕ ਕਾਰਜ ਸਾਧਕ ਅਧਿਕਾਰੀ ਵੱਲੋਂ ਅਦਾਲਤੀ ਹੁਕਮਾਂ ਨੂੰ ਵੀ ਟਿੱਚ ਜਾਣਿਆ ਗਿਆ, ਜਿਸ 'ਤੇ ਕਾਰਵਾਈ ਕਰਦਿਆਂ ਸਬ ਡਵੀਜ਼ਨਲ ਮੈਜਿਸਟ੍ਰੇਟ ਜੈਤੋ ਵੱਲੋਂ ਨਗਰ ਕੌਂਸਲ ਖਮਾਣੋਂ ਵਿਖੇ ਤਾਇਨਾਤ ਕਾਰਜ ਸਾਧਕ ਅਫਸਰ ਰਜਨੀਸ਼ ਸੂਦ ਦੀ ਗ੍ਰਿਫਤਾਰੀ ਦਾ ਆਰਡਰ ਪਾਸ ਕੀਤਾ ਗਿਆ। ਇਸ ਪੂਰੇ ਮਾਮਲੇ ਸਬੰਧੀ ਸਾਡੇ ਪੱਤਰਕਾਰ ਨੂੰ ਜਾਣਕਾਰੀ ਦਿੰਦਿਆਂ ਆਰ ਟੀ ਆਈ ਕਾਰਕੁਨ ਲਾਜਪਤ ਰਾਏ ਗਰਗ ਨੇ ਦੱਸਿਆ ਕਿ ਨਗਰ ਕੌਂਸਲ ਜੈਤੋ ਵਿਖੇ ਨਿਯਮਾਂ ਤੋਂ ਬਾਹਰ ਕਰਮਚਾਰੀਆਂ ਨੂੰ ਦੇਣ ਤੇ ਰਿਕਾਰਡ ਨੂੰ ਖੁਰਦ ਬੁਰਦ ਕਰਨ ਦੇ ਇੱਕ ਮਾਮਲੇ ਸਬੰਧੀ ਪੁੱਛਗਿੱਛ ਕਰਨ ਲਈ ਸਬ ਡਵੀਜ਼ਨਲ ਮੈਜਿਸਟ੍ਰੇਟ ਵੱਲੋਂ ਅਨੇਕਾਂ ਵਾਰ ਰਜਨੀਸ਼ ਸੂਦ ਨੂੰ ਸੰਮਨ ਜਾਰੀ ਕੀਤੇ ਗਏ, ਪ੍ਰੰਤੂ ਰਜਨੀਸ਼ ਸੂਦ ਵੱਲੋਂ ਆਪਣੇ ਪਦ ਦੀ ਧੌਂਸ ਹੇਠ ਸੰਮਨ ਲੈਣਾ ਜ਼ਰੂਰੀ ਨਹੀਂ ਸਮਝਿਆ ਗਿਆ। ਲਾਜਪਤ ਰਾਏ ਨੇ ਦੱਸਿਆ ਕਿ ਸਬ ਡਵੀਜ਼ਨਲ ਮੈਜਿਸਟ੍ਰੇਟ ਨੇ ਆਪਣੇ ਹੁਕਮਾਂ ਦੀ ਤਾਮੀਲ ਕਰਵਾਉਣ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਡੀ ਐੱਸ ਪੀ ਜੈਤੋ ਨੂੰ ਲਿਖਿਆ ਕਿ ਖਮਾਣੋਂ ਵਿਖੇ ਤਾਇਨਾਤ ਈ ਓ ਰਜਨੀਸ ਸੂਦ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਸਾਹਮਣੇ ਪੇਸ ਕੀਤਾ ਜਾਵੇ, ਜਿਸ 'ਤੇ ਏ ਐੱਸ ਆਈ ਨਛੱਤਰ ਸਿੰਘ ਦੀ ਅਗਵਾਈ ਹੇਠ ਇੱਕ ਪੁਲਸ ਟੀਮ ਰਜਨੀਸ਼ ਸੂਦ ਨੂੰ ਗ੍ਰਿਫਤਾਰ ਕਰਨ ਲਈ ਰਵਾਨਾ ਕੀਤੀ ਗਈ। ਪੁਲਸ ਪਾਰਟੀ ਵੱਲੋਂ ਰਜਨੀਸ਼ ਸੂਦ ਨੂੰ ਗ੍ਰਿਫਤਾਰੀ ਉਪਰੰਤ ਸਬ ਡਵੀਜ਼ਨਲ ਮੈਜਿਸਟ੍ਰੇਟ ਅੱਗੇ ਪੇਸ਼ ਕੀਤਾ ਗਿਆ, ਜਿਸ 'ਤੇ ਰਜਨੀਸ਼ ਸੂਦ ਵੱਲੋਂ ਅਗਲੀ ਤਰੀਕ 'ਤੇ ਹਾਜ਼ਰ ਹੋਣ ਦਾ ਵਾਅਦਾ ਕਰਦੇ ਹੋਏ ਗਰੰਟੀ ਵਜੋਂ 5 ਹਜ਼ਾਰ ਰੁਪਏ ਦਾ ਮੁਚਲਕਾ ਭਰਿਆ ਗਿਆ।

## ਘੱਗਾ ਸਕੂਲ 'ਚ ਸਾਲਾਨਾ ਇਮਤਿਹਾਨ ਸਮਾਰੋਹ ਕਰਾਇਆ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਰਕਾਰੀ ਐਲੀਮੈਂਟਰੀ ਸਕੂਲ ਘੱਗਾ ਵਿਖੇ ਗ੍ਰੈਜੂਏਸ਼ਨ ਸੈਰੇਮਨੀ ਤੇ ਸਾਲਾਨਾ ਇਮਤਿਹਾਨ ਸਮਾਰੋਹ ਕਰਵਾਇਆ ਗਿਆ। ਸਮਾਰੋਹ ਵਿੱਚ ਸਕੂਲ ਐੱਸ ਐੱਮ ਸੀ ਕਮੇਟੀ ਦੇ ਮੈਂਬਰਾਂ ਤੇ ਮਾਪਿਆਂ ਵੱਲੋਂ ਭਾਗ ਲਿਆ ਗਿਆ। ਮਾਪਿਆਂ ਦੇ ਸਾਹਮਣੇ ਸਕੂਲ ਦੀ ਕਾਰਗੁਜ਼ਾਰੀ ਦੀ ਚਰਚਾ ਕੀਤੀ ਗਈ। ਪ੍ਰੀ ਪ੍ਰਾਇਮਰੀ ਤੋਂ ਚੌਥੀ ਜਮਾਤ ਤੱਕ ਪਹਿਲੀ, ਦੂਜੀ ਤੇ ਤੀਜੀ ਪੁਜ਼ੀਸ਼ਨ 'ਤੇ ਆਏ ਬੱਚਿਆਂ ਨੂੰ ਇਨਾਮ ਵੰਡ ਕੇ ਸਨਮਾਨਤ ਕੀਤਾ ਗਿਆ। ਮੁੱਖ ਅਧਿਆਪਕ ਧਰਮਿੰਦਰਜੀਤ ਨੇ ਸਕੂਲ ਦੀ ਕਾਰਗੁਜ਼ਾਰੀ ਤੇ ਨਵੇਂ ਦਾਖਲਿਆਂ ਸਬੰਧੀ ਵਿਦਿਆਰਥੀਆਂ ਤੇ ਮਾਪਿਆਂ ਨੂੰ ਸੰਬੋਧਨ ਕੀਤਾ ਗਿਆ। ਇਸ ਮੌਕੇ ਐੱਸ ਐੱਮ ਸੀ ਕਮੇਟੀ ਮੈਂਬਰ ਤੇ ਸਕੂਲ ਸਟਾਫ ਨੇ ਮਾਪਿਆਂ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਦਰਸ਼ਨ ਸਿੰਘ ਕਲਸੀ ਵੱਲੋਂ ਬਾਖੂਬੀ ਨਿਭਾਈ ਗਈ।

## ਪਰਵਾਜ਼ ਦੀ ਟੀਮ ਨੇ ਵਿਸ਼ਵ ਰੰਗਮੰਚ ਦਿਵਸ ਮਨਾਇਆ



**ਬਰਨਾਲਾ (ਰਜਿੰਦਰ ਬਰਾੜ, ਰਾਕੇਸ਼ ਨੀਟਾ)**-ਵਿਸ਼ਵ ਰੰਗਮੰਚ ਦਿਵਸ ਮੌਕੇ ਪਰਵਾਜ਼ ਥੀਏਟਰ ਬਰਨਾਲਾ ਦੀ ਸਮੁੱਚੀ ਟੀਮ ਵੱਲੋਂ ਰਾਮ-ਰਾਜਯ ਇਨਕਲੇਵ ਬਰਨਾਲਾ ਵਿਖੇ ਰੰਗਮੰਚ ਦਿਵਸ ਮਨਾਇਆ ਗਿਆ। ਇਸ ਦੌਰਾਨ ਰੰਗਮੰਚ ਤੇ ਸਾਹਿਤ ਨਾਲ ਜੁੜੀਆਂ ਉੱਘੀਆਂ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ, ਜਿਨ੍ਹਾਂ ਵਿੱਚੋਂ ਸੁਰਜੀਤ ਸੰਧੂ, ਪਰਮਜੀਤ ਸ਼ੀਤਲ, ਬਿੰਦਰ ਠੀਕਰੀਵਾਲ, ਕਹਾਣੀਕਾਰ ਭੋਲਾ ਸਿੰਘ ਸੰਘੇੜਾ, ਤਰਸੇਮ ਸ਼ਾਇਰ, ਮਨਜੀਤ ਸਾਗਰ ਤੇ ਸ਼ਿਵ ਸਿੰਗਲਾ (ਡਾਇਰੈਕਟਰ ਟੰਡਨ ਇੰਟਰਨੈਸ਼ਨਲ ਸਕੂਲ) ਨੇ ਰੰਗਮੰਚ ਸੰਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਦਿਲਪ੍ਰੀਤ ਚੌਹਾਨ ਵੱਲੋਂ ਲਿਖੇ ਤੇ ਨਿਰਦੇਸ਼ਤ ਨਾਟਕ ਫਾਰਮ ਨੰਬਰ 65940 ਰਾਹੀਂ ਨਸ਼ੇ ਤੇ ਬੇਰੁਜ਼ਗਾਰੀ ਦੀ ਦਲਦਲ 'ਚ ਫਸ ਕੇ ਕੁਰਾਹੇ ਪੈ ਰਹੀ ਨੌਜਵਾਨ ਪੀੜ੍ਹੀ ਦੇ ਦੁਖਾਂਤ ਨੂੰ ਪੇਸ਼ ਕਰਕੇ ਸਿਸਟਮ 'ਤੇ ਚੋਟ ਕੀਤੀ ਗਈ।

ਨਾਟਕ 'ਚ ਪ੍ਰੋ. ਗੁਰਮੀਤ ਸਿੰਘ, ਅਮਨਦੀਪ ਸਿੰਘ, ਏਕਮਦੀਪ ਸਿੰਘ, ਬਲਕਰਨ ਲੋਹਟ, ਗੁਰਪ੍ਰੀਤ ਸ਼ਰਮਾ, ਸਾਹਿਲ ਗਿੱਲ, ਅਰੁਣ ਬਾਂਸਲ, ਸੰਦੀਪ ਮਿਸਾਲ, ਲੱਕੀ ਚੌਹਾਨ, ਦਿਲਪ੍ਰੀਤ ਚੌਹਾਨ ਨੇ ਬਿਹਤਰੀਨ ਅਦਾਕਾਰੀ ਦੀ ਪੇਸ਼ਕਾਰੀ ਕੀਤੀ।

## ਮ੍ਰਿਤਕ ਅਧਿਆਪਕਾਂ ਦੇ ਇਨਸਾਫ਼ ਲਈ 'ਕਾਲੇ ਬਿੱਲੇ' ਲਾ ਕੇ ਪ੍ਰਗਟਾਇਆ ਰੋਸ



**ਸਮਰਾਲਾ (ਸੁਰਜੀਤ ਸਿੰਘ)**-ਫਾਜ਼ਿਲਕਾ ਜ਼ਿਲ੍ਹੇ ਤੋਂ ਤਰਨ ਤਾਰਨ ਵਿਖੇ ਡਿਊਟੀ 'ਤੇ ਕਰੂਜ਼ਰ ਗੱਡੀ ਰਾਹੀਂ ਜਾ ਰਹੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਬੀਤੀ 24 ਮਾਰਚ ਨੂੰ ਦਰਪੇਸ਼ ਭਿਆਨਕ ਹਾਦਸੇ ਦੌਰਾਨ ਤਿੰਨ ਅਧਿਆਪਕਾਂ ਤੇ ਡਰਾਈਵਰ ਦੀ ਮੌਤ ਹੋਣ ਅਤੇ ਬਾਕੀਆਂ ਦੇ ਗੰਭੀਰ ਜ਼ਖ਼ਮੀ ਹੋਣ ਦੀ ਮੰਦਭਾਗੀ ਘਟਨਾ ਦੇ ਕਈ ਦਿਨ ਬੀਤਣ ਦੇ ਬਾਵਜੂਦ, ਪੰਜਾਬ ਸਰਕਾਰ ਵੱਲੋਂ ਅਣਮਨੁੱਖੀ ਰਵੱਈਆ ਦਿਖਾਉਂਦੇ ਹੋਏ ਕਿਸੇ ਤਰ੍ਹਾਂ ਦੇ ਮੁਆਵਜ਼ੇ ਦਾ ਐਲਾਨ ਨਹੀਂ ਕੀਤਾ ਗਿਆ ਹੈ, ਜਿਸ ਕਾਰਨ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.) ਪੰਜਾਬ ਵੱਲੋਂ ਦਿੱਤੇ ਸੱਦੇ ਤਹਿਤ ਲੁਧਿਆਣਾ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਵਿੱਚ ਅਧਿਆਪਕਾਂ ਨੇ ਕਾਲੇ ਬਿੱਲੇ ਲਗਾ ਕੇ ਇਸ ਮਾਮਲੇ ਵਿੱਚ ਅਣਦੇਖੀ ਕਰਨ ਵਾਲੇ ਸਿੱਖਿਆ ਮੰਤਰੀ ਤੇ ਮੁੱਖ ਮੰਤਰੀ ਖ਼ਿਲਾਫ਼ ਰੋਸ ਜ਼ਾਹਰ ਕਰਦਿਆਂ, ਅਧਿਆਪਕਾਂ ਦੇ ਬਤੌਰ 'ਕੌਮ ਨਿਰਮਾਤਾ' ਸਮਾਜ ਲਈ ਅਹਿਮ ਯੋਗਦਾਨ ਹੋਣ ਦੇ ਮੱਦੇਨਜ਼ਰ, ਫ਼ੌਤ ਹੋਣ ਵਾਲੇ ਅਧਿਆਪਕਾਂ ਤੇ ਡਰਾਈਵਰ ਲਈ ਇੱਕ-ਇੱਕ ਕਰੋੜ, ਗੰਭੀਰ ਜ਼ਖ਼ਮੀਆਂ ਲਈ 50 ਲੱਖ, ਬਾਕੀਆਂ ਲਈ 10-10 ਲੱਖ ਰੁਪਏ ਦੀ ਰਾਸ਼ੀ ਜਾਰੀ ਕਰਨ ਤੇ ਹਸਪਤਾਲ ਵਿੱਚ ਦਾਖ਼ਲ ਅਧਿਆਪਕਾਂ ਨੂੰ ਆਨ ਡਿਊਟੀ ਟ੍ਰੀਟ ਕਰਨ ਦੀ ਮੰਗ ਕੀਤੀ ਹੈ। ਡੀ.ਟੀ.ਐੱਫ. ਦੇ ਸੂਬਾ ਜਥੇਬੰਦਕ ਸਕੱਤਰ ਰੁਪਿੰਦਰ ਪਾਲ ਸਿੰਘ ਗਿੱਲ, ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਸੁਖਚਰਨਜੀਤ ਸਿੰਘ ਤੇ ਜਨਰਲ ਸਕੱਤਰ ਰਮਨਜੀਤ ਸਿੰਘ ਸੰਧੂ ਨੇ ਮੰਗ ਕੀਤੀ ਕਿ ਹਰੇਕ ਅਧਿਆਪਕ ਨੂੰ ਨਵੀਂ ਨਿਯੁਕਤੀ ਜਾਂ ਤਰੱਕੀ ਹੋਣ ਉਪਰੰਤ ਉਸ ਦੇ ਗ੍ਰਹਿ ਜ਼ਿਲ੍ਹੇ ਵਿੱਚ ਹੀ ਸਟੇਸ਼ਨ ਦਿੱਤਾ ਜਾਵੇ ਤੇ ਜ਼ਿਲ੍ਹੇ ਵਿੱਚ ਇੱਕ ਵੀ ਪੋਸਟ ਨਾ ਖਾਲੀ ਹੋਣ ਦੀ ਸੂਰਤ ਵਿੱਚ ਵੀ ਗੁਆਂਢੀ ਜ਼ਿਲ੍ਹੇ ਵਿੱਚ ਹੀ ਭੇਜਿਆ ਜਾਵੇ। ਇਸ ਦੇ ਨਾਲ ਹੀ ਜ਼ਿਆਦਾ ਦੂਰੀ ਤੋਂ ਪੜ੍ਹਾਉਣ ਆਏ ਅਧਿਆਪਕਾਂ ਦੇ ਰਹਿਣ ਲਈ ਪੰਜਾਬ ਦੇ ਹਰੇਕ ਤਹਿਸੀਲ ਕੇਂਦਰ 'ਤੇ ਮਿਆਰੀ ਸਹੂਲਤਾਂ ਵਾਲੇ 'ਟੀਚਰ ਹੋਮ' ਸਥਾਪਤ ਕੀਤੇ ਜਾਣ। ਇਸ ਸਮੇਂ ਜ਼ਿਲ੍ਹਾ ਪ੍ਰਧਾਨ ਡੈਮੋਕਰੈਟਿਕ ਮੁਲਾਜ਼ਮ ਫੈਡਰੇਸ਼ਨ ਲੁਧਿਆਣਾ ਸੁਖਵਿੰਦਰ ਲੀਲ, ਰਕੇਸ਼ ਪ੍ਰਹੀੜ, ਮਨਪ੍ਰੀਤ ਸਿੰਘ, ਹਰਦੀਪ ਸਿੰਘ, ਰਜਿੰਦਰ ਜੰਡਿਆਲੀ, ਅੰਮ੍ਰਿਤਪਾਲ ਸਿੰਘ, ਹਰਿੰਦਰ ਕੁਮਾਰ, ਜਸਵਿੰਦਰ ਸਿੰਘ, ਮੱਖਣ ਸਿੰਘ, ਰਾਜ ਕੁਮਾਰ, ਹਰਿੰਦਰ ਸਿੰਘ, ਵਰਿੰਦਰ ਸਿੰਘ ਤੇ ਹੋਰ ਅਧਿਆਪਕ ਆਗੂ ਹਾਜ਼ਰ ਸਨ।

## ਉੱਤਰੀ ਸੂਬਿਆਂ ਦੇ ਬੈਂਕ ਰਿਟਾਇਰੀਆਂ ਵੱਲੋਂ 5 ਅਪ੍ਰੈਲ ਨੂੰ ਪਟਿਆਲਾ 'ਚ ਧਰਨਾ : ਜਟਾਣਾ



**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ)**-ਨਾਰਥ ਸਟੇਟਸ ਬੈਂਕ ਰਿਟਾਇਰਜ਼ ਫੈਡਰੇਸ਼ਨ ਆਫ ਏ ਆਈ ਬੀ ਆਰ ਐੱਫ ਦੀ ਲੁਧਿਆਣਾ ਦੀ ਵਧਾਈ ਹੋਈ ਕੇਂਦਰੀ ਕਮੇਟੀ ਮੈਂਬਰਾਂ ਦੀ ਮੀਟਿੰਗ ਪੈਨਸ਼ਨ ਭਵਨ ਵਿਖੇ ਹੋਈ, ਜਿਸ ਵਿੱਚ ਵੱਖ-ਵੱਖ ਬੈਂਕਾਂ ਦੇ 50 ਤੋਂ ਵੱਧ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਨੂੰ ਕਾਮਰੇਡ ਦਵਿੰਦਰ ਸਿੰਘ ਜਟਾਣਾ ਜਨਰਲ ਸੈਕਟਰੀ ਏ.ਆਈ.ਬੀ.ਆਰ.ਐੱਫ. ਦੇ ਨਾਰਥ ਸਟੇਟਸ ਬੈਂਕ ਰਿਟਾਇਰਜ਼ ਫੈਡਰੇਸ਼ਨ ਨੇ ਸੰਬੋਧਨ ਕੀਤਾ, ਜਿਨ੍ਹਾਂ ਨੇ 25 ਤੋਂ 27 ਫਰਵਰੀ ਤੱਕ ਬੰਗਲੌਰ ਵਿਖੇ ਹੋਈ ਏ.ਆਈ.ਬੀ.ਆਰ.ਐੱਫ. ਦੀ 6ਵੀਂ ਤਿੰਨ ਸਾਲਾ ਕਾਨਫਰੰਸ ਦੇ ਵਿਚਾਰ-ਵਟਾਂਦਰੇ ਤੇ ਫੈਸਲਿਆਂ ਤੋਂ ਜਾਣੂ ਕਰਵਾਇਆ। ਕਾਮਰੇਡ ਜਟਾਣਾ ਜੋ ਏ.ਆਈ.ਬੀ.ਆਰ.ਐੱਫ. ਦੇ ਜਥੇਬੰਦਕ ਸਕੱਤਰ ਹਨ, ਨੇ ਦੱਸਿਆ ਕਿ ਯੂ.ਐੱਫ.ਬੀ.ਯੂ. ਦੇ ਆਗੂਆਂ ਸਮੇਤ ਲਗਭਗ ਸਾਰੇ ਬੁਲਾਰਿਆਂ ਨੇ ਆਪਣੇ ਉਦਘਾਟਨੀ ਭਾਸ਼ਣਾਂ ਵਿੱਚ ਸਾਡੀਆਂ ਮੁੱਖ ਮੰਗਾਂ ਬਾਰੇ ਗੱਲ ਕੀਤੀ, ਪੈਨਸ਼ਨ ਦੀ ਅਪਡੇਸ਼ਨ ਨਾਲ ਹੀ ਸਮੂਹ ਬੀਮੇ ਬਾਰੇ ਸੀ. ਐੱਲ. ਸੀ. (ਸੀ) ਦੁਆਰਾ ਬੁਲਾਈ ਗਈ ਆਈ.ਬੀ.ਏ. ਤੇ ਡੀ.ਐੱਫ.ਐੱਸ. ਅਧਿਕਾਰੀਆਂ ਨਾਲ ਏ ਆਈ ਬੀ ਆਰ ਐੱਫ ਦੀ ਮੀਟਿੰਗ ਦੇ ਵੇਰਵੇ ਬਾਰੇ ਦੱਸਿਆ। ਸਾਰੇ ਸੰਸਦ ਮੈਂਬਰਾਂ ਨੂੰ ਮੈਮੋਰੰਡਮ ਦੇਣ ਤੇ ਸਾਰੇ ਮੁੱਖ ਕੇਂਦਰਾਂ 'ਤੇ ਧਰਨੇ ਦੇਣ ਲਈ ਕਾਨਫਰੰਸ ਦੇ ਸੱਦੇ ਅਨੁਸਾਰ 25 ਮਾਰਚ ਨੂੰ ਚੰਡੀਗੜ੍ਹ ਵਿਖੇ ਹੋਈ ਨਾਰਥ ਸਟੇਟਸ ਬੈਂਕ ਰਿਟਾਇਰਜ਼ ਫੈਡਰੇਸ਼ਨ ਆਫ ਏ.ਆਈ.ਬੀ.ਆਰ.ਐੱਫ. ਦੇ ਅਹੁਦੇਦਾਰਾਂ ਦੀ ਮੀਟਿੰਗ ਵਿੱਚ ਰਾਜ ਪੱਧਰੀ ਧਰਨਾ ਦੇਣ ਦਾ ਫੈਸਲਾ ਕੀਤਾ ਗਿਆ ਹੈ।

ਨਾਰਥ ਸਟੇਟਸ ਬੈਂਕ ਰਿਟਾਇਰਜ਼ ਫੈਡਰੇਸ਼ਨ ਆਫ ਏ.ਆਈ.ਬੀ.ਆਰ.ਐੱਫ. ਲੁਧਿਆਣਾ ਯੂਨਿਟ ਦੇ ਸਕੱਤਰ ਕਾਮਰੇਡ ਡੀ ਐੱਸ ਰੀਹਲ ਨੇ 5 ਅਪ੍ਰੈਲ ਨੂੰ ਪਟਿਆਲਾ ਵਿਖੇ ਸਵੇਰੇ 11.00 ਵਜੇ ਪੀ.ਐੱਨ.ਬੀ. ਛੋਟੀ ਬਾਰਾਂਦਰੀ ਪਟਿਆਲਾ ਦੇ ਸਾਹਮਣੇ ਧਰਨੇ ਵਾਲੀ ਥਾਂ 'ਤੇ ਪਹੁੰਚਣ ਦਾ ਸੱਦਾ ਦਿੱਤਾ। ਮੀਟਿੰਗ ਦੀ ਪ੍ਰਧਾਨਗੀ ਇਕਾਈ ਦੇ ਪ੍ਰਧਾਨ ਕਾਮਰੇਡ ਐੱਮ ਪੀ ਬੱਸੀ ਨੇ ਕੀਤੀ। ਹੋਰਨਾਂ ਤੋਂ ਇਲਾਵਾ ਮੀਟਿੰਗ ਨੂੰ ਇਕਾਈ ਦੇ ਚੇਅਰਮੈਨ ਕਾਮਰੇਡ ਵੀ. ਕੇ. ਸੂਦ ਨੇ ਵੀ ਸੰਬੋਧਨ ਕੀਤਾ ਤੇ ਸਾਰਿਆਂ ਦਾ ਧੰਨਵਾਦ ਕੀਤਾ।

## ਪ੍ਰਾਇਮਰੀ ਸਕੂਲ ਕੋਟਭਾਈ ਵਿਖੇ ਗਰੈਜੂਏਸ਼ਨ ਸੈਰੇਮਨੀ ਕਰਵਾਈ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਸਰਕਾਰੀ ਪ੍ਰਾਇਮਰੀ ਸਕੂਲ ਕੋਟਭਾਈ-2 ਵਿਖੇ ਡੀ ਈ ਓ ਸ਼੍ਰੀਮਤੀ ਪ੍ਰਭਜੋਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪ੍ਰੀ ਪ੍ਰਾਇਮਰੀ ਦੇ ਬੱਚਿਆਂ ਨੂੰ ਪਹਿਲੀ ਜਮਾਤ 'ਚ ਹੋਣ 'ਤੇ ਗਰੈਜੂਏਸ਼ਨ ਸੈਰੇਮਨੀ ਕਰਵਾਈ ਗਈ। ਇਸ ਸੈਰੇਮਨੀ ਵਿੱਚ ਯੂ ਕੇ ਜੀ ਦੇ ਬੱਚਿਆਂ ਨੂੰ ਪਹਿਲੀ ਜਮਾਤ ਵਿੱਚ ਆਉਣ 'ਤੇ ਜੀ ਆਇਆਂ ਨੂੰ ਕਿਹਾ ਗਿਆ ਤੇ ਇਸ ਖੁਸ਼ੀ ਦੇ ਮੌਕੇ ਕੇਕ ਕੱਟ ਕੇ ਬੱਚਿਆਂ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਬੱਚਿਆਂ ਦੇ ਮਾਪਿਆਂ ਤੇ ਪਿੰਡ ਦੇ ਮੋਹਤਬਰ ਸੱਜਣਾਂ ਨੇ ਭਾਗ ਲਿਆ। ਇਸ ਮੌਕੇ ਮਾਪਿਆਂ ਵਿੱਚ ਨਵੇਂ ਦਾਖਲਿਆਂ ਲਈ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਮੌਕੇ ਬੱਚਿਆਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਸੀ ਐੱਚ ਟੀ ਰਾਜਿੰਦਰ ਸਿੰਘ, ਬੀ ਐੱਮ ਟੀ ਜਗਦੀਸ਼ ਸਿੰਘ, ਹੈੱਡ ਟੀਚਰ ਜਸਪ੍ਰੀਤ ਸਿੰਘ, ਜਸਵਿੰਦਰ ਸਿੰਘ, ਜਗਦੀਸ਼ ਸਿੰਘ, ਰਕੇਸ਼ ਕੁਮਾਰ, ਪ੍ਰਿਥੀ ਸਿੰਘ, ਰਾਜੀਵ ਬਾਂਸਲ, ਇੰਦਰਜੀਤ ਕੌਰ, ਰਮਨਦੀਪ ਕੌਰ, ਜਸਵੀਰ ਕੌਰ ਆਦਿ ਹਾਜ਼ਰ ਸਨ।

## ਟਰੱਕ ਅਪ੍ਰੇਟਰਾਂ ਤੇ ਲੇਬਰ ਯੂਨੀਅਨ ਦੀ ਸਾਂਝੀ ਮੀਟਿੰਗ



**ਜਗਰਾਉਂ (ਸੰਜੀਵ ਅਰੋੜਾ)**-ਟਰੱਕ ਯੂਨੀਅਨ ਜਗਰਾਉਂ ਵਿਖੇ ਟਰੱਕ ਅਪ੍ਰੇਟਰਾਂ, ਆਗੂਆਂ ਤੇ ਲੇਬਰ ਯੂਨੀਅਨ ਦੇ ਮੈਂਬਰਾਂ ਦੀ ਸਾਂਝੀ ਮੀਟਿੰਗ ਹੋਈ, ਜਿਸ 'ਚ ਆਉਣ ਵਾਲੇ ਸਾਲ 2023-24 ਲਈ ਸਰਕਾਰ ਵੱਲੋਂ ਟੈਂਡਰ ਮੰਗਿਆ ਗਿਆ ਹੈ, ਜਿਸ 'ਚ ਕਿਸੇ ਵੀ ਠੇਕੇਦਾਰ ਵੱਲੋਂ ਟੈਂਡਰ ਨਾ ਪਾਇਆ ਜਾਵੇ, ਜੋ ਕਿ ਪਹਿਲਾਂ ਵੀ ਦੱਸਿਆ ਗਿਆ ਸੀ। ਮੀਟਿੰਗ 'ਚ ਇਹ ਫੈਸਲਾ ਕੀਤਾ ਗਿਆ ਹੈ ਕਿ ਸਾਡੇ ਵੱਲੋਂ ਆਪਣੇ ਨਾਮ 'ਤੇ ਟੈਂਡਰ ਪਾਏ ਗਏ ਹਨ, ਜੋ ਕਿ ਸਾਡੇ ਵੱਲੋਂ ਕੰਮ ਖੁਦ ਹੀ ਕੀਤਾ ਜਾਵੇਗਾ। ਅਸੀਂ ਕਿਸੇ ਠੇਕੇਦਾਰ ਦਾ ਕੰਮ ਨਹੀਂ ਕਰਾਂਗੇ, ਜੇਕਰ ਕੋਈ ਠੇਕੇਦਾਰ ਫ਼ਿਰ ਵੀ ਟੈਂਡਰ ਪਾਉਂਦਾ ਹੈ ਤਾਂ ਉਹ ਆਪਣੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਇਸ ਮੌਕੇ ਟਰੱਕ ਯੂਨੀਅਨ ਤੇ ਲੇਬਰ ਯੂਨੀਅਨ ਦੇ ਆਗੂਆਂ ਵੱਲੋਂ ਸੰਬੋਧਨ ਕੀਤਾ ਗਿਆ। ਇਸ ਮੌਕੇ ਟਰੱਕ ਯੂਨੀਅਨ ਪ੍ਰਧਾਨ ਪ੍ਰੀਤਮ ਸਿੰਘ ਅਖਾੜਾ ਤੇ ਸਮੂਹ ਮੈਂਬਰ, ਲੇਬਰ ਯੂਨੀਅਨ ਦੇ ਪ੍ਰਧਾਨ ਅਵਤਾਰ ਸਿੰਘ ਤੇ ਪ੍ਰਧਾਨ ਰਮੇਸ਼ ਕੁਮਾਰ ਸਹੋਤਾ ਆਦਿ ਹਾਜ਼ਰ ਸਨ।

## ਮੁਹਾਲੀ ਧਰਨੇ 'ਚ ਡਿਪਲੋਮਾ ਇੰਜੀਨੀਅਰ ਕਰਨਗੇ ਸ਼ਮੂਲੀਅਤ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਡਿਪਲੋਮਾ ਇੰਜੀਨੀਅਰ ਐਸੋਸੀਏਸ਼ਨ ਪੰਜਾਬ ਦੇ ਸੱਦੇ 'ਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਇੰਜੀਨੀਅਰਾਂ ਵੱਲੋਂ 5 ਅਪ੍ਰੈਲ ਨੂੰ ਵਿਭਾਗੀ ਮੁਖੀ ਮੁਹਾਲੀ ਦੇ ਦਫ਼ਤਰ ਵਿਖੇ ਦਿੱਤੇ ਜਾ ਰਹੇ ਸੂਬਾਈ ਧਰਨੇ ਲਈ ਜ਼ੋਨ ਫ਼ਿਰੋਜ਼ਪੁਰ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਸਬੰਧੀ ਜ਼ੋਨ ਪ੍ਰਧਾਨ ਇੰਜੀ. ਗੁਰਮੁੱਖ ਸਿੰਘ ਤੇ ਜਨਰਲ ਸਕੱਤਰ ਇੰਜ. ਗੁਰਲਾਲ ਸਿੰਘ ਬਰਾੜ ਨੇ ਦੱਸਿਆ ਕਿ ਵਿਭਾਗ ਅੰਦਰ ਪਹਿਲੀ ਵਾਰੀ ਹੋਇਆ ਹੈ ਕਿ ਪਿਛਲੇ ਸਾਲ ਤੇ ਇਸ ਸਾਲ ਵਿੱਚ ਸਹਾਇਕ ਇੰਜੀਨੀਅਰ ਤੋਂ ਉੱਪ-ਮੰਡਲ ਇੰਜੀਨੀਅਰ ਤੇ ਉੱਪ-ਮੰਡਲ ਇੰਜੀਨੀਅਰ ਤੋਂ ਕਾਰਜਕਾਰੀ ਇੰਜੀਨੀਅਰ ਲਈ ਕੋਈ ਵੀ ਪਦਉੱਨਤੀ ਨਹੀਂ ਹੋਈ ਤੇ ਉੱਪ-ਮੰਡਲ ਇੰਜੀਨੀਅਰਾਂ ਨੂੰ ਸਫਰੀ ਭੱਤਾ ਦੇਣਾ ਤਾਂ ਦੂਰ, ਸਗੋਂ ਜੂਨੀਅਰ ਇੰਜੀਨੀਅਰ ਤੋਂ ਖੋਹੇ ਪੈਟਰੋਲ ਭੱਤੇ ਨੂੰ ਮੁੜ ਬਹਾਲ ਕਰਨ ਲਈ ਕੁਝ ਵੀ ਨਹੀਂ ਕੀਤਾ ਜਾ ਰਿਹਾ। ਇਸ ਤੋਂ ਇਲਾਵਾ ਮੰਤਰੀ ਜਲ ਸਪਲਾਈ ਦੀ ਮੀਟਿੰਗ ਵਿੱਚ ਮੰਨੀਆਂ ਮੰਗਾਂ ਨੂੰ ਲਾਗੂ ਕਰਨ ਲਈ ਕੁਝ ਵੀ ਨਹੀਂ ਕੀਤਾ ਜਾ ਰਿਹਾ ਹੈ। ਇੰਜੀ. ਗੁਰਮੁੱਖ ਸਿੰਘ ਨੇ ਕਿਹਾ ਕਿ ਪ੍ਰੋਬੇਸ਼ਨ ਸਮਾਂ ਕਲੀਅਰ ਕਰਨ, ਉੱਪ-ਮੰਡਲ ਇੰਜੀਨੀਅਰਾਂ ਦੀਆਂ ਖੋਹੀਆਂ ਵਿੱਤੀ ਸ਼ਕਤੀਆਂ ਮੁੜ ਬਹਾਲ ਕਰਨ, ਪਦਉੱਨਤੀ ਕੋਝੇ ਵਿੱਚ ਵਾਧਾ ਕਰਨ, ਨਾਨ-ਗਜ਼ਟਿਡ ਨਾਲ ਸਬੰਧਤ ਮਸਲੇ ਮੁੱਖ ਦਫ਼ਤਰ ਪਟਿਆਲਾ ਨੂੰ ਸ਼ਕਤੀ ਪ੍ਰਦਾਨ ਕਰਨ ਤੇ ਹੋਰ ਮਸਲਿਆਂ ਦੇ ਹੱਲ ਲਈ ਕੁਝ ਵੀ ਨਹੀਂ ਕੀਤਾ ਜਾ ਰਿਹਾ ਹੈ। ਵਿਭਾਗੀ ਮੁਖੀ ਵੱਲੋਂ ਮੀਟਿੰਗ 'ਚ ਕੀਤੇ ਲਿਖਤੀ ਵਾਅਦਿਆਂ ਤੋਂ ਲਗਾਤਾਰ ਮੁਨਕਰ ਹੋਇਆ ਜਾ ਰਿਹਾ ਹੈ। ਇਸ ਲਈ ਸਮੂਹ ਇੰਜੀਨੀਅਰਾਂ ਵਿੱਚ ਵਿਆਪਕ ਰੋਸ ਹੈ।

# ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਡਿਪਟੀ ਕਮਿਸ਼ਨਰ ਦਫਤਰ ਦਾ ਘਿਰਾਓ




**ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**
ਪੇਂਡੂ ਮਜ਼ਦੂਰ ਯੂਨੀਅਨ ਦੀ ਅਗਵਾਈ ਵਿੱਚ ਵੱਖ ਵੱਖ ਪਿੰਡਾਂ ਦੇ ਮਜ਼ਦੂਰਾਂ ਵੱਲੋਂ ਸਥਾਨਕ ਮਸਲਿਆਂ ਨੂੰ ਲੈ ਕੇ ਡਿਪਟੀ ਕਮਿਸ਼ਨਰ ਦਫਤਰ ਦਾ ਘਿਰਾਓ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਪਿੰਡ ਖੋਖਰ ਮੋਤਲੇਵਾਲਾ, ਭੁੱਟੀਵਾਲਾ, ਵੜਿੰਗ, ਬਸਤੀ ਨਹਿਰਾਂ ਆਦਿ ਪਿੰਡਾਂ ਦੇ ਲੋਕਾਂ ਕੋਲ ਰੂੜੀ ਸੁੱਟਣ ਲਈ ਵੀ ਥਾਂ ਨਹੀਂ ਹੈ। ਲੋਕ ਕੱਚਿਆਂ ਵਰਗੇ ਘਰਾਂ ਵਿੱਚ ਆਪਣੀ ਜ਼ਿੰਦਗੀ ਦਾ ਗੁਜ਼ਰ ਬਸਰ ਕਰ ਰਹੇ ਹਨ। ਮਜ਼ਦੂਰਾਂ ਦੀਆਂ ਬਸਤੀਆਂ ਵਿੱਚ ਗਲੀਆਂ ਵਿੱਚ ਗੰਦਾ ਪਾਣੀ ਖੜਾ ਰਹਿੰਦਾ ਹੈ ਤੇ ਨਿਕਾਸ ਦਾ ਕੋਈ ਪ੍ਰਬੰਧ ਨਹੀਂ, ਜਿਸ ਕਾਰਨ ਲੋਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਕੇਂਦਰ ਸਰਕਾਰ ਦੀ ਸਵੈ ਬਿਸਤਰਾ ਸਕੀਮ ਤਹਿਤ ਲਾਲ ਲਕੀਰ ਅੰਦਰ ਆਉਂਦੇ ਮਕਾਨ ਦੀ ਰਜਿਸਟਰੀ ਕੀਤੀ ਜਾਣੀ ਸੀ, ਪਰ ਘਰਾਂ ਵਿੱਚ ਕਲੀ ਪਾਉਣ ਤੋਂ ਬਾਅਦ ਕੋਈ ਕਾਰਵਾਈ ਅੱਗੇ ਨਹੀਂ ਤੁਰੀ। ਪ੍ਰੈੱਸ ਬਿਆਨ ਜਾਰੀ ਕਰਦਿਆਂ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਲਖਵੰਤ ਕਿਰਤੀ ਨੇ ਕਿਹਾ ਕਿ ਪੇਂਡੂ ਮਜ਼ਦੂਰ ਬਹੁਤ ਮਾੜੀਆਂ ਹਾਲਤਾਂ 'ਚ ਆਪਣੀ ਜ਼ਿੰਦਗੀ ਦਾ ਨਿਰਬਾਹ ਕਰ ਰਹੇ ਹਨ।

ਉਨ੍ਹਾਂ ਕੋਲ ਨਾ ਤਾਂ ਰਹਿਣ ਯੋਗ ਘਰ ਹਨ ਅਤੇ ਨਾ ਹੀ ਰੋਟੀ ਰੁਜ਼ਗਾਰ ਦਾ ਕੋਈ ਪ੍ਰਬੰਧ ਹੈ। ਇਸ ਤੋਂ ਪਹਿਲਾਂ 20 ਫਰਵਰੀ ਨੂੰ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪੱਧਰੀ ਸੱਦੇ 'ਤੇ ਮਜ਼ਦੂਰਾਂ ਵੱਲੋਂ ਡੀ ਸੀ ਦਫਤਰ ਦਾ ਘਿਰਾਓ ਕਰਕੇ ਸਥਾਨਕ ਮੰਗਾਂ, ਮਸਲਿਆਂ 'ਤੇ ਸਾਰੇ ਮਹਿਕਮੇ ਦੀ ਹਾਜ਼ਰੀ ਵਿੱਚ ਆਗੂਆਂ ਨਾਲ ਮੀਟਿੰਗ ਲਈ ਮੰਗ ਕੀਤੀ ਗਈ ਸੀ, ਪਰ ਪੰਜਾਬ ਦਾ ਪ੍ਰਸ਼ਾਸਨ ਵੀ ਪੰਜਾਬ ਸਰਕਾਰ ਦੇ ਹੀ ਰਾਹ ਤੁਰਿਆ ਹੋਇਆ ਹੈ, ਜਿਵੇਂ ਭਗਵੰਤ ਮਾਨ ਸਰਕਾਰ ਮਜ਼ਦੂਰਾਂ ਨਾਲ ਮੀਟਿੰਗ ਕਰਨ ਤੋਂ ਭੱਜ ਰਹੀ ਹੈ, ਓਸੇ ਤਰ੍ਹਾਂ ਹੀ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਸ਼ਾਸਨ ਵੱਲੋਂ ਵੀ ਮਜ਼ਦੂਰਾਂ ਨਾਲ ਮੀਟਿੰਗ ਤੋਂ ਭੱਜਿਆ ਜਾ ਰਿਹਾ ਹੈ। ਇਸ ਲਈ ਮਜ਼ਦੂਰਾਂ ਨੇ ਮੰਗ ਕੀਤੀ ਹੈ ਕਿ ਮਜ਼ਦੂਰ ਆਗੂ ਨਾਲ ਪ੍ਰਸ਼ਾਸਨ ਵੱਲੋਂ ਮੀਟਿੰਗ ਕੀਤੀ ਜਾਵੇ। ਇਸ ਮੌਕੇ ਜਗਦੀਪ ਕੌਰ ਵੜਿੰਗ, ਗਿਆਨ ਸਿੰਘ ਝਬੇਲਵਾਲੀ, ਕੁਲਵਿੰਦਰ ਕੌਰ ਮੋਤਲੇਵਾਲਾ, ਖੁਸ਼ਦੀਪ ਕੌਰ, ਚਰਨਜੀਤ ਕੌਰ, ਮੰਗਲ ਸਿੰਘ ਖੋਖਰ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

# ਪੰਜਾਬ ਨੰਬਰਦਾਰ ਯੂਨੀਅਨ ਦੀ ਮੀਟਿੰਗ 'ਚ ਨਸ਼ੇ, ਚੋਰੀਆਂ-ਲੁੱਟਾਂ ਤੇ ਖੋਹਾਂ 'ਤੇ ਚਿੰਤਾ ਪ੍ਰਗਟ

- ਪੰਜਾਬ ਸਰਕਾਰ ਨੰਬਰਦਾਰ ਯੂਨੀਅਨ ਦੀਆਂ ਮੰਗਾਂ ਪੂਰੀਆਂ ਕਰੇ : ਵਾਹੀ, ਬਾਹਰਵਾਲੀ



ਮੀਟਿੰਗ ਦੌਰਾਨ ਹਾਜ਼ਰ ਨੰਬਰਦਾਰ ਯੂਨੀਅਨ ਦੇ ਆਗੂ।

**ਮੱਖੂ (ਰਛਪਾਲ ਸਿੰਘ ਸੰਧੂ)**
ਪੰਜਾਬ ਨੰਬਰਦਾਰ ਯੂਨੀਅਨ ਸਮਰਾ (ਰਜਿ: 643) ਜ਼ਿਲ੍ਹਾ ਫਿਰੋਜ਼ਪੁਰ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਬਾਹਰਵਾਲੀ ਤੇ ਜ਼ਿਲ੍ਹਾ ਜਨਰਲ ਸਕੱਤਰ ਤੇ ਤਹਿਸੀਲ ਪ੍ਰਧਾਨ ਜ਼ੀਰਾ ਲਖਵਿੰਦਰ ਸਿੰਘ ਵਾਹੀ ਦੀ ਪ੍ਰਧਾਨਗੀ ਹੇਠ ਦਾਣਾ ਮੰਡੀ ਮੱਖੂ ਵਿਖੇ ਜ਼ਿਲ੍ਹਾ ਖਜ਼ਾਨਚੀ ਦਲਜੀਤ ਸਿੰਘ ਨੰਬਰਦਾਰ ਦੀ ਆੜ੍ਹਤ 'ਤੇ ਹੋਈ। ਮੀਟਿੰਗ ਦੌਰਾਨ ਹਾਜ਼ਰ ਨੰਬਰਦਾਰਾਂ ਨੇ ਨਸ਼ੇ ਦੀ ਵਿੱਕਰੀ ਤੇ ਨਸ਼ੇ ਕਾਰਨ ਨੌਜਵਾਨਾਂ ਦੀਆਂ ਹੋ ਰਹੀਆਂ ਮੌਤਾਂ 'ਤੇ ਚਿੰਤਾ ਜ਼ਾਹਰ ਕੀਤੀ ਗਈ। ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਬਾਹਰਵਾਲੀ ਨੇ ਕਿਹਾ ਕਿ ਚਿੱਟੇ ਦਾ ਨਸ਼ਾ ਬਿਨਾਂ ਕਿਸੇ ਰੋਕਥਾਮ ਚਿੱਟੇ ਦਿਨ ਵਿਕ ਰਿਹਾ ਹੈ। ਲੁੱਟਾਂ ਖੋਹਾਂ ਤੇ ਚੋਰੀਆਂ ਨਿਰਵਿਘਨ ਜਾਰੀ ਹਨ। ਤਹਿਸੀਲ ਪ੍ਰਧਾਨ ਲਖਵਿੰਦਰ ਸਿੰਘ ਨੇ ਕਿਹਾ ਕਿ ਪੁਲਸ ਦੀ ਢਿੱਲੀ ਕਾਰਗੁਜ਼ਾਰੀ ਦੇ ਚੱਲਦਿਆਂ ਚੋਰਾਂ ਦੇ ਹੌਸਲੇ ਬੁਲੰਦ ਹਨ ਤੇ ਪੁਲਸ ਨੂੰ ਜਾਣਕਾਰੀ ਦੇਣ ਦੇ ਬਾਵਜੂਦ ਵੀ ਕਾਰਵਾਈ ਨਹੀਂ ਹੋ ਰਹੀ, ਜਿਸ ਕਾਰਨ ਆਮ ਨਾਗਰਿਕ ਦਾ ਪੁਲਸ ਤੋਂ ਵਿਸ਼ਵਾਸ ਉੱਠ ਰਿਹਾ ਹੈ। ਨੰਬਰਦਾਰ ਯੂਨੀਅਨ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਹਲਕਾ ਵਿਧਾਇਕ ਨਰੇਸ਼ ਕਟਾਰੀਆ ਤੇ ਜ਼ਿਲ੍ਹਾ ਫਿਰੋਜ਼ਪੁਰ ਦੇ ਐੱਸ ਐੱਸ ਪੀ ਤੋਂ ਮੰਗ ਕੀਤੀ ਗਈ ਕਿ ਨਸ਼ਿਆਂ, ਲੁੱਟਾਂ ਖੋਹਾਂ ਤੇ ਚੋਰੀਆਂ ਵਿੱਚ ਸ਼ਾਮਲ ਸਮਾਜ ਵਿਰੋਧੀ ਅਨਸਰਾਂ ਖਿਲਾਫ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ਤਾਂ ਜੋ ਜਨਤਾ ਚੈਨ ਦੀ ਨੀਂਦ ਸੌਂ ਸਕੇ। ਟੰਗ ਦੌਰਾਨ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਨੰਬਰਦਾਰ ਭਾਈਚਾਰੇ ਨਾਲ ਮੁੱਖ ਮੰਤਰੀ ਨਾਲ ਮੀਟਿੰਗ ਕਰਵਾ ਕੇ ਨੰਬਰਦਾਰਾਂ ਦੀਆਂ ਮੰਗਾਂ ਪੂਰੀਆਂ ਕਰਨ ਦਾ ਭਰੋਸਾ ਦਿੱਤਾ ਗਿਆ ਸੀ।

ਨੰਬਰਦਾਰ ਯੂਨੀਅਨ ਨੇ ਮੰਗ ਕੀਤੀ ਕਿ ਇਹ ਮੀਟਿੰਗ ਜਲੰਧਰ ਜ਼ਿਮਨੀ ਚੋਣ ਤੋਂ ਪਹਿਲਾਂ ਕਰਵਾ ਕੇ ਮੰਗਾਂ ਪੂਰੀਆਂ ਕੀਤੀਆਂ ਜਾਣ ਤੇ ਜੇਕਰ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਹੁੰਦੀਆਂ ਹਨ ਤਾਂ ਜ਼ਿਲ੍ਹਾ ਜਲੰਧਰ ਦੇ ਸਾਰੇ ਨੰਬਰਦਾਰ ਸਰਕਾਰ ਦੇ ਹੱਕ 'ਚ ਭੁਗਤਣਗੇ। ਮੀਟਿੰਗ ਦੌਰਾਨ ਕੁਲਦੀਪ ਸਿੰਘ ਬਾਹਰਵਾਲੀ ਜ਼ਿਲ੍ਹਾ ਪ੍ਰਧਾਨ, ਲਖਵਿੰਦਰ ਸਿੰਘ ਵਾਹੀ ਜ਼ਿਲ੍ਹਾ ਜਨਰਲ ਸਕੱਤਰ ਤੇ ਤਹਿਸੀਲ ਪ੍ਰਧਾਨ ਜੀਰਾ, ਦਲਜੀਤ ਸਿੰਘ ਜ਼ਿਲ੍ਹਾ ਕੈਸ਼ੀਅਰ, ਜਸਵੰਤ ਸਿੰਘ ਨੰਬਰਦਾਰ ਰਸੂਲਪੁਰ, ਗੁਰਸੇਵਕ ਸਿੰਘ ਨੰਬਰਦਾਰ ਬੁਰਜ, ਕਰਮਜੀਤ ਸਿੰਘ ਨੰਬਰਦਾਰ ਔਲਖ, ਰੇਸ਼ਮ ਸਿੰਘ, ਗੁਰਜੰਟ ਸਿੰਘ ਮੱਖੂ, ਕਲਵਿੰਦਰ ਸਿੰਘ ਸੀਹਾਂ ਪਾੜੀ, ਕੁਲਦੀਪ ਸਿੰਘ ਨੰਬਰਦਾਰ ਕਾਲੂ ਮੰਡਾਹਰ, ਗੁਰਪ੍ਰੀਤ ਸਿੰਘ ਕਿੱਲੀ, ਰਾਜਵਿੰਦਰ ਸਿੰਘ ਝਾਮਕੇ, ਮਨਜੀਤ ਸਿੰਘ ਸਦਰ ਵਾਲਾ, ਪ੍ਰਗਟ ਸਿੰਘ ਜੋਗੇਵਾਲਾ ਆਦਿ ਵੱਡੀ ਗਿਣਤੀ 'ਚ ਨੰਬਰਦਾਰ ਆਗੂ ਹਾਜ਼ਰ ਸਨ।

# 11 ਤੋਂ 14 ਤੱਕ ਸ੍ਰੀ ਚਰਨਛੋਹ ਗੰਗਾ ਖੁਰਾਲਗੜ ਹੋਣਗੇ ਸਮਾਗਮ



ਹੁਸ਼ਿਆਰਪੁਰ-(ਓ.ਪੀ.ਰਾਣਾ)- "ਆਦਿ ਧਰਮ ਗੁਰੂ" ਸੰਤ ਸਰਵਣ ਦਾਸ ਸਲੇਮਟਾਵਰੀ,ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ, ਸੰਤ ਸੁਰਿੰਦਰ ਦਾਸ ਪ੍ਰਧਾਨ ਇਤਿਹਾਸਕ ਅਸਥਾਨ ਸ੍ਰੀ ਚਰਨਛੋਹ ਗੰਗਾ ਖੁਰਾਲਗੜ ਸਾਹਿਬ ਨੇ ਵਿਸ਼ੇਸ਼ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ 11 ਅਪ੍ਰੈਲ ਮਹਾਤਮਾ ਜੋਤੀ ਰਾਉ ਫੂਲੇ,12-13 ਅਪ੍ਰੈਲ ਅੰਮ੍ਰਿਤਧਾਰਾ ਪ੍ਰਗਟ ਦਿਵਸ,14 ਅਪ੍ਰੈਲ ਡਾ.ਭੀਮ ਰਾਉ ਅੰਬੇਡਕਰ ਜੀ ਦੇ ਜਨਮ ਦਿਨ 'ਤੇ ਵਿਸ਼ੇਸ਼ ਸਮਾਗਮ ਹੋਣਗੇ,ਜਿਸ ਵਿੱਚ ਸੰਤ ਮਹਾਂਪੁਰਸ਼,ਬੁੱਧੀਜੀਵੀ ਆਪਣੇ ਵਿਚਾਰ ਪੇਸ਼ ਕਰਨਗੇ ਅਤੇ ਦੇਸ਼ ਵਿਦੇਸ਼ ਦੀਆਂ ਲੱਖਾਂ ਸੰਗਤਾਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਅਸ਼ੀਰਵਾਦ ਪ੍ਰਾਪਤ ਕਰਨਗੀਆਂ। "ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.)ਭਾਰਤ" ਦੇ ਪਲੇਟਫਾਰਮ ਤੋਂ ਦੇਸ਼ ਦੇ ਕਰੋੜਾਂ ਆਦਿ ਧਰਮੀਆਂ ਅੰਦਰ ਬਾਬੂ ਮੰਗੂ ਰਾਮ ਮੁੱਗੋਵਾਲੀਆ,ਭਾਰਤ ਰਤਨ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ, ਮਹਾਤਮਾ ਜੋਤੀਬਾ ਫੂਲੇ, ਪੈਰੀਅਰ ਰਾਮਾ ਸੁਆਮੀ ਨਾਇਕਰ,ਬਾਬੂ ਕਾਂਸ਼ੀ ਰਾਮ ਵਰਗੇ ਕੌਮ ਦੇ ਮਹਾਨ ਵਿਦਵਾਨਾਂ, ਰਹਿਬਰਾਂ ਦੇ ਸਮਾਨਤਾ, ਭਾਈਚਾਰੇ ਵਾਲੇ ਫਲਸਫੇ ਨੂੰ ਲੋਕਾਂ ਤੱਕ ਪਹੁੰਚਾਕੇ ਗੁਲਾਮੀ ਅਤੇ ਦੂਜਿਆਂ ਦੇ ਰਹਿਮੋਕ੍ਰਮ 'ਤੇ ਰਹਿਣ ਵਾਲੀ ਮਾਨਸਿਕਤਾ ਨੂੰ ਬਦਲਣ ਲਈ ਨਵੀਂ ਚੇਤਨਾ ਪੈਦਾ ਕੀਤੀ ਜਾ ਰਹੀ ਹੈ। ਬਾਬਾ ਬੰਤਾ ਰਾਮ ਘੇੜਾ ਵਲੋਂ ਸਤਿਗੁਰੂ ਰਵਿਦਾਸ ਮਹਾਰਾਜ ਦੇ ਚਰਨਛੋਹ ਅਸਥਾਨ ਸ੍ਰੀ ਚਰਨਛੋਹ ਗੰਗਾ ਖੁਰਾਲਗੜ ਸਾਹਿਬ ਆਦਿ ਅਸਥਾਨਾਂ ਦੀ ਖੋਜ ਕੀਤੀ ਗਈ ਜਿਨਾਂ ਦੇ ਨਵ-ਨਿਰਮਾਣ ਤੇ ਸਾਂਭ ਸੰਭਾਲ "ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.)ਭਾਰਤ" ਵਲੋਂ ਬਹੁਤ ਸੁਚੱਜੇ ਪ੍ਰਬੰਧਾਂ ਰਾਹੀਂ ਕੀਤੀ ਜਾ ਰਹੀ ਹੈ। ਉਨਾਂ ਸੰਗਤਾਂ ਅਪੀਲ ਕੀਤੀ ਆਪਸੀ ਭਾਈਚਾਰਾ,ਏਕਤਾ ਬਣਾ ਕੇ ਕੌਮ ਲਈ ਸ਼ੰਘਰਸ਼ ਵਿੱਚ ਸ਼ਾਮਲ ਹੋਣ।

# ਨਾਰਕੋ ਕੋਆਰਡੀਨੇਸ਼ਨ ਕਮੇਟੀ ਵੱਲੋਂ ਮੀਟਿੰਗ

## ਪੰਚਾਇਤਾਂ ਨੂੰ ਨਸ਼ਿਆਂ ਖਿਲਾਫ ਮਤੇ ਪਾਉਣ ਦੀ ਕੀਤੀ ਅਪੀਲ



ਗੁਰਦਾਸਪੁਰ, (ਜਨਕ ਮਹਾਜਨ)-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਪ੍ਰਧਾਨਗੀ ਹੇਠ ਸਥਾਨਕ ਪੰਚਾਇਤ ਭਵਨ ਵਿਖੇ ਜ਼ਿਲ੍ਹਾ ਪੱਧਰੀ ਨਾਰਕੋ ਕੋਆਰਡੀਨੇਸ਼ਨ ਕਮੇਟੀ ਦੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਐੱਸਐੱਸਪੀ ਗੁਰਦਾਸਪੁਰ ਹਰੀਸ਼ ਦਾਯਮਾ, ਐੱਸਐੱਸਪੀ ਬਟਾਲਾ ਮੈਡਮ ਅਸ਼ਵਨੀ ਗੁਟਿਆਲ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਮਨਮੋਹਨ ਸਿੰਘ, ਐੱਸਐੱਸਡੀ ਡੇਰਾ ਬਾਬਾ ਨਾਨਕ ਬਲਵਿੰਦਰ ਸਿੰਘ, ਐੱਸਡੀਐੱਮ ਗੁਰਦਾਸਪੁਰ ਅਮਨਦੀਪ ਕੌਰ ਘੁੰਮਣ, ਸਹਾਇਕ ਕਮਿਸ਼ਨਰ (ਜ) ਸਚਿਨ ਪਾਠਕ ਤੋਂ ਇਲਾਵਾ ਹੋਰ ਜ਼ਿਲ੍ਹਾ ਅਧਿਕਾਰੀ ਵੀ ਹਾਜ਼ਰ ਸਨ।

ਡੀਸੀ ਨੇ ਜ਼ਿਲ੍ਹੇ ਦੀਆਂ ਸਮੂਹ ਪੰਚਾਇਤਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਪਿੰਡਾਂ ਵਿੱਚ ਨਸ਼ਿਆਂ ਖਿਲਾਫ ਮਤੇ ਪਾਉਣ ਅਤੇ ਆਪਣੇ ਪਿੰਡਾਂ ਨੂੰ ਨਸ਼ਾ ਮੁਕਤ ਕਰਨ ਦੀ ਮੁਹਿੰਮ ਵਿੱਚ ਸਰਕਾਰ ਦਾ ਸਾਥ ਦੇਣ। ਉਨ੍ਹਾਂ ਕਿਹਾ ਕਿ ਜਿਹੜੇ ਪਿੰਡਾਂ ਵਿੱਚੋਂ 100 ਫੀਸਦੀ ਨਸ਼ਾ ਖਤਮ ਹੋ ਜਾਵੇਗਾ ਉਨ੍ਹਾਂ ਨੂੰ ਸਰਕਾਰ ਵੱਲੋਂ ਨਸ਼ਾ ਮੁਕਤ ਪਿੰਡ ਘੋਸ਼ਿਤ ਕੀਤਾ ਜਾਵੇਗਾ। ਇਸਦੇ ਨਾਲ ਹੀ ਉਨ੍ਹਾਂ ਨੇ ਓਟ ਕੇਂਦਰਾਂ ਵਿੱਚ ਸੀਸੀਟੀਵੀ ਕੈਮਰੇ ਲਗਾਉਣ ਦੀਆਂ ਹਦਾਇਤਾਂ ਵੀ ਕੀਤੀਆਂ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਜ਼ਿਲ੍ਹੇ ਵਿੱਚ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇ। ਇਸੇ ਦੌਰਾਨ ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਦੱਸਿਆ ਕਿ 10 ਤੋਂ 20 ਅਪ੍ਰੈਲ ਤੱਕ ਜ਼ਿਲ੍ਹੇ ਦੇ ਸਮੂਹ ਸਕੂਲਾਂ ਵਿੱਚ ਨਸ਼ਾ ਵਿਰੋਧੀ ਮੁਹਿੰਮ ਤਹਿਤ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਕਰਵਾਏ ਜਾਣਗੇ। ਇਸਦੇ ਨਾਲ ਹੀ ਯੁਵਕ ਸੇਵਾਵਾਂ ਵਿਭਾਗ ਅਤੇ ਨਹਿਰੂ ਯੁਵਾ ਕੇਂਦਰ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਨੌਜਵਾਨਾਂ ਨੂੰ ਖੇਡ ਗਤੀਵਿਧੀਆਂ ਨਾਲ ਜੋੜਨ ਦੇ ਉਪਰਾਲੇ ਕਰਨ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਵਿਰੋਧੀ ਮੁਹਿੰਮ ਵਿੱਚ ਆਪਣਾ ਮੋਹਰੀ ਰੋਲ ਅਦਾ ਕਰਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਵਿਲੇਜ ਡਿਫੈਂਸ ਕਮੇਟੀਆਂ ਦਾ ਘੇਰਾ ਹੋਰ ਵੀ ਵਧਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰ 'ਤੇ ਸਿਵਲ ਤੇ ਪੁਲਿਸ ਵਿਭਾਗ ਵੱਲੋਂ ਸਾਂਝਾ ਕੰਟਰੋਲ ਰੂਮ ਸਥਾਪਤ ਕੀਤਾ ਜਾਵੇਗਾ। ਉਨ੍ਹਾਂ ਪੁਲਸ ਵਿਭਾਗ ਨੂੰ ਵੀ ਹਦਾਇਤ ਕੀਤੀ ਹੈ ਕਿ ਅੰਤਰ ਜ਼ਿਲ੍ਹਾ ਨਾਕੇਬੰਦੀ ਨੂੰ ਹੋਰ ਮਜ਼ਬੂਤ ਕੀਤਾ ਜਾਵੇ ਤਾਂ ਜੋ ਬਾਹਰੋਂ ਨਸ਼ੇ ਤਸਕਰੀ ਨਾ ਹੋ ਸਕੇ। ਮੀਟਿੰਗ ਦੌਰਾਨ ਸ਼ਹਿਰਾਂ ਵਿੱਚ ਟਰੈਫਿਕ ਸਮੱਸਿਆ ਦੇ ਹੱਲ ਅਤੇ ਸੜਕ ਹਾਦਸਿਆਂ ਨੂੰ ਰੋਕਣ ਲਈ ਵੀ ਸਬੰਧਤ ਵਿਭਾਗਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ।

# ਸ਼੍ਰੋਮਣੀ ਕਮੇਟੀ ਵੱਲੋਂ ਦਸਤਖ਼ਤੀ ਮੁਹਿੰਮ ਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਜਨਮ ਸ਼ਤਾਬਦੀ ਸੰਬੰਧੀ ਇਕੱਤਰਤਾ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਆਰੰਭੀ ਦਸਤਖ਼ਤੀ ਮੁਹਿੰਮ ਤਹਿਤ ਪਿੰਡ ਪੱਧਰ 'ਤੇ ਕੀਤੇ ਜਾ ਰਹੇ ਕਾਰਜਾਂ ਬਾਰੇ ਸਮੀਖਿਆ ਅਤੇ ਆ ਰਹੀ ਸ਼ਤਾਬਦੀ ਦੇ ਸਮਾਗਮਾਂ ਸੰਬੰਧੀ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਅਤੇ ਬਲਵਿੰਦਰ ਸਿੰਘ ਕਾਹਲਵਾਂ ਨੇ ਅੱਜ ਇਥੇ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕਾਂ, ਢਾਡੀ ਤੇ ਕਵੀਸ਼ਰ ਜਥਿਆਂ ਨਾਲ ਇਕ ਵਿਸ਼ੇਸ਼ ਇਕੱਤਰਤਾ ਕੀਤੀ। ਸ਼੍ਰੋਮਣੀ ਕਮੇਟੀ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਈ ਇਸ ਬੈਠਕ ਦੌਰਾਨ ਪ੍ਰਚਾਰਕ ਜਥਿਆਂ ਨੂੰ ਖ਼ਾਲਸਾ ਸਾਜਨਾ ਦਿਵਸ (ਵਿਸਾਖੀ) ਤੱਕ ਦਸਤਖ਼ਤੀ ਮੁਹਿੰਮ ਨੂੰ ਸਰਗਰਮੀ ਨਾਲ ਅੱਗੇ ਵਧਾਉਣ ਲਈ ਕਿਹਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਸਿੱਖ ਕੌਮ ਦਾ ਅਹਿਮ ਮਾਮਲਾ ਹੈ, ਜਿਸ ਨੂੰ ਲੈ ਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਸ਼੍ਰੋਮਣੀ ਕਮੇਟੀ ਲਗਾਤਾਰ ਸਰਗਰਮ ਹੈ। ਉਨ੍ਹਾ ਪ੍ਰਚਾਰਕਾਂ ਨੂੰ ਕਿਹਾ ਕਿ ਮੌਜੂਦਾ ਸਮੇਂ ਚੱਲ ਰਹੀ ਦਸਤਖ਼ਤੀ ਮੁਹਿੰਮ ਨੂੰ ਪਿੰਡ ਪੱਧਰ 'ਤੇ ਖਾਲਸਾ ਸਾਜਨਾ ਦਿਵਸ ਤੱਕ ਜ਼ੋਰ ਸ਼ੋਰ ਨਾਲ ਅੱਗੇ ਵਧਾਇਆ ਜਾਵੇ, ਤਾਂ ਜੋ ਵੱਧ ਤੋਂ ਵੱਧ ਪ੍ਰੋਫਾਰਮੇ ਰਾਜਪਾਲ ਰਾਹੀਂ ਰਾਸ਼ਟਰਪਤੀ ਨੂੰ ਭੇਜੇ ਜਾ ਸਕਣ। ਇਕੱਤਰਤਾ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਪ੍ਰਚਾਰਕਾਂ ਨੂੰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ 300 ਸਾਲਾ ਜਨਮ ਸ਼ਤਾਬਦੀ ਸੰਬੰਧੀ ਵੱਧ ਤੋਂ ਵੱਧ ਸੰਗਤਾਂ ਨੂੰ ਜਾਗਰੂਕ ਕਰਨ ਅਤੇ ਸਮਾਗਮਾਂ ਬਾਰੇ ਜਾਣਕਾਰੀ ਦੇਣ ਲਈ ਕਿਹਾ। ਉਨ੍ਹਾ ਕਿਹਾ ਕਿ ਇਸ ਸ਼ਤਾਬਦੀ ਦਾ ਮੁੱਖ ਸਮਾਗਮ ਸ੍ਰੀ ਅੰਮ੍ਰਿਤਸਰ ਵਿਖੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ 'ਚ 5 ਮਈ ਨੂੰ ਪੰਥਕ ਜਾਹੋ-ਜਲਾਲ ਨਾਲ ਕੀਤਾ ਜਾਵੇਗਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸੁਪਰਡੈਂਟ ਮਲਕੀਤ ਸਿੰਘ ਬਹਿੜਵਾਲ, ਧਰਮ ਪ੍ਰਚਾਰ ਕਮੇਟੀ ਦੇ ਸੁਪਰਡੈਂਟ ਰਾਜਿੰਦਰ ਸਿੰਘ ਰੂਬੀ, ਇੰਚਾਰਜ ਕਰਤਾਰ ਸਿੰਘ, ਮੁੱਖ ਪ੍ਰਚਾਰਕ ਭਾਈ ਜਗਦੇਵ ਸਿੰਘ ਸਮੇਤ ਵੱਡੀ ਗਿਣਤੀ 'ਚ ਪ੍ਰਚਾਰਕ, ਢਾਡੀ ਤੇ ਕਵੀਸ਼ਰ ਹਾਜ਼ਰ ਸਨ।

# ਬੀਬੀ ਜਗੀਰ ਕੌਰ ਸ਼੍ਰੋਮਣੀ ਕਮੇਟੀ ਦੀ ਮੁੜ ਪ੍ਰਧਾਨ ਬਣੀ ਤਾਂ ਧਰਮੀ ਫੌਜੀ ਰੋਸ ਧਰਨਾ



ਧਾਰੀਵਾਲ (ਮਨਦੀਪ ਵਿੱਕੀ)-ਜੂਨ 1984 ਦੌਰਾਨ ਸ੍ਰੀ ਅਕਾਲ ਤਖਤ ਸਾਹਿਬ ਨੂੰ ਤੋਪਾਂ ਟੈਂਕਾਂ ਨਾਲ ਢਹਿ-ਢੇਰੀ ਕਰਨ ਦੇ ਰੋਸ ਵਜੋਂ ਸਿੱਖ ਧਰਮ ਤੇ ਕੌਮ ਦੀ ਹੋਂਦ ਨੂੰ ਖਤਰੇ 'ਚ ਦੇਖ ਕੇ ਸਿੱਖ ਧਰਮੀ ਫੌਜੀਆਂ ਨੇ ਆਪਣੀ ਨੌਕਰੀਆਂ, ਪਰਿਵਾਰ ਅਤੇ ਬੱਚਿਆਂ ਦੀ ਪ੍ਰਵਾਹ ਨਾ ਕਰਦੇ ਹੋਏ ਸ੍ਰੀ ਅੰਮ੍ਰਿਤਸਰ ਵੱਲ ਕੂਚ ਕਰ ਦਿੱਤਾ, ਜਦਕਿ ਸ਼੍ਰੋਮਣੀ ਕਮੇਟੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ 23 ਅਗਸਤ 2021 ਨੂੰ ਅੰਤ੍ਰਿਮ ਕਮੇਟੀ ਦੀ ਮੀਟਿੰਗ ਦੌਰਾਨ ਧਰਮੀ ਫੌਜੀਆਂ ਨੂੰ ਕੈਟਾਗਰੀਆਂ ਵਿੱਚ ਵੰਡ ਕੇ ਉਨ੍ਹਾਂ ਦੀ ਕੁਰਬਾਨੀਆਂ ਨੂੰ ਇਤਿਹਾਸ ਵਿੱਚੋਂ ਖਤਮ ਕਰਨ ਦਾ ਮੰਦਭਾਗਾ ਫੈਸਲਾ ਲਿਆ ਸੀ।

ਇਹ ਵਿਚਾਰ ਸਮੂਹ ਸਿੱਖ ਧਰਮੀ ਫੌਜੀ ਜੂਨ 1984 ਪਰਿਵਾਰ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਨੇ ਇਥੇ ਧਾਰੀਵਾਲ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ।

ਪ੍ਰਧਾਨ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਮੱਕੜ ਵੱਲੋਂ ਧਰਮੀ ਫੌਜੀਆਂ ਦੀਆਂ ਕੁਰਬਾਨੀਆਂ ਨੂੰ ਸਮਝਦੇ ਹੋਏ ਬੈਰਕਾਂ ਛੱਡਣ ਵਾਲੇ ਸਾਰੇ ਸਿੱਖ ਫੌਜੀਆਂ ਨੂੰ ਧਰਮੀ ਫੌਜੀ ਮੰਨਦੇ ਹੋਏ ਸ਼ਹੀਦ ਧਰਮੀ ਫੌਜੀਆਂ ਦੇ ਪਰਿਵਾਰਾਂ ਨੂੰ ਇੱਕ ਇੱਕ ਲੱਖ ਅਤੇ ਬਾਕੀਆਂ ਨੂੰ 51-51 ਹਜ਼ਾਰ ਰੁਪਏ ਦੇਣ ਤੋਂ ਇਲਾਵਾ ਬੱਚਿਆਂ ਨੂੰ ਸ਼੍ਰੋਮਣੀ ਕਮੇਟੀ 'ਚ ਨੌਕਰੀਆਂ ਦਿੱਤੀਆਂ ਜਦਕਿ ਸਾਬਕਾ ਪ੍ਰਧਾਨ ਕ੍ਰਿਪਾਲ ਸਿੰਘ ਬੰਡੂਗਰ, ਗੋਬਿੰਦ ਸਿੰਘ ਲੌਂਗੋਵਾਲ ਆਦਿ ਨੇ ਧਰਮੀ ਫੌਜੀਆਂ ਦੀਆਂ ਸਾਰੀਆਂ ਸਹੂਲਤਾਂ ਬੰਦ ਕਰ ਦਿੱਤੀਆਂ।

ਪ੍ਰਧਾਨ ਬਲਦੇਵ ਸਿੰਘ ਨੇ ਸਖਤ ਸ਼ਬਦਾਂ ਵਿੱਚ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਬੀਬੀ ਜਗੀਰ ਕੌਰ ਨੂੰ ਸ਼੍ਰੋਮਣੀ ਕਮੇਟੀ ਦਾ ਹੁਣ ਦੁਬਾਰਾ ਪ੍ਰਧਾਨ ਚੁਣਿਆ ਤਾਂ ਧਰਮੀ ਫੌਜੀ ਰੋਸ ਵਜੋਂ ਸ਼੍ਰੋਮਣੀ ਕਮੇਟੀ ਦੇ ਦਫਤਰਾਂ ਅੱਗੇ ਪੱਕਾ ਧਰਨਾ ਲਗਾਉਣ ਦੀ ਵਿਉਂਤਬੰਦੀ ਕਰਨਗੇ ਕਿਉਂਕਿ ਧਰਮੀ ਫੌਜੀਆਂ ਨੂੰ ਕੈਟਾਗਰੀਆਂ 'ਚ ਵੰਡ ਕੇ ਉਨ੍ਹਾਂ ਦੀ ਹੋਂਦ ਖਤਮ ਕਰਨ ਨੂੰ ਕਦੇ ਸਹਿਣ ਨਹੀਂ ਕੀਤਾ ਜਾਵੇਗਾ।

# ਪ੍ਰਸ਼ਾਸਨਿਕ ਅਧਿਕਾਰੀਆਂ 'ਤੇ ਵਾਧੂ ਚਾਰਜ ਦਾ ਬੋਝ, ਲੋਕ ਹੋ ਰਹੇ ਖੱਜਲ-ਖੁਆਰ: ਦੁਧਾਲਾ

ਮਜੀਠਾ (ਸੋਇਮ ਆਨੰਦ)-ਮਜੀਠਾ ਹਲਕੇ ਦੇ ਪ੍ਰਸ਼ਾਸਨਿਕ ਅਧਿਕਾਰੀ ਐੱਸਡੀਐੱਮ, ਕਾਰਜਕਾਰੀ ਅਧਿਕਾਰੀ ਨਗਰ ਕੌਂਸਲ, ਐੱਸਓ ਨਗਰ ਕੌਂਸਲ, ਕੋਲ ਕਈ ਦਫਤਰਾਂ ਦੇ ਵਾਧੂ ਚਾਰਜ ਹਨ। ਇਥੋਂ ਤੱਕ ਕਿ ਬਲਾਕ ਵਿਕਾਸ ਪੰਚਾਇਤ ਅਫਸਰ ਦੀ ਸੀਟ ਪਿਛਲੇ ਦੋ ਮਹੀਨਿਆਂ ਤੋਂ ਖਾਲੀ ਪਈ ਹੈ। ਇਸ ਦਾ ਪ੍ਰਗਟਾਵਾ ਸੀਪੀਆਈ ਬਲਾਕ ਸੈਕਟਰੀ ਕਾਮਰੇਡ ਦੁਧਾਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ। ਉਨ੍ਹਾਂ ਕਿਹਾ ਕਿ ਇਨ੍ਹਾਂ ਅਧਿਕਾਰੀਆਂ ਦਾ ਕੋਈ ਆਉਣ ਜਾਣ ਦਾ ਵਕਤ ਨਹੀਂ ਹੈ ਤੇ ਨਾ ਹੀ ਕੋਈ ਦਫਤਰਾਂ ਦੇ ਸਾਹਮਣੇ ਕੋਈ ਸਮਾਂ ਸਾਰਣੀ ਦਾ ਬੋਰਡ ਲੱਗਾ ਹੈ ਕਿ ਆਮ ਆਦਮੀ ਨੂੰ ਪਤਾ ਲੱਗੇ ਕਿ ਕਿਹੜਾ ਅਧਿਕਾਰੀ ਕਿਹੜੇ ਵਕਤ 'ਤੇ ਕਿਹੜੇ ਦਿਨ ਮਿਲੇਗਾ ਤਾਂ ਕਿ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਪੰਜਾਬ ਸਰਕਾਰ ਤੇ ਡੀਸੀ ਅੰਮ੍ਰਿਤਸਰ ਕੋਲੋਂ ਪੁਰਜ਼ੋਰ ਮੰਗ ਕੀਤੀ ਹੈ ਇਸ ਦਾ ਹੱਲ ਜਲਦੀ ਤੋਂ ਜਲਦੀ ਕੱਢਿਆ ਜਾਵੇ ਤਾਂ ਕਿ ਇਲਾਕੇ ਦੇ ਲੋਕਾਂ ਨੂੰ ਪ੍ਰੇਸ਼ਾਨੀ ਤੋਂ ਬਚਾਇਆ ਜਾ ਸਕੇ ਤੇ ਖਾਲੀ ਪਈ ਬਲਾਕ ਵਿਕਾਸ ਪੰਚਾਇਤ ਅਫਸਰ ਦੀ ਸੀਟ ਤੇ ਅਧਿਕਾਰੀ ਲਗਾਇਆ ਜਾਵੇ।

# ਵਿਧਾਇਕ ਨੇ ਕਈ ਜਗ੍ਹਾ ਕੀਤੇ ਵਿਕਾਸ ਕਾਰਜਾਂ ਦੇ ਉਦਘਾਟਨ

ਅੰਮ੍ਰਿਤਸਰ (ਜਸਬੀਰ ਪੱਟੀ) ਅੱਜ ਹਲਕਾ ਅੰਮ੍ਰਿਤਸਰ ਪੱਛਮੀ ਦੇ ਵਿਧਾਇਕ ਡਾ. ਜਸਬੀਰ ਸਿੰਘ ਸੰਧੂ ਵੱਲੋਂ ਹਲਕੇ ਦੇ ਵੱਖ ਵੱਖ ਇਲਾਕਿਆਂ 'ਚ ਵਿਕਾਸ ਦੇ ਕੰਮਾਂ ਦੇ ਉਦਘਾਟਨ ਕੀਤੇ ਗਏ। ਐਨ ਆਰ ਆਈ ਕਾਲੋਨੀ ,ਲੋਹਰਕਾ ਰੋਡ ਦੇ ਵਸਨੀਕ ਪਿਛਲੇ ਲੰਬੇ ਸਮੇਂ ਤੋਂ ਪਾਣੀ ਦੀ ਕਿੱਲਤ ਤੋਂ ਜੂਝ ਰਹੇ ਸੀ ਤੇ ਨਾਲ ਹੀ ਉਨ੍ਹਾਂ ਨੂੰ ਗੰਦਾ ਪਾਣੀ ਪੀਣ ਨੂੰ ਮਿਲ ਰਿਹਾ ਸੀ। ਅੱਜ ਡਾ. ਸੰਧੂ ਨੇ ਐਨ ਆਰ ਆਈ ਕਾਲੋਨੀ ਵਿਖੇ ਲੱਗਭਗ 25 ਲੱਖ ਦੀ ਲਾਗਤ ਨਾਲ ਲੱਗਣ ਵਾਲੇ ਨਵੇਂ ਟਿਊਬਵੈੱਲ ਦਾ ਉਦਘਾਟਨ ਕੀਤਾ। ਅੱਜ ਪੰਚਾਇਤ ਅਜੇ ਨਗਰ ਵਿਖੇ ਇੰਟਰਲਾਕ ਟਾਇਲਾਂ ਲਾਉਣ ਦੀ ਸ਼ੁਰੂਆਤ ਕੀਤੀ ਗਈ। ਇਸ ਦੇ ਨਾਲ ਹੀ ਵਾਰਡ ਨੰਬਰ 85 ਦੇ ਮਿਲਾਪ ਐਵੇਨਿਊ ਵਿੱਚ ਨਵੇਂ ਸੀਵਰੇਜ ਪਾਈਪ ਲਾਈਨ ਦੀ ਸ਼ੁਰੂਆਤ ਵੀ ਕੀਤੀ ਗਈ ਜਿਸ ਕੰਮ ਲਈ ਅਨੁਮਾਨਿਤ ਖਰਚਾ 8 ਤੋਂ 10 ਲੱਖ ਆਉਣਾ ਹੈ। ਵਾਰਡ ਨੰਬਰ 1 ਗੁਮਟਾਲਾ ਦੇ ਪ੍ਰੀਤ ਵਿਹਾਰ ਹਲਕੇ 'ਚ ਨਵੀਂ ਬਣਨ ਵਾਲੀ ਸੜਕ ਦਾ ਉਦਘਾਟਨ ਵੀ ਅੱਜ ਡਾਕਟਰ ਜਸਬੀਰ ਸਿੰਘ ਸੰਧੂ ਵੱਲੋਂ ਕੀਤਾ ਗਿਆ।

## Court Notice

**In the Court of Ms. Indu Bala Addl. Civil Judge (Senior Division), Moonak.**

CNR No. PBSGD0-000067-2023
Next Date : 10.5.2023
Ram Babu Kumar S/o Musharu Sahu
Versus
General Public
Publication issued to : General Public, Punjab

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 10.5.2023 at 10.00 a.m.

For details logon to https://highcourtchd.gov.in/?trs=district notice&district=Sangrur

Addl. Civil Judge (Senior Division), Moonak.
Dated, this day of 15.3.2023

## Court Notice

**In the Court of Ms. Divya Sharma Judicial Magistrate-Ist Class Ludhiana.**

Next Date, Purpose of Case, Orders and Judgments as well as other case information is available on http://ecourts.gov.in

CNR No. PBLD03-025163-2019
Next Date : 1.5.2023
M/S Cholamandalam Investment and Finance Company Ltd
Versus
Paramjit Singh
Publication issued to : Paramjit Singh Address R/o Vill. Bathan Jitwal Kalan Malerkotla Distt. Sangrur

Whereas it has been proved to the satisfaction of this Court that you, the above named accused/accused persons can't be served in the ordinary way of service. Hence this proclamation under 82 of code of criminal procedure is hereby issued against you with a direction that you should appear personally before the court on 1.5.2023 at 10.00 a.m. or within 30 days from the date of publication of this proclamation.

Take notice that, in case of default on your part to appear as directed above said case will be heard and determined as per law, in your absence.

For details logon to : https://highcourtchd.gov.in/?trs=district notice&district=Ludhiana

Judicial Magistrate-Ist Class Ludhiana


## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਪੱਤਰ ਨੰ.:— 770-W/169/WA/FZR/2022-23 ਤਾਰੀਕ 29.03.2023

ਮੰਡਲ ਇੰਜੀਨੀਅਰ-ਚੌਥਾ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 20.04.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜ਼ਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਮਿਤੀ ਅਤੇ ਸਮਾਂ |
| 28.03.2023 | 06.04.2023 | 20.04.2023 / 15:00 ਵਜੇ |

| ਲ.ਨ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | | | |
|---|---|---|---|---|---|
| 1 | 494-2022-23-BDGM-DRM-FZR | ਸਹਾਇਕ ਮੰਡਲ ਇੰਜੀਨੀਅਰ/ਬਡਗਾਮ ਦੇ ਤਹਿਤ ਬਨਿਹਾਲ-ਬਾਰਾਮੂਲਾ ਸੈਕਸ਼ਨ ਵਿਚ ਅਨੰਤਨਾਗ ਰੇਲਵੇ ਸਟੇਸ਼ਨ, ਪੱਟਨ ਰੇਲਵੇ ਸਟੇਸ਼ਨ, ਬਾਰਾਮੂਲਾ ਰੇਲਵੇ ਸਟੇਸ਼ਨ ਤੇ 950 ਘਣ ਮੀਟਰ ਗਿਟੀ ਦੀ ਸਪਲਾਈ। | | | |
| | | ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 2,48,89,530/- | 2,74,500/- | 60 ਦਿਨ | 09 ਮਹੀਨੇ |
| | | ਸਮਾਨ ਨੇਚਰ ਦਾ ਕੰਮ- ਰੇਲਵੇ/ਰਾਜਮਾਰਗ/ਸੜਕਾਂ ਦੇ ਲਈ ਮਸ਼ੀਨ ਕ੍ਰਸ਼ਡ ਸਟੋਨ ਗਿਟੀ ਦੀ ਸਪਲਾਈ। | | | |
| 2 | 500-2022-23-BDGM-DRM-FZR | ਸਹਾਇਕ ਮੰਡਲ ਇੰਜੀਨੀਅਰ/ਬਡਗਾਮ ਦੇ ਤਹਿਤ ਬਨਿਹਾਲ -ਬਾਰਾਮੂਲਾ ਸੈਕਸ਼ਨ ਵਿਚ ਦਿਵਯਾਂਗਜਨਾਂ ਦੇ ਲਈ ਸ਼ੌਚਾਲਯ, ਪ੍ਰਵੇਸ਼ ਪਥ, 50 ਮੀਟਰ ਢਕਾ ਹੋਇਆ ਰਸਤਾ ਅਤੇ ਪੇਅਜਲ ਬੂਥ ਦਾ ਪ੍ਰਾਵਧਾਨ। | | | |
| | | ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 1,19,41,126.50/- | 2,09,700/- | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ- ਕੋਈ ਵੀ ਸਿਵਿਲ ਕੰਮ ਟ੍ਰੈਕ ਦੇ ਇਲਾਵਾ। | | | |
| 3 | 501-2022-23-BDGM-DRM-FZR | ਸਹਾਇਕ ਮੰਡਲ ਇੰਜੀਨੀਅਰ/ਬਡਗਾਮ ਦੇ ਤਹਿਤ ਬਨਿਹਾਲ -ਬਾਰਾਮੂਲਾ ਸੈਕਸ਼ਨ ਵਿਚ ਬਨਿਹਾਲ, ਅਨੰਤਨਾਗ, ਪੰਜਗੋਮ, ਹਮਰੇ ਅਤੇ ਸੋਪੋਰ ਸਟੇਸ਼ਨਾਂ ਤੇ ਬੋਰਵੇਲ ਅਤੇ ਪੰਪ ਹਾਊਸ ਦੇ ਨਾਲ ਪਾਣੀ ਸਪਲਾਈ ਵਿਚ ਵਾਧਾ ਅਤੇ ਹੋਰ ਸਬੰਧ ਕੰਮ ਕਰਨ ਲਈ। | | | |
| | | ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 1,65,14349.13/- | 2,32,600/- | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ- ਕੋਈ ਵੀ ਸਿਵਿਲ ਕੰਮ ਟ੍ਰੈਕ ਦੇ ਇਲਾਵਾ। | | | |
| 4 | 502-2022-23-BDGM-DRM-FZR | ਸਹਾਇਕ ਮੰਡਲ ਇੰਜੀਨੀਅਰ/ਬਡਗਾਮ ਦੇ ਤਹਿਤ ਬਨਿਹਾਲ -ਬਾਰਾਮੂਲਾ ਸੈਕਸ਼ਨ ਵਿਚ ਬਡਗਾਂਵ ਰੇਲਵੇ ਸਟੇਸ਼ਨ ਉਤੇ 50 ਕੇਐਲਡੀ ਦੇ ਅਫਲੂਐਂਟ ਟ੍ਰੀਟਮੈਂਟ ਪਲਾਂਟ ਦੀ ਸਥਾਪਨਾ ਅਤੇ ਕਮਿਸ਼ਨਿੰਗ। | | | |
| | | ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 86,75,692.49/- | 1,73,500/- | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ- ਸਪਲਾਈ, ਡਿਜ਼ਾਈਨ, ਨਿਰਮਾਣ ਅਤੇ ਸੀਵੇਜ ਅਤੇ ਅਪੱਸ਼ਿਸ਼ਟ ਉਪਚਾਰ ਸੰਯੰਤਰ ਦੀ ਕਮਿਸ਼ਨਿੰਗ। | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ।
2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। 969/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਕਲਾਸੀਫਾਈਡ ਇਸ਼ਤਿਹਾਰ

## Lost And Found

I Jagdish Kaur W/O Bachittar Singh Resident Of Guru Arjan Dev Nagar, Taran Taran Want To Declare Regarding My House Of Area 176.33 Sq Yd At Guru Arjan Dev Nagar, Taran Taran, My Old Sale Deed No 4470 Dated 09/02/2004 Is Lost At Distt. Court Amritsar. This Deed Is Not Mortgaged Anywhere. Whosoever Find It Kindly Contact Me At 9914211488.

## ਆਮ ਸੂਚਨਾ

ਮੈਂ, ਤਿਲਕ ਰਾਜ ਪੁੱਤਰ ਸ਼ਿਵਰਾਮ ਵਾਸੀ ਪਿੰਡ ਸ਼ੇਰਪੁਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮਿਤੀ 02-02-2023 ਨੂੰ ਮੇਰੀਆ ਪੁਰਾਣੀਆ ਤਿੰਨ ਰਜਿਸਟਰੀਆਂ ਪਲਾਟ ਦੀਆਂ ਅਤੇ ਦੋ ਪਾਵਰ ਆਫ਼ ਅਟੋਰਨੀ ਗੁੰਮ ਹੋ ਗਈਆਂ ਹਨ। ਜੇਕਰ ਕਿਸੇ ਵਿਅਕਤੀ ਨੂੰ ਇਹ ਮਿਲਣ ਤਾਂ ਦਿੱਤੇ ਪਤੇ ਤੇ ਸੰਪਰਕ ਕਰ ਸਕਦਾ ਹੈ। ਸਬੰਧਿਤ ਨੋਟ ਕਰਨ।

ਮੋਟਰ ਕੁਨੈਕਸ਼ਨ ਨੰਬਰ ਏਪੀ,03-150, ਹਰਜੀਤ ਸਿੰਘ ਪੁੱਤਰ ਬਖਸ਼ੀਸ਼ ਸਿੰਘ ਵਾਸੀ ਬਗੋਲ ਦੇ ਨਾਂ ਨੂੰ ਆਪਣੇ ਨਾਂ ਕਰਨ ਲਈ ਗੁਰਪ੍ਰੀਤ ਸਿੰਘ ਪੁੱਤਰ ਕੁਲਜੀਤ ਸਿੰਘ ਵਾਸੀ ਬਗੋਲ ਨੇ ਦਫ਼ਤਰ ਹਰਚੋਵਾਲ ਵਿਖੇ ਬੇਨਤੀ ਕੀਤੀ ਹੈ ।ਇਸ ਬਾਰੇ ਇਤਰਾਜ਼ ਕਰਤਾ ਵੀ 20 ਦਿਨਾਂ ਦੇ ਅੰਦਰ ਅੰਦਰ ਪਾਵਰਕਾਮ ਦਫ਼ਤਰ ਹਰਚੋਵਾਲ ਵਿਖੇ ਇਤਰਾਜ਼ ਕਰ ਸਕਦਾ । ਉਪਮੰਡਲ ਅਫਸਰ ਪਾਵਰਕਾਮ ਹਰਚੋਵਾਲ। (KP)

ਸ੍ਰੀ ਮਹਿੰਦਰ ਸਿੰਘ ਪੁੱਤਰ ਸ੍ਰੀ ਪ੍ਰੇਮ ਸਿੰਘ ਵਾਸੀ ਪਿੰਡ ਪੰਡੋਰੀ ਜ਼ਿਲ੍ਹਾ ਕਪੂਰਥਲਾ ਦੇ ਨਾਂਅ 'ਤੇ 03 ਬੀ ਐੱਚ ਪੀ ਦਾ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਏ ਪੀ 30/2044(3004516273)ਪਿੰਡ ਪੰਡੋਰੀ ਵਿੱਚ ਚੱਲ ਰਿਹਾ ਹੈ, ਜੋ ਕਿ ਹੁਣ ਸ੍ਰੀਮਤੀ ਬਿਮਲ ਕੌਰ ਪਤਨੀ ਸ੍ਰੀ ਸੁਰਜੀਤ ਸਿੰਘ ਵਾਸੀ ਪਿੰਡ ਪੰਡੋਰੀ ਰਾਜਪੂਤਾਂ, ਭੁਲੱਥ ਜ਼ਿਲ੍ਹਾ ਕਪੂਰਥਲਾ ਆਪਣੇ ਨਾਂਅ 'ਤੇ ਤਬਦੀਲ ਕਰਵਾਉਣਾ ਚਾਹੁੰਦੀ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 30 ਦਿਨਾਂ ਦੇ ਅੰਦਰ-ਅੰਦਰ ਉੱਪ ਮੰਡਲ ਅਫਸਰ ਪਾਵਰਕਾਮ ਭੁਲੱਥ ਨਾਲ ਸੰਪਰਕ ਕਰੇ। ਸਹਾਇਕ ਕਾਰਜਕਾਰੀ ਇੰਜੀਨੀਅਰ (ਵੰਡ), ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਉੱਪ ਮੰਡਲ, ਭੁਲੱਥ (ਕਪੂਰਥਲਾ)। (7311)

ਟਿਊਬਵੈਲ ਕੁਨੈਕਸ਼ਨ ਖਾਤਾ ਨੰ. ਏਪੀ-23/1264, 10 ਹਾਰਸ ਪਾਵਰ ਜੋ ਬਲਦੇਵ ਸਿੰਘ ਪੁੱਤਰ ਸੋਹਣ ਸਿੰਘ ਪਿੰਡ ਬੋਪਾਰਾਏ ਅੰਮ੍ਰਿਤਸਰ ਦੇ ਨਾਅ ਚਲਦਾ ਹੈ ਨੂੰ ਜਗੀਰ ਸਿੰਘ ਪੁੱਤਰ ਸੋਹਣ ਸਿੰਘ ਪਿੰਡ ਬੋਪਾਰਾਏ ਦੇ ਨਾਅ ਕਰਨ ਦੀ ਦਰਖਾਸਤ ਆਈ ਹੈ। ਇਤਰਾਜ 15 ਦਿਨਾਂ ਅੰਦਰ ਉਪ ਮੰਡਲ ਅਫਸਰ ਦਫ਼ਤਰ ਫਤਹਿਪੁਰ ਰਾਜਪੂਤਾਂ ਕੀਤਾ ਜਾ ਸਕਦਾ । (ਤਰਸੇਮ)

ਟਿਊਬਵੈਲ ਕੁਨੈਕਸਨ ਐਚ-1177, ਸਾਢੇ 7 ਹਾਰਸ ਪਾਵਰ, ਜੋ ਬੀਰ ਸਿੰਘ ਪੁੱਤਰ ਸੋਹਣ ਸਿੰਘ ਪਿੰਡ ਬੋਪਾਰਾਏ ਅੰਮ੍ਰਿਤਸਰ ਦੀ ਜਮੀਨ ਬੋਪਾਰਾਏ ਵਿੱਚ ਚੱਲਦਾ ਹੈ ਨੂੰ ਉਹ ਮੱਤੇਵਾਲ ਦੀ ਜਮੀਨ ਵਿੱਚ ਬਦਲੀ ਕਰਾਉਣਾ ਚਾਹੁੰਦਾ ਹੈ। ਇਤਰਾਜ 15 ਦਿਨਾਂ ਅੰਦਰ ਉਪ ਮੰਡਲ ਅਫਸਰ ਦਫ਼ਤਰ ਫਤਹਿਪੁਰ ਰਾਜਪੂਤਾਂ ਕੀਤਾ ਜਾ ਸਕਦਾ । (ਤਰਸੇਮ)

ਟਿਊਬਵੈਲ ਕੁਨੈਕਸ਼ਨ ਖਾਤਾ ਨੰ. ਐਚ-1131, ਸਾਢੇ 7 ਹਾਰਸ ਪਾਵਰ ਜੋ ਬਲਦੇਵ ਸਿੰਘ ਪੁੱਤਰ ਸੋਹਣ ਸਿੰਘ ਪਿੰਡ ਬੋਪਾਰਾਏ ਅੰਮ੍ਰਿਤਸਰ ਦੇ ਨਾਅ ਚਲਦਾ ਹੈ ਨੂੰ ਜਗੀਰ ਸਿੰਘ ਪੁੱਤਰ ਸੋਹਣ ਸਿੰਘ ਪਿੰਡ ਬੋਪਾਰਾਏ ਦੇ ਨਾਅ ਕਰਨ ਦੀ ਦਰਖਾਸਤ ਆਈ ਹੈ। ਇਤਰਾਜ 15 ਦਿਨਾਂ ਅੰਦਰ ਉਪ ਮੰਡਲ ਅਫਸਰ ਦਫ਼ਤਰ ਫਤਹਿਪੁਰ ਰਾਜਪੂਤਾਂ ਕੀਤਾ ਜਾ ਸਕਦਾ । (ਤਰਸੇਮ)

ਟਿਊਬਵੈਲ ਕੁਨੈਕਸ਼ਨ ਖਾਤਾ ਨੰ. ਏਪੀ-05/1307, 10 ਹਾਰਸ ਪਾਵਰ ਜੋ ਜਗੀਰ ਸਿੰਘ, ਅਜੀਤ ਸਿੰਘ, ਬੀਰ ਸਿੰਘ, ਬਲਦੇਵ ਸਿੰਘ ਪੁੱਤਰਰਾਨ ਸੋਹਣ ਸਿੰਘ ਪਿੰਡ ਬੋਪਾਰਾਏ ਅੰਮ੍ਰਿਤਸਰ ਦੇ ਨਾਅ ਚਲਦਾ ਹੈ ਨੂੰ ਅਜੀਤ ਸਿੰਘ ਪੁੱਤਰ ਸੋਹਣ ਸਿੰਘ ਪਿੰਡ ਬੋਪਾਰਾਏ ਦੇ ਨਾਅ ਕਰਨ ਦੀ ਦਰਖਾਸਤ ਆਈ ਹੈ। ਇਤਰਾਜ 15 ਦਿਨਾਂ ਅੰਦਰ ਉਪ ਮੰਡਲ ਅਫਸਰ ਦਫ਼ਤਰ ਫਤਹਿਪੁਰ ਰਾਜਪੂਤਾਂ ਕੀਤਾ ਜਾ ਸਕਦਾ । (ਤਰਸੇਮ)

ਟਿਊਬਵੈਲ ਕੁਨੈਕਸਨ ਐਚ-1130, ਸਾਢੇ 7 ਹਾਰਸ ਪਾਵਰ, ਜੋ ਅਜੀਤ ਸਿੰਘ ਪੁੱਤਰ ਸੋਹਣ ਸਿੰਘ ਪਿੰਡ ਬੋਪਾਰਾਏ ਅੰਮ੍ਰਿਤਸਰ ਦੇ ਨਾਅ ਚਲਦਾ ਹੈ ਨੂੰ ਬਲਦੇਵ ਸਿੰਘ ਪੁੱਤਰ ਸੋਹਣ ਸਿੰਘ ਪਿੰਡ ਬੋਪਾਰਾਏ ਦੇ ਨਾਅ ਕਰਨ ਦੀ ਦਰਖਾਸਤ ਆਈ ਹੈ। ਇਤਰਾਜ 15 ਦਿਨਾਂ ਅੰਦਰ ਉਪ ਮੰਡਲ ਅਫਸਰ ਦਫ਼ਤਰ ਫਤਹਿਪੁਰ ਰਾਜਪੂਤਾਂ ਕੀਤਾ ਜਾ ਸਕਦਾ । (ਤਰਸੇਮ)

ਟਿਊਬਵੈਲ ਕੁਨੈਕਸ਼ਨ ਖਾਤਾ ਨੰ. ਏਪੀ-05/1306, 10 ਹਾਰਸ ਪਾਵਰ ਜੋ ਜਗੀਰ ਸਿੰਘ, ਅਜੀਤ ਸਿੰਘ, ਬੀਰ ਸਿੰਘ, ਬਲਦੇਵ ਸਿੰਘ ਪੁੱਤਰਰਾਨ ਸੋਹਣ ਸਿੰਘ ਪਿੰਡ ਬੋਪਾਰਾਏ ਅੰਮ੍ਰਿਤਸਰ ਦੇ ਨਾਅ ਚਲਦਾ ਹੈ ਨੂੰ ਅਜੀਤ ਸਿੰਘ ਪੁੱਤਰ ਸੋਹਣ ਸਿੰਘ ਪਿੰਡ ਬੋਪਾਰਾਏ ਦੇ ਨਾਅ ਕਰਨ ਦੀ ਦਰਖਾਸਤ ਆਈ ਹੈ। ਇਤਰਾਜ 15 ਦਿਨਾਂ ਅੰਦਰ ਉਪ ਮੰਡਲ ਅਫਸਰ ਦਫ਼ਤਰ ਫਤਹਿਪੁਰ ਰਾਜਪੂਤਾਂ ਕੀਤਾ ਜਾ ਸਕਦਾ । (ਤਰਸੇਮ)

ਮੈਂ, ਮੋਹਨਜੀਤ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ 1724, ਗਲੀ ਨੰ: 2, ਕਾਵਾਂ ਵਾਲੀ, ਗੁਰੂ ਨਾਨਕਪੁਰਾ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਭਰਾ ਪਰਮਿੰਦਰ ਪਾਲ ਸਿੰਘ ਉਰਫ ਸੋਨੂੰ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨਾਲੋਂ ਆਪਣੇ ਸਾਰੇ ਸੰਬੰਧ ਤੋੜਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। (ਆਰ)

ਇੱਕ ਟਿਊਬਵੈੱਲ ਕੁਨੈਕਸ਼ਨ ਜਿਸ ਦਾ ਖਾਤਾ ਨੰ. ਏ ਪੀ 65/46, 3 ਬੀ ਐੱਚ ਪੀ, ਜੋ ਦਿਵਾਨ ਚੰਦ ਪੁੱਤਰ ਮਹਿੰਗਾ ਰਾਮ ਵਾਸੀ ਪਿੰਡ ਸਾਧੂਚੱਕ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ ਦੇ ਨਾਂਅ 'ਤੇ ਚੱਲ ਰਿਹਾ ਹੈ, ਜਿਸ ਨੂੰ ਹੁਣ ਲਖਬੀਰ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਨਿਊ ਕਾਲੋਨੀ ਹਯਾਤ ਨਗਰ, ਤਹਿਸੀਲ, ਜ਼ਿਲ੍ਹਾ ਗੁਰਦਾਸਪੁਰ ਦੇ ਨਾਂਅ ਬਦਲੀ ਕਰਨਾ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਉਹ ਆਪਣਾ ਇਤਰਾਜ਼ ਸਬ-ਅਰਬਨ ਦਫਤਰ ਗੁਰਦਾਸਪੁਰ ਵਿਖੇ ਪੇਸ਼ ਕਰ ਸਕਦਾ ਹੈ।

ਮੈਂ ਸਵਿੰਦਰ ਸਿੰਘ ਪੁੱਤਰ ਕੁੰਨਣ ਸਿੰਘ ਵਾਸੀ ਪਿੰਡ ਭਗਵਾਨਪੁਰ, ਪੱਤੀ ਮਾਹਲ, ਤਹਿਸੀਲ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ। ਮੈਂ ਆਪਣੇ ਲੜਕੇ ਅਮਰਿੰਦਰ ਸਿੰਘ ਅਤੇ ਨੂੰਹ ਨਵਨੀਤ ਕੌਰ ਨੂੰ ਮੇਰੇ ਕਹਿਣੇ ਅਨੁਸਾਰ ਨਾ ਹੋਣ ਕਰਕੇ ਆਪਣੀ ਚਲ ਅੱਚਲ ਜਾਇਦਾਦ ਤੋਂ ਬੇਦਖਲ ਕੀਤਾ ਸੀ । ਪਰ ਹੁਣ ਮੇਰਾ ਲੜਕਾ ਅਮਰਿੰਦਰ ਸਿੰਘ ਅਤੇ ਨੂੰਹ ਨਵਨੀਤ ਕੌਰ ਮੇਰੇ ਕਹਿਣੇ ਅਨੁਸਾਰ ਹਨ । ਮੈਂ ਆਪਣੀ ਬੇਦਖਲੀ ਵਾਪਿਸ ਲੈਂਦਾ ਹਾਂ। ਮੇਰੀ ਚਲ ਅੱਚਲ ਜਾਇਦਾਦ ਵਿਚ ਹੁਣ ਮੇਰੇ ਲੜਕੇ ਦਾ ਪੂਰਾ ਹੱਕ ਹੋਵੇਗਾ । ਸੰਬੰਧਤ ਨੋਟ ਕਰਨ ।

## ਬੇਦਖਲੀ ਨੋਟਿਸ

ਮੈਂ, ਪਰਮਜੀਤ ਕੌਰ ਪਤਨੀ ਲੇਟ ਬਲਵੀਰ ਲਾਲ ਵਾਸੀ ਪਿੰਡ ਢਿੱਲਵਾਂ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੌਤਮ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ। ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਬਿਮਲਾ ਦੇਵੀ ਪਤਨੀ ਨਰਿੰਦਰ ਕੁਮਾਰ ਵਾਸੀ ਪਿੰਡ ਖਾਟੀ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੌਰਵ ਕੁਮਾਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ। ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਜਗਦੀਸ਼ ਮਿੱਤਰ ਪੁੱਤਰ ਹਰੀ ਰਾਮ ਵਾਸੀ ਮਕਾਨ ਨੰ. 15, ਨਿਊ ਕੈਲਾਸ਼ ਨਗਰ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲਖਵਿੰਦਰ ਕੁਮਾਰ ਸ਼ਰਮਾ ਅਤੇ ਉਸ ਦੀ ਪਤਨੀ ਨੀਸ਼ੂ ਸ਼ਰਮਾ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਇਹਨਾਂ ਦੇ ਪਰਿਵਾਰ ਸਮੇਤ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਦਰਸ਼ਨ ਕੌਰ ਪਤਨੀ ਮਨਜੀਤ ਸਿੰਘ ਵਾਸੀ ਪਿੰਡ ਤਲਵੰਡੀ ਭੀਲਾ, ਡਾਕ: ਮੁਸਤਫਾਪੁਰ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਬਲਵਿੰਦਰ ਸਿੰਘ (ਕੁਆਰਾ) ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਕਿਉਂਕਿ ਮੇਰਾ ਇਸ ਨਾਲ ਕੋਈ ਸੰਬੰਧ-ਵਾਸਤਾ ਨਹੀਂ ਰਿਹਾ ਹੈ। ਸੰਬੰਧਤ ਨੋਟ ਕਰਨ। (ਕ੍ਰਿਸ਼ਨਾ)

ਮੈਂ, ਸਰਬਜੀਤ ਸਿੰਘ ਪੁੱਤਰ ਤਾਰਾ ਸਿੰਘ ਵਾਸੀ ਹਰੀਗੜ੍ਹ, ਜ਼ਿਲ੍ਹਾ ਬਰਨਾਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਵਿੰਦਰ ਸਿੰਘ ਤੇ ਮੇਰੀ ਨੂੰਹ ਦਲਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਅਸੀਂ, ਰਾਜ ਕੁਮਾਰ ਪੁੱਤਰ ਰਾਮ ਪ੍ਰਕਾਸ਼, ਪੁਸ਼ਪਾ ਕੁਮਾਰੀ ਪਤਨੀ ਰਾਜ ਕੁਮਾਰ ਵਾਸੀ ਘੁਮਾਣ, ਤਹਿ: ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦੇ ਹਾਂ ਕਿ ਸਾਡੀ ਲੜਕੀ ਮੋਨਿਕਾ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੇ ਲੜਕੇ ਅਦਿਤਅ ਨਾਲ ਸਾਡੇ ਨਾਲੋਂ ਅਲੱਗ ਰਹਿ ਰਹੀ ਹੈ। ਅਸੀਂ ਇਸ ਨੂੰ ਅਤੇ ਇਸ ਦੇ ਲੜਕੇ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਵਾਰ ਦਾ ਇਹਨਾਂ ਨਾਲ ਕੋਈ ਰਿਸ਼ਤਾ ਨਹੀਂ। (ਕਮਲੇਸ਼)

ਮੈਂ ਬਲਦੇਵ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਢਪਈ ਪਿੰਡ ਮੇਨ ਬਜਾਰ,ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਬੇਟਾ ਰਵੀ ਉਰਫ ਲੱਲੀ ਜੋ ਕਿ ਮੇਰੇ ਕਹਿਣੇ ਤੋ ਬਾਹਰ ਹੈ। ਮੈਂ ਉਸਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ, ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ ਹੈ। (KK)

ਅਸੀਂ ਹਰਮੇਲ ਸਿੰਘ ਪੁੱਤਰ ਕਰਮ ਸਿੰਘ ਅਤੇ ਸੁਖਦੇਵ ਕੌਰ ਪਤਨੀ ਹਰਮੇਲ ਸਿੰਘ ਵਾਸੀਆਨ ਮੁਹੱਲਾ ਰੇਹੜਵਾਂ, ਨਕੋਦਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕੇ ਮਨਜੀਤ ਸਿੰਘ ਅਤੇ ਜਸਪਾਲ ਸਿੰਘ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਅਸੀਂ, ਸੁਰਿੰਦਰ ਮੋਹਨ ਪੁੱਤਰ ਕਰਤਾਰ ਚੰਦ ਅਤੇ ਕਮਲਜੀਤ ਕੌਰ ਪਤਨੀ ਸੁਰਿੰਦਰ ਮੋਹਨ ਵਾਸੀ ਪਿੰਡ ਅੱਬਲਖੈਰ, ਤਹਿਸੀਲ ਵਾ ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਯੁਗੇਸ਼ ਸੈਣੀ ਅਤੇ ਉਸਦੀ ਪਤਨੀ ਸਵਾਤੀ ਸੈਣੀ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਹਨਾਂ ਦੋਨਾਂ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਗੁਰਮੇਜ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਮਕਾਨ ਨੰ. 150, ਹਰਨਾਮ ਦਾਸ ਪੁਰਾ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪਰਮਜੀਤ ਸਿੰਘ ਅਤੇ ਉਸਦੀ ਪਤਨੀ ਮਨਦੀਪ ਕੌਰ ਅਤੇ ਉਹਨਾਂ ਦੇ ਲੜਕੇ ਸਾਹਿਬ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਸਾਰਿਆਂ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਸਾਰਿਆਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾ ਨਾਲ ਲੈਣ ਦੇਣ ਕਰੇਗਾ। ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਜਸਪਾਲ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਪਿੰਡ ਜੌਹਲ, ਡਾਕਖਾਨਾ ਬੋਲੀਨਾ ਦੋਆਬਾ, ਜੌਹਲ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜੋਧਵੀਰ ਸਿੰਘ ਅਤੇ ਉਸ ਦੀ ਪਤਨੀ ਗੁਰਦੀਪ ਕੌਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਪਰਮਜੀਤ ਕੌਰ ਪਤਨੀ ਲੇਟ ਬਲਵੀਰ ਲਾਲ ਵਾਸੀ ਪਿੰਡ ਢਿੱਲਵਾਂ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੁਰਪ੍ਰੀਤ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ। ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਦੇਵਰਾਜ ਪੁੱਤਰ ਛਿਜੂ ਰਾਮ, ਵਾਸੀ ਮੁਸ਼ਕਵੇਦ (ਸੀਨਪੁਰ),ਕਪੂਰਥਲਾ ਦਾ ਰਹਿਣ ਵਾਲਾ ਹਾਂ। ਮੇਰਾ ਲੜਕਾ ਸੁਖਵੰਤ ਸਿੰਘ ਤੇ ਮੇਰੀ ਨੂੰਹ ਕੰਚਨ, ਜੋ ਕਿ ਮੇਰੇ ਕਹਿਣੇਕਾਰ ਤੋਂ ਬਾਹਰ ਹਨ ਜਿਸ ਕਰਕੇ ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਦੋਵਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੈਂ ਜਾਂ ਮੇਰੇ ਪਰਿਵਾਰ ਦਾ ਕੋਈ ਵੀ ਮੈਂਬਰ ਇਸ ਲਈ ਜ਼ਿੰਮੇਵਾਰ ਨਹੀਂ ਹੋਵੇਗਾ।

ਮੈਂ, ਰਜਿੰਦਰ ਕੌਰ ਪਤਨੀ ਸ੍ਰੀ ਕੁਲਵੰਤ ਸਿੰਘ ਵਾ ਕੁਲਵੰਤ ਸਿੰਘ ਪੁੱਤਰ ਸ੍ਰੀ ਕਰਤਾਰ ਸਿੰਘ ਵਾਸੀ ਵਾਰਡ ਨੰਬਰ 04, ਮੁਹੱਲਾ ਚਰਗੀਆਂ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਹਰਦੀਪ ਸਿੰਘ ਅਤੇ ਨੂੰਹ ਸੀਤਲ ਪਤਨੀ ਹਰਦੀਪ ਸਿੰਘ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਸਾਡੀ ਜਾਂ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ ਬਲਦੇਵ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਕਿਲਾ ਲਾਲ ਸਿੰਘ, ਬਟਾਲਾ (ਗੁਰਦਾਸਪੁਰ) ਆਪਣੇ ਲੜਕੇ ਬਲਬੀਰ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਰਕੇ ਆਪਣੀ ਚਲ/ਅਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਲੈਣ/ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

## ਨਾਂਅ ਦੀ ਬਦਲੀ

ਮੈਂ ਸੋਨੂੰ ਪੁੱਤਰ ਗਣਪਤ ਰਾਏ ਵਾਸੀ ਬਾਬਾ ਬੁੱਢਾ ਕਾਲੋਨੀ, ਅੱਡਾ ਝਬਾਲ ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ (ਪੰਜਾਬ) ਆਪਣਾ ਨਾਮ ਸੋਨੂੰ ਤੋਂ ਸੋਨੂੰ ਰਾਏ ਰੱਖ ਲਿਆ ਹੈ। (makhan)

ਮੈਂ ਜਗਸੀਰ ਸਿੰਘ ਪੁੱਤਰ ਗੁਰਜੰਟ ਸਿੰਘ, ਵਾਸੀ ਪਿੰਡ ਗੋਬਿੰਦਪੁਰਾ, ਪੱਤੀ ਹਰੀ, ਜ਼ਿਲ੍ਹਾ ਬਠਿੰਡਾ ਸੂਚਿਤ ਕਰਦਾ ਹਾਂ ਕਿ ਮੇਰੇ ਡਰਾਇਵਿੰਗ ਲਾਇਸੰਸ 'ਤੇ ਮੇਰਾ ਨਾਮ ਸੁਖਵੀਰ ਸਿੰਘ ਦਰਜ ਹੈ, ਜੋ ਗਲਤ ਹੈ ਜਦੋਂ ਕਿ ਮੇਰਾ ਅਸਲ ਨਾਮ ਜਗਸੀਰ ਸਿੰਘ (Jagsir Singh) ਹੈ, ਮੈਨੂੰ ਜਗਸੀਰ ਸਿੰਘ ਨਾਮ ਨਾਲ ਜਾਣਿਆ ਜਾਂਦਾ ਹੈ। (ਭੀਮ ਸੈਨ)

## Change of Name

I, Kulwinder Kaur W/o Ajay Kumar R/o Vill. Chohak Kalan, Po. Ladhewali, Distt. Jalandhar have changed my son's name from Harpreet to Harpreet Kumar, as given name Harpreet and Kumar as Surname. All Please Note.

I, Sarabjit Kaur D/o Mohinder Singh R/o H.No. 8588/1, St no. 9, Guru Angad Colony, Back Side A.T.I College, Ludhiana have changed my name from Sarabjit Kaur to Sarabjit Kaur Virdi. All Please Note.

I, Simaran Kaur W/o Karnail Singh R/o Village Bhagwanpur, PO. Sheikhupur, Distt. Kapurthala-144620, Punjab have changed my name from Simaran Kaur to Simarjit Kaur. All Please Note.

I, Malkeet Singh S/o Sukhdev Singh R/o VPO Bhura Karimpura Tehsil Patti District Tarn Taran have changed my name from Malkeet Singh to Malkeet Singh Gill

## Change of Name

I, Ravina W/o Sh. Mukesh Kumar R/o Village Rahalli PO Baddon Tehsil Garhshankar Distt. Hoshiarpur Punjab have changed my name from Ravina to Ravina Sharma. Concerned note. (Hitesh)

I,Surabhi Sethia W/O Harshit Kochar R/O H.No.241-A,Maqbool Road,Basant Avenue, Amritsar, Punjab have changed my name from Surabhi Sethia to Surabhi Kochar. (KK)

I, Manpreet Kaur Gill W/o Simranjit Singh Sarkaria R/o Backside Gurudwara Patti Sarkar, Kot Khalsa, Amritsar have changed my name Manpreet Kaur Gill to Manpreet Kaur. Please Concerned Note. (Arora)

I, Monika Rani W/o Chander Pal R/o H.No. 98, Gali No. 2, Avtar Nagar, Jalandhar, declare that Dimple Bala and Monika Rani is one and the same person. Both names related to me. All note it. (B)

I, Amritpal Singh S/o Gurjeet Singh R/o V.P.O. Gakhal, Jalandhar, Punjab-144002, have changed my name from Amritpal Singh to Singh Amritpal. (Singh as surname). (7317)

I, Gurpreet Singh S/o Gurjeet Singh R/o V.P.O. Gakhal, Jalandhar, Punjab, have changed my name from Gurpreet Singh to Singh Gurpreet. (Singh as surname). (7317)

I,Parwinder Kaur W/O Ajit Singh R/O Talwandi Dogran,Amritsar, Punjab have changed my name from Parwinder Kaur to Parvinder Kaur.Concerned note. (KK)

I, Gaurav S/o Late Sh. Lehmber Singh R/o H.No. N.G. 11, Parbhat Nagar, Mohalla Gazi Gulla, Jalandhar, have changed my name from Gaurav to Gaurav Kumar. Please note. (R)

I, Savita Birdi W/O Tarlochan Singh R/O H.no.173, Vill. Raowali, Po. Nurpur, Distt Jalandhar Have Changed My Name From Savita Birdi To Savita Bhatti ( Aftet Marriage Surname Changed)

I, Pal S/O Piara Lal R/O Village Dhaliwal Khadian ,Basti Guzan Distt Jalandhar Have Changed My Name From Pal To Pal Pal (Pal Is My Surname)

I Manjinder Kaur Bahia W/O Sukhjinder Singh Bahia R/O Hno. 37 , St. No. 1 , Palahi Road , Asha Park Colony , Phagwara , Kapurthala. Have Changed My Minor Daughter Name Tarnveer Kaur To Tarnveer Kaur Bahia

I, Charanjit S/o Sat Pal R/o Gobind Nagar, Darapur Byepass Urmar, Tehsil Dasuya (Hoshiarpur), Punjab, have changed my name from Charanjeet to Charanjit. All concerned please note. (Behl)

I, Gourav s/o Rattan Lal r/o H.No.118, Lohar Nangal, Jalandhar, Punjab, 144022 have changed my name to Gourav Mahey. All Please Note.

I, Swtanter Singh alias Sutanter Rai s/o Khushi Ram r/o VPO. Domeli, PS. Rawal Pindi, Kapurthala-144407, Punjab have changed my name to Sutanter Rai. All Please Note.

I, Sumit Kumar s/o Rajinder Kumar r/o 186 B, Shivaji Nagar, Basti Danishmanda, Jalandhar, Punjab have changed my name to Sumit. All Please Note.

I, Gopal Dass s/o Manohar Lal Verma r/o H.No. B-VI852, Preet Nagar, Sodal Road, Jalandhar, Punjab- 144004 have changed my name as Gopal Verma. All Please Note.

I, Sarbjit Singh s/o Ram Murti r/o Near Sugar Mill. Staff Colony, Phagwara, Distt. Kapurthala, Punjab have changed my name from Sarabjit Singh to Sarbjit Singh. All concerned note.

I, Sarwan Singh s/o Didar Singh r/o H. No. EG-1083, Moh. Gobind Garh, Jalandhar declare that in school record of my son, his name written wrong i.e. Jaskaran Singh Kler instead of Jaskaran Singh Klair. All Please Note.

I, Sheetal Kaur Klair w/o Sarwan Singh r/o EG-1083 Moh. Gobind Garh, Jalandhar declare that in my son Jaskaran Singh Klair School Record, my name written wrong i.e. Sheetal Kaur Kler instead of Sheetal Kaur Klair. All Please Note.

I, Harjot Singh S/o Beant Singh R/o H.No.7, PO Khalsa College Guru Tegh Bahadur Nagar Amritsar have changed my name from Harjot Singh to Harjot Singh Nibber

I Charnjit Singh S/O Jaswant Singh R/O Po Tera Kalan The Ajnala Kiampura Amritsar Have Changed My Name From Charnjit Singh To Charanjit Singh.

I, Hemkash Makhija S/o Amit Makhija R/o H.No.1775, Gali No.7-A, Jujhar Singh Avenue Amritsar have changed my name from Hemkash Makhija to Hemaksh Makhija.

I Amarjit Kaur Alias Balwindr Kaur W/O Sawinder Singh R/O Vpo Talwandi Dasaundha Singh Distt Amritsar Have Changed My Name From Amarjit Kaur Alias Balwinder Kaur To Balwinder Kaur

I, Seema Rani W/o Arun Bhandari R/o H.No.36, Gali No.1, Gopal Nagar Majitha Road Amritsar have changed my name from Seema Rani to Seema Bhandari.

I Kaur Jasleen D/o Ranjit Singh Resident of H.No. 59/5, Kt. Dal Singh, Bazar Pethe Wala, Amritsar has changed my name from Jasleen Kaur to Kaur Jasleen.

# ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਦੇ ਜਨਮ ਦਿਵਸ ਨੂੰ ਸਮਰਪਤ ਸ਼ੋਭਾ ਯਾਤਰਾ 13 ਨੂੰ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)— ਭਾਰਤ ਰਤਨ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਜੀ ਦੇ 132ਵੇਂ ਜਨਮ ਦਿਵਸ ਨੂੰ ਸਮਰਪਿਤ ਵਿਸ਼ਾਲ ਸ਼ੋਭਾ ਯਾਤਰਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 13 ਅਪ੍ਰੈਲ 2023 ਰ ਨੂੰ ਕੱਢਣ ਸਬੰਧੀ ਇੱਕ ਮੀਟਿੰਗ ਮੁਹੱਲਾ ਰਹੀਮਪੁਰ ਦੇ ਸ੍ਰੀ ਗੁਰੂ ਰਵਿਦਾਸ ਮੰਦਿਰ ਵਿਖੇ ਬੁਲਾਈ ਗਈ। ਪ੍ਰਧਾਨ ਚੰਦਨ ਲੱਕੀ ਨੇ ਦਸਿਆ ਕਿ ਮੀਟਿੰਗ ਵਿੱਚ ਜ਼ਿਲ੍ਹੇ ਦੀਆਂ ਸਮੂਹ ਬਾਬਾ ਸਾਹਿਬ ਡਾ: ਬੀਮ ਰਾਓ ਅੰਬੇਡਕਰ ਸਭਾਵਾਂ, ਸ੍ਰੀ ਗੁਰੂ ਰਵਿਦਾਸ ਸਭਾਵਾਂ, ਭਗਵਾਨ ਵਾਲਮੀਕ ਸਭਾਵਾਂ ਅਤੇ ਸਿੱਖ ਜੱਥੇਬੰਦੀਆਂ ਵਲੋਂ ਹਾਜਰੀ ਲਗਵਾਈ ਗਈ। ਮੀਟਿੰਗ ਵਿੱਚ ਇੱਕ ਹਜਾਰ ਤੋਂ ਵੀ ਵੱਧ ਵੱਖ ਵੱਖ ਆਗੂਆਂ ਨੇ ਆਪਣੇ ਸੰਬੋਧਨ ਦੌਰਾਨ ਬਾਬਾ ਸਾਹਿਬ ਵਲੋਂ ਸਮਾਜ ਅਤੇ ਦੇਸ਼ ਵਾਸਤੇ ਪਾਏ ਮਹੱਤਵਪੂਰਨ ਯੋਗਦਾਨ ਸਬੰਧੀ ਹਾਜਰ ਸੰਗਤਾਂ ਨੂੰ ਜਾਣੂ ਕਰਵਾਇਆ ਅਤੇ ਬਾਬਾ ਸਾਹਿਬ ਦੇ ਮਿਸ਼ਨ ਤੇ ਪਹਿਰਾ ਦੇਣ ਅਤੇ ਮਿਸ਼ਨ ਨੂੰ ਘਰ ਘਰ ਲੈ ਕੇ ਜਾਣ ਲਈ ਲਾਮਬੰਦ ਹੋਣ ਕਈ ਪ੍ਰੇਰਿਤ ਕੀਤਾ। ਉਨ੍ਹਾਂ ਦਸਿਆ ਕਿ ਬਾਬਾ ਸਾਹਿਬ ਜੀ ਨੇ ਕਿਸ ਤਰ੍ਹਾਂ ਦੱਬੇ ਕੁਚਲੇ ਸਮਾਜ ਅਤੇ ਨਾਰੀ ਜਾਤੀ ਦੇ ਅਧਿਕਾਰਾਂ ਅਤੇ ਮਾਨ ਸਨਮਾਨ ਦੀ ਲੜਾਈ ਲਈ ਅਤੇ ਅਧਿਕਾਰਾਂ ਨੂੰ ਸੰਵਿਧਾਨ ਦੇ ਰੂਪ ਵਿੱਚ ਕਾਨੂੰਨੀ ਮਾਨਤਾ ਦਿੱਤੀ। ਉਨ੍ਹਾਂ ਕਿਹਾ ਕਿ ਅੱਜ ਅਸੀਂ ਜੋ ਲੋਕਤੰਤਰ ਦਾ ਆਨੰਦ ਮਾਣ ਰਹੇ ਹਾਂ ਇਹ ਬਾਬਾ ਸਾਹਿਬ ਦੀ ਦਿਨ ਰਾਤ ਦੀ ਮਿਹਨਤ ਸਦਕਾ ਮਾਣ ਰਹੇ ਹਾਂ। ਰਾਜੀਵ ਸਾਂਈ ਦਰਬਾਰ ਪੰਜ ਪੀਰ ਕਾਦਰੀ ਵਿਸ਼ੇਸ਼ ਤੌਰ 'ਤੇ ਹਾਜਰ ਹੋਏ। ਇਸ ਮੌਕੇ ਚੰਦਨ ਲੱਕੀ ਪ੍ਰਧਾਨ ਅਤਿਆਚਾਰ ਵਿਰੋਧੀ ਫਰੰਟ, ਹਰਵਿੰਦਰ ਹੀਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਫੋਰਸ, ਕਰਨਜੋਤ ਆਦੀਆ ਪ੍ਰਧਾਨ ਸਫਾਈ ਯੂਨੀਅਨ, ਬਲਵਿੰਦਰ ਬਿੰਦੀ ਚੇਅਰਮੈਨ ਫਾਇਨਾਂਸ ਕਮੇਟੀ, ਨਰਿੰਦਰ ਨਹਿਰੂ ਬਾਬਾ ਸਾਹਿਬ ਟਾਈਗਰ ਫੋਰਸ, ਪ੍ਰਿਤਪਾਲ ਪ੍ਰਧਾਨ, ਗੁਰਨਾਮ ਸਿੰਘ ਸਿੰਗੜੀਵਾਲ, ਮੱਖੀਰਾਮ ਐਮ.ਸੀ. ਜਸਪਾਲ ਚੇਚੀ ਐਮ.ਸੀ., ਬੀਬੀ ਮਹਿੰਦਰ ਕੌਰ ਪ੍ਰਧਾਨ, ਲਛਮੀ ਦੇਵੀ ਪ੍ਰਧਾਨ, ਗੁਰਪ੍ਰੀਤ ਟੋਨੀ ਪ੍ਰਧਾਨ, ਕਰਨੈਲ ਸਿੰਘ ਲਵਲੀ, ਖਲੀਲ ਅਹਿਮਦ, ਰਵੀ ਜਹਾਨਖੇਲਾਂ, ਅੰਮ੍ਰਿਤਪਾਲ ਪ੍ਰਧਾਨ, ਭਬਨੇਸ਼ ਪ੍ਰਧਾਨ, ਵਿਨੈ ਕੁਮਾਰ ਬੀਮ ਨਗਰ, ਅਵਤਾਰ ਭੁੱਟੋ ਪ੍ਰਧਾਨ, ਸੰਦੀਪ ਕੁਮਾਰ ਪ੍ਰਧਾਨ, ਸੋਮ ਲਾਲ ਵਾਈਸ ਪ੍ਰਧਾਨ, ਪ੍ਰਮਜੀਤ ਪੰਮਾ, ਜਗਮੋਹਨ, ਗੁਰਨਾਮ ਭੀਮਾਂ, ਹੈਪੀ ਰਾਣਾ ਬਾਬਾ, ਸਾਧੀ ਭਾਜੀ, ਵਿਜੈ ਕੁਮਾਰ, ਕੁਲਜੀਤ ਨੀਟਾ, ਰੋਸ਼ਨ ਸਿੰਘ, ਰਾਜ ਕੁਮਾਰ ਰਾਜੂ, ਜੋਗਿੰਦਰ ਕੌਰ, ਕੁਲਦੀਪ ਕੌਰ, ਨਿਰਮਲ ਕੌਰ, ਪ੍ਰਮਜੀਤ ਕੌਰ, ਆਸ਼ਾ ਦੇਵੀ ਆਦਿ ਹਾਜਰ ਸਨ।

# ਸੋਸ਼ਲ ਮੀਡੀਆ ਖਾਤਿਆਂ 'ਤੇ ਪਾਬੰਦੀ ਆਰਟੀਕਲ 19 ਦੀ ਉਲੰਘਣਾ : ਜਾਗੋ ਪਾਰਟੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਸਿੱਖ ਪੱਤਰਕਾਰਾਂ, ਡਿਜੀਟਲ ਮੀਡੀਆ ਚੈਨਲਾਂ, ਸਿੱਖ ਚਿੰਤਕਾਂ, ਸਮਾਜਕ ਕਾਰਕੁੰਨਾਂ, ਸਿਆਸੀ ਟਿੱਪਣੀਕਾਰਾਂ ਅਤੇ ਪੰਜਾਬ ਦੇ ਬਹੁਤ ਸਾਰੇ ਸਿੱਖਾਂ ਦੇ ਸੋਸ਼ਲ ਮੀਡੀਆ ਖਾਤਿਆਂ 'ਤੇ ਪੂਰਨ ਜਾਂ ਅੰਸ਼ਕ ਪਾਬੰਦੀ ਸਰਕਾਰ ਵੱਲੋਂ ਲਗਾਉਣ 'ਤੇ ਜਾਗੋ ਪਾਰਟੀ ਨੇ ਚਿੰਤਾ ਪ੍ਰਗਟ ਕੀਤੀ ਹੈ। ਜਾਗੋ ਪਾਰਟੀ ਦੇ ਅੰਤਰਰਾਸ਼ਟਰੀ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਸੋਸ਼ਲ ਮੀਡੀਆ ਪਲੇਟਫਾਰਮ ਟਵਿੱਟਰ, ਫੇਸਬੁੱਕ ਅਤੇ ਯੂਟਿਊਬ ਦੀ ਇਸ ਕਾਰਵਾਈ ਨੂੰ ਬੋਲਣ ਦੀ ਅਜ਼ਾਦੀ 'ਤੇ ਹਮਲਾ ਕਰਾਰ ਦਿੱਤਾ ਹੈ।

ਜੀ ਕੇ ਨੇ ਕਿਹਾ ਕਿ ਪਹਿਲਾਂ ਸਰਕਾਰਾਂ ਸਿੱਖਾਂ ਦੇ 'ਹਥਿਆਰਾਂ' ਤੋਂ ਡਰਦੀਆਂ ਸਨ, ਪਰ ਹੁਣ 'ਵਿਚਾਰਾਂ' ਤੋਂ ਵੀ ਡਰਦੀਆਂ ਹਨ। ਇਸ ਲਈ ਵਿਚਾਰਾਂ ਦੀ ਵਿਰੋਧੀ ਸਰਕਾਰਾਂ ਨੇ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਇੱਕ ਟਵੀਟ ਨੂੰ ਭਾਰਤ ਵਿੱਚ ਬੈਨ ਕਰ ਦਿੱਤਾ ਹੈ। ਨਵੰਬਰ 1984 ਦੇ ਸਿੱਖ ਕਤਲੇਆਮ ਤੋਂ ਪਹਿਲਾਂ ਜਿਸ ਤਰ੍ਹਾਂ ਸਿੱਖਾਂ ਦੇ ਲਾਈਸੈਂਸੀ ਹਥਿਆਰ ਦਿੱਲੀ ਦੇ ਥਾਣਿਆਂ ਵਿੱਚ ਜਮ੍ਹਾਂ ਕਰਵਾਏ ਗਏ ਸਨ, ਇਸੇ ਤਰਜ਼ 'ਤੇ ਹੁਣ ਪੰਜਾਬ 'ਚ ਵੀ ਬਿਨਾਂ ਕੋਈ ਕਾਰਨ ਦੱਸੇ ਸਿੱਖਾਂ ਦੇ ਅਸਲਾ ਲਾਇਸੈਂਸ ਰੱਦ ਕੀਤੇ ਜਾ ਰਹੇ ਹਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜੀ ਕੇ ਨੇ ਕਿਹਾ ਕਿ ਪੰਜਾਬ ਸਰਕਾਰ ਸੰਵਿਧਾਨ ਦੇ ਆਰਟੀਕਲ 19 ਦੀ ਉਲੰਘਣਾ ਕਰਕੇ ਨਾਗਰਿਕਾਂ ਦੀ ਬੋਲਣ ਦੀ ਅਜ਼ਾਦੀ 'ਤੇ ਬੇਲੋੜੀਆਂ ਪਾਬੰਦੀਆਂ ਲਗਾ ਰਹੀ ਹੈ।

ਇਸ ਲਈ ਜਾਗੋ ਪਾਰਟੀ ਵੱਲੋਂ ਇਨ੍ਹਾਂ ਪਾਬੰਦੀਆਂ ਖ਼ਿਲਾਫ਼ ਭਾਰਤ ਦੇ ਚੀਫ਼ ਜਸਟਿਸ ਨੂੰ ਪੱਤਰ ਭੇਜਿਆ ਜਾ ਰਿਹਾ ਹੈ। ਜਿਸ ਵਿੱਚ ਸੋਸ਼ਲ ਮੀਡੀਆ ਪਲੇਟਫਾਰਮਾਂ ਦੀਆਂ ਮਨਮਾਨੀਆਂ ਅਤੇ ਉਨ੍ਹਾਂ ਦੀਆਂ ਕਾਨੂੰਨ ਵਿਰੋਧੀ ਨੀਤੀਆਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਕਿਸੇ ਵੀ ਸੋਸ਼ਲ ਮੀਡੀਆ ਖਾਤਾ ਧਾਰਕ ਨੂੰ ਕਾਨੂੰਨ ਦੇ ਕੁਦਰਤੀ ਨਿਆਂ ਦੇ ਸਿਧਾਂਤ ਅਨੁਸਾਰ ਸੁਣਵਾਈ ਦਾ ਮੌਕਾ ਦਿੱਤੇ ਬਿਨਾਂ "ਸਰਕਾਰ ਦੀ ਕਾਨੂੰਨੀ ਮੰਗ" ਦਾ ਹਵਾਲਾ ਦਿੰਦੇ ਹੋਏ ਇਕਪਾਸੜ ਤੌਰ 'ਤੇ ਬੰਦ ਕਰ ਦਿੱਤਾ ਗਿਆ ਹੈ। ਇਹ ਨਾਗਰਿਕਾਂ ਦੀ ਬੋਲਣ ਦੀ ਅਜ਼ਾਦੀ ਨੂੰ ਖੋਹਣ ਦੇ ਬਰਾਬਰ ਹੈ।

ਪੰਜਾਬ ਅਤੇ ਸਿੱਖਾਂ ਨੂੰ ਜਾਣਬੁੱਝ ਕੇ ਬਦਨਾਮ ਕਰਕੇ 2024 ਵਿੱਚ ਹਿੰਦੂ ਵੋਟਾਂ ਦਾ ਧਰੁਵੀਕਰਨ ਕਰਨ ਦੇ ਯਤਨ ਦਿੱਲੀ ਅਤੇ ਪੰਜਾਬ ਤੋਂ ਕੀਤੇ ਜਾ ਰਹੇ ਹਨ। ਇਸ ਮੌਕੇ ਜਾਗੋ ਪਾਰਟੀ ਦੇ ਸਕੱਤਰ ਜਨਰਲ ਡਾਕਟਰ ਪਰਮਿੰਦਰ ਪਾਲ ਸਿੰਘ, ਦਿੱਲੀ ਕਮੇਟੀ ਮੈਂਬਰ ਸਤਨਾਮ ਸਿੰਘ ਖਾਲਸਾ, ਜਾਗੋ ਪਾਰਟੀ ਦੇ ਆਗੂ ਰਾਜਾ ਬਲਦੀਪ ਸਿੰਘ, ਜਤਿੰਦਰ ਸਿੰਘ ਬੌਬੀ ਅਤੇ ਸੁਖਮਨ ਸਿੰਘ ਸਾਹਨੀ ਮੌਜੂਦ ਸਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਪਰਮਿੰਦਰ ਸਿੰਘ ਮਹਿਰਾਜ ਦੀ ਮੌਤ ਸੰਬੰਧੀ ਥਰਮਲ ਲਹਿਰਾ ਦੇ ਛੇ ਅਧਿਕਾਰੀਆਂ ਖਿਲਾਫ ਮਾਮਲਾ ਦਰਜ

**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)** ਗੁਰੂ ਹਰਗੋਬਿੰਦ ਥਰਮਲ ਪਲਾਂਟ ਲਹਿਰਾ ਮੁਹੱਬਤ ਵਿਖੇ ਯੂਨਿਟ ਨੰ: 3 ਦੀ ਹੋ ਰਹੀ ਸਾਲਾਨਾ ਮੁਰੰਮਤ ਦੌਰਾਨ 27 ਮਾਰਚ ਦੀ ਸ਼ਾਮ ਨੂੰ ਪਲਾਂਟ ਦੇ ਅਧਿਕਾਰੀਆਂ ਦੀ ਅਣਗਹਿਲੀ ਸਦਕਾ ਪਰਮਿਟ ਲਏ ਹੋਣ ਦੇ ਬਾਵਜੂਦ ਅਣਗਹਿਲੀ ਨਾਲ ਕੋਲ ਮਿੱਲ ਚਲਾਉਣ ਕਾਰਨ ਕੋਲ ਮਿੱਲ ਵਿੱਚ ਵੈਲਡਿੰਗ ਦਾ ਕੰਮ ਕਰ ਰਹੇ ਠੇਕਾ ਮੁਲਾਜ਼ਮ ਪਰਮਿੰਦਰ ਸਿੰਘ ਪੁੱਤਰ ਜਰਨੈਲ ਸਿੰਘ, ਵਾਸੀ ਪੱਤੀ ਕਰਮਚੰਦ ਮਹਿਰਾਜ (ਜ਼ਿਲ੍ਹਾ ਬਠਿੰਡਾ) ਦੀ ਬਾਉਲ ਦੀ ਲਪੇਟ 'ਚ ਆਉਣ ਕਾਰਨ ਮੌਕੇ 'ਤੇ ਹੀ ਦਰਦਨਾਕ ਮੌਤ ਹੋ ਗਈ ਸੀ। ਘਟਨਾ ਦਾ ਪਤਾ ਲੱਗਦਿਆਂ ਹੀ ਵੱਖ-ਵੱਖ ਕਿਸਾਨ ਅਤੇ ਠੇਕਾ ਮੁਲਾਜ਼ਮ ਜਥੇਬੰਦੀਆਂ ਸਮੇਤ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਲੋਕਾਂ ਵੱਲੋਂ ਮ੍ਰਿਤਕ ਦੇ ਪਰਵਾਰ ਨੂੰ ਇਨਸਾਫ ਦਿਵਾਉਣ ਲਈ ਇਨਸਾਫ ਸੰਘਰਸ਼ ਕਮੇਟੀ ਬਣਾ ਕੇ ਪਰਮਿੰਦਰ ਸਿੰਘ ਦੀ ਮੌਤ ਦੇ ਦੋਸ਼ੀ ਅਧਿਕਾਰੀਆਂ ਖਿਲਾਫ ਬਣਦੀ ਕਾਰਵਾਈ ਕਰਨ, ਪੀੜਤ ਪਰਵਾਰ ਨੂੰ ਮੁਆਵਜ਼ਾ ਅਤੇ ਮ੍ਰਿਤਕ ਦੀ ਪਤਨੀ ਨੂੰ ਤਰਸ ਦੇ ਆਧਾਰ 'ਤੇ ਸਰਕਾਰੀ ਨੌਕਰੀ ਦੇਣ ਦੀ ਮੰਗ ਕੀਤੀ ਜਾ ਰਹੀ ਸੀ। ਜ਼ਿਕਰਯੋਗ ਹੈ ਕਿ ਇਹੀ ਠੇਕਾ ਮੁਲਾਜ਼ਮ ਪਰਮਿੰਦਰ ਸਿੰਘ ਕੁੱਝ ਮਹੀਨੇ ਪਹਿਲਾਂ ਵੀ ਇਸੇ ਤਰਾਂ ਦੀ ਘਟਨਾ ਵਿੱਚ ਕੋਲੇ ਦੀ ਰਾਖ ਵਿੱਚ ਝੁਲਸ ਗਿਆ ਸੀ। ਜਿਸ ਦਾ ਇਲਾਜ ਚੱਲਿਆ ਅਤੇ ਕਾਫੀ ਦਿਨਾਂ ਵਿੱਚ ਤੰਦਰੁਸਤ ਹੋਇਆ ਸੀ। ਹੁਣ ਫਿਰ ਤੋਂ ਅਧਿਕਾਰੀਆਂ ਦੀ ਅਣਗਹਿਲੀ ਦੀ ਕੀਮਤ ਉਸ ਨੂੰ ਜਾਨ ਦੇ ਕੇ ਚੁਕਾਉਣੀ ਪਈ ਹੈ। ਇਸ ਸੰਬੰਧੀ 28 ਮਾਰਚ ਨੂੰ ਦਿਨ ਭਰ ਪ੍ਰਸ਼ਾਸਨਿਕ, ਪੁਲਸ ਤੇ ਥਰਮਲ ਅਧਿਕਾਰੀਆਂ ਨਾਲ ਇਨਸਾਫ ਕਮੇਟੀ ਦੀ ਮੀਟਿੰਗ ਵੀ ਚਲਦੀ ਰਹੀ। ਹਲਕਾ ਭੁੱਚੋ ਦੇ ਵਿਧਾਇਕ ਮਾ. ਜਗਸੀਰ ਸਿੰਘ ਨੇ ਵੀ ਇੱਥੇ ਪੁੱਜ ਕੇ ਇਨਸਾਫ ਦਿੱਤੇ ਜਾਣ ਦਾ ਭਰੋਸਾ ਦਿਵਾਇਆ। ਬਾਅਦ ਵਿੱਚ ਪੁਲਸ ਥਾਣਾ ਨਥਾਣਾ ਵਿਖੇ ਮ੍ਰਿਤਕ ਪਰਮਿੰਦਰ ਸਿੰਘ ਦੇ ਕਰੀਬੀ ਰਿਸ਼ਤੇਦਾਰ ਅਮ੍ਰਿਤਪਾਲ ਸਿੰਘ ਪੁੱਤਰ ਜਗਸੀਰ ਸਿੰਘ, ਵਾਸੀ ਪਿੰਡ ਬਖਤਗੜ੍ਹ (ਬਰਨਾਲਾ) ਦੇ ਬਿਆਨਾਂ 'ਤੇ ਥਰਮਲ ਪਲਾਂਟ ਦੇ 6 ਅਧਿਕਾਰੀਆਂ ਐਕਸੀਅਨ ਪੰਕਜ ਸ਼ਰਮਾ, ਐਕਸੀਅਨ ਕਰਮਜੀਤ ਸਿੰਘ, ਐਸ ਡੀ ਓ ਸਤੀਸ਼ ਬਾਂਸਲ, ਜੇ ਈ ਭੁਪਿੰਦਰ ਸਿੰਘ, ਐਸ ਐਸ ਏ ਸ਼ਿਵ ਕੁਮਾਰ ਅਤੇ ਚੀਫ ਇੰਜੀਨੀਅਰ ਨਵੀਨ ਬਾਂਸਲ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ। ਸ਼ਿਕਾਇਤ ਕਰਤਾ ਅਮ੍ਰਿਤਪਾਲ ਸਿੰਘ ਨੇ ਦਰਜ ਕਰਵਾਏ ਬਿਆਨ ਵਿੱਚ ਦੱਸਿਆ ਕਿ ਮੇਰਾ ਜੀਜਾ ਪਰਮਿੰਦਰ ਸਿੰਘ ਥਰਮਲ ਪਲਾਂਟ ਦੇ ਕੋਲ ਮਿੱਲ 03 ਏ ਅੰਦਰ ਬੈਲਡਿੰਗ ਦਾ ਕੰਮ ਕਰਦਾ ਸੀ। ਇਸ ਮਿੱਲ 'ਤੇ ਕੰਮ ਚਲਦਾ ਹੋਣ ਕਰਕੇ ਮਿੱਲ ਦਾ ਪਰਮਿਟ ਲਿਆ ਹੋਇਆ ਸੀ ਅਤੇ ਮਿੱਲ ਬੰਦ ਸੀ ਤਾਂ ਅਚਾਨਕ ਸ਼ਾਮ ਦੀ ਸ਼ਿਫਟ 'ਡੀ' ਵਿੱਚ ਤਾਇਨਾਤ ਉਕਤ ਅਧਿਕਾਰੀਆਂ ਵੱਲੋਂ ਪਰਮਿਟ ਲਏ ਹੋਣ ਦੇ ਬਾਵਜੂਦ ਕੋਲ ਮਿੱਲ 03ਏ ਚਲਾਉਣ ਕਰਕੇ ਬਾਉਲ ਦੀ ਲਪੇਟ ਵਿੱਚ ਆਉਣ ਕਰਕੇ ਪਰਮਿੰਦਰ ਸਿੰਘ ਬੁਰੀ ਤਰ੍ਹਾਂ ਕੁਚਲਿਆ ਗਿਆ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮਾਮਲਾ ਦਰਜ ਹੋਣ ਤੋਂ ਬਾਅਦ ਕਮੇਟੀ ਨਾਲ ਕੁੱਝ ਸਹਿਮਤੀਆਂ ਹੋਣ ਉਪਰੰਤ ਬੀਤੀ ਸ਼ਾਮ ਮ੍ਰਿਤਕ ਦੀ ਲਾਸ਼ ਨੂੰ ਪੋਸਟਮਾਰਟਮ ਲਈ ਹਸਪਤਾਲ ਪਹੁੰਚਾਇਆ ਗਿਆ। ਪੀੜਤ ਪਰਵਾਰ ਨੂੰ ਗਿੱਲ ਇਜੀਨੀਅਰ ਕੰਪਨੀ ਦੇ ਠੇਕੇਦਾਰ ਵੱਲੋਂ 3 ਲੱਖ ਅਤੇ ਪਾਵਰਕਾਮ ਵੱਲੋਂ ਐਕਸਗਰੇਸ਼ੀਆ ਮੁਆਵਜ਼ਾ 5 ਲੱਖ, ਮ੍ਰਿਤਕ ਦੇ ਬੱਚਿਆਂ ਦੀ ਪੜ੍ਹਾਈ ਦੀ ਸਿਫਾਰਸ਼ ਅਤੇ ਉਸ ਦੀ ਪਤਨੀ ਨੂੰ ਠੇਕਾ ਅਧਾਰ 'ਤੇ ਨੌਕਰੀ ਦੇਣ ਬਾਰੇ ਸਹਿਮਤੀ ਦਿੱਤੀ ਗਈ ਹੈ। ਮ੍ਰਿਤਕ ਠੇਕਾ ਮੁਲਾਜ਼ਮ ਆਪਣੇ ਪਿੱਛੇ ਪਤਨੀ ਅਤੇ ਦੋ ਬੱਚੇ (ਇੱਕ ਲੜਕਾ ਤੇ ਇੱਕ ਲੜਕੀ) ਛੱਡ ਗਿਆ ਹੈ।

## ਪੀ ਡਬਲਿਊ ਡੀ ਜਲ ਸਪਲਾਈ ਤਾਲਮੇਲ ਸੰਘਰਸ਼ ਕਮੇਟੀ ਦੀ ਵਿਭਾਗੀ ਮੁਖੀ ਨਾਲ ਮੀਟਿੰਗ

**ਮਾਨਸਾ (ਪਮਾਰ)**-ਪੀ ਡਬਲਿਊ ਡੀ ਜਲ ਸਪਲਾਈ ਤਾਲਮੇਲ ਸੰਘਰਸ਼ ਕਮੇਟੀ ਦੀ ਮੀਟਿੰਗ ਮਹਿਮਾ ਸਿੰਘ ਧਨੌਲਾ, ਮੱਖਣ ਸਿੰਘ ਵਾਹਿਦਪੁਰੀ ਅਤੇ ਬਿੱਕਰ ਸਿੰਘ ਮਾਖਾ ਦੀ ਅਗਵਾਈ ਹੇਠ ਵਿਭਾਗੀ ਮੁਖੀ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਨਾਲ ਉਨ੍ਹਾਂ ਦੇ ਦਫਤਰ ਵਿਖੇ ਹੋਈ। 3 ਘੰਟੇ ਚੱਲੀ ਇਸ ਮੀਟਿੰਗ ਦੌਰਾਨ ਕਰਮਚਾਰੀਆਂ ਦੇ ਭਖਦੇ ਮਸਲਿਆਂ 'ਤੇ ਚਰਚਾ ਹੋਈ। ਵਿਭਾਗ ਦੇ ਸਮੂਹ ਚੀਫ ਇੰਜੀਨੀਅਰ, ਨਿਗਰਾਨ ਇੰਜੀਨੀਅਰ ਅਤੇ ਡਿਪਟੀ ਡਾਇਰੈਕਟਰ (ਪ੍ਰਸ਼ਾਸਨ) ਦਫਤਰ ਦੇ ਰਜਿਸਟਰਾਰ ਵੀਡੀਓ ਕਾਨਫਰੰਸ ਰਾਹੀਂ ਮੀਟਿੰਗ ਵਿੱਚ ਸ਼ਾਮਲ ਹੋਏ। ਵਿਭਾਗੀ ਮੁਖੀ ਵੱਲੋਂ ਮੌਕੇ 'ਤੇ ਹੀ ਸੰਬੰਧਤ ਅਧਿਕਾਰੀਆਂ ਨੂੰ ਫੀਲਡ ਕਰਮਚਾਰੀਆਂ ਦੇ ਹੱਕੀ ਅਤੇ ਜਾਇਜ਼ ਮਸਲੇ ਹੱਲ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ। ਮੀਟਿੰਗ ਵਿੱਚ ਸ਼ਾਮਲ ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ਼ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਪਵਨ ਮੌਂਗਾ ਨੇ ਮੀਟਿੰਗ ਤੋਂ ਪਰਤਦਿਆਂ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਰਕਰਾਂ ਦੀਆਂ ਮੁੱਖ ਮੰਗਾਂ ਵਿੱਚ ਤਰਸ ਦੇ ਆਧਾਰ 'ਤੇ ਨੌਕਰੀਆਂ ਦੇ 95 ਕੇਸ ਮੁੱਖ ਦਫਤਰ ਪਟਿਆਲਾ ਵਿਖੇ ਪਿਛਲੇ ਲੰਬੇ ਸਮੇਂ ਤੋਂ ਪੈਂਡਿੰਗ ਪਏ ਸਨ ਅਤੇ 13 ਕੇਸ ਸਰਕਾਰ ਕੋਲ ਮਨਜ਼ੂਰੀ ਲਈ ਭੇਜੇ ਹੋਏ ਸਨ। ਵਿਭਾਗੀ ਮੁਖੀ ਵੱਲੋਂ ਇਸ ਦਾ ਗੰਭੀਰ ਨੋਟਿਸ ਲਿਆ ਗਿਆ ਅਤੇ ਕੱਲ੍ਹ ਨੂੰ ਹੀ ਇਸ ਸੰਬੰਧੀ ਬਣੀ ਕਮੇਟੀ ਨੂੰ ਮੀਟਿੰਗ ਬੁਲਾਉਣ ਦੇ ਨਿਰਦੇਸ਼ ਜਾਰੀ ਕੀਤੇ ਗਏ। ਜੋ ਸਰਕਾਰ ਕੋਲ 13 ਕੇਸ ਗਏ ਹੋਏ ਸਨ ਉਹ ਵੀ ਵਾਪਸ ਕਮੇਟੀ ਕੋਲ ਵਿਚਾਰਨ ਲਈ ਭੇਜ ਦਿੱਤੇ ਗਏ ਹਨ। ਉਨ੍ਹਾਂ ਅਪ੍ਰੈਲ ਮਹੀਨੇ ਵਿੱਚ ਮ੍ਰਿਤਕਾਂ ਦੇ ਯੋਗ ਪਾਏ ਗਏ ਵਾਰਸਾਂ ਨੂੰ ਨਿਯੁਕਤੀ ਪੱਤਰ ਸੌਂਪੇ ਜਾਣ ਦਾ ਭਰੋਸਾ ਵੀ ਦਿੱਤਾ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਬਾਬੂ ਸਿੰਘ ਫਤਿਹਪੁਰ ਸੂਬਾਈ ਪ੍ਰੈੱਸ ਸਕੱਤਰ, ਅਨਿਲ ਕੁਮਾਰ ਬਰਨਾਲਾ, ਮਲਾਗਰ ਸਿੰਘ ਖੁਮਾਣੋਂ, ਬਲਰਾਜ ਮੌੜ, ਜਸਵੀਰ ਖੋਖਰ ਆਦਿ ਹਾਜ਼ਰ ਸਨ।

# ਸੰਧਵਾਂ ਨੇ ਵਿਕਾਸ ਕਾਰਜਾਂ ਲਈ ਵੰਡੇ 1 ਕਰੋੜ 5 ਲੱਖ ਰੁਪਏ ਦੇ ਚੈੱਕ



**ਕੋਟਕਪੂਰਾ (ਸ਼ਾਮ ਲਾਲ ਚਾਵਲਾ)**- ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਨੇ ਲੋਕਾਂ ਦਾ ਪੈਸਾ ਲੋਕਾਂ ਦੀ ਸੇਵਾ ਵਿੱਚ ਲਗਾਉਣ ਦੇ ਮਨੋਰਥ ਤਹਿਤ ਹਲਕੇ ਦੇ ਵੱਖ ਵੱਖ ਪਿੰਡਾਂ ਵਿੱਚ ਵਿਕਾਸ ਕਾਰਜਾਂ, ਯੂਥ ਕਲੱਬਾਂ ਨੂੰ ਉਤਸ਼ਾਹਤ ਕਰਨ ਅਤੇ ਲੋੜਵੰਦ ਪਰਵਾਰਾਂ ਨੂੰ ਮਕਾਨ ਸਹਾਇਤਾ ਦੇ ਲਈ ਕਰੀਬ 1 ਕਰੋੜ 5 ਲੱਖ ਰੁਪਏ ਦੀ ਰਾਸ਼ੀ ਦੇ ਚੈੱਕ ਵੰਡੇ। ਇਸ ਮੌਕੇ ਉਨ੍ਹਾ ਦੇ ਨਾਲ ਡੀ.ਡੀ.ਪੀ.ਓ ਧਰਮਪਾਲ ਸਿੰਘ ਸਿੱਧੂ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਇਸ ਦੌਰਾਨ ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਵਿੱਚ ਲਗਾਤਾਰ ਵਿਕਾਸ ਕਾਰਜ ਕਰਵਾ ਰਹੀ ਹੈ। ਪਿੰਡ ਵਾਸੀਆਂ ਦੀ ਰਾਏ ਦੇ ਅਨੁਸਾਰ ਪਿੰਡਾਂ 'ਚ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਇਸੇ ਕੜੀ ਦੇ ਤਹਿਤ ਅੱਜ ਵੱਖ ਵੱਖ ਪਿੰਡਾਂ ਜਿਸ ਵਿੱਚ ਪਿੰਡ ਸੰਧਵਾਂ ਨੂੰ 20 ਲੱਖ ਰੁਪਏ, ਪਿੰਡ ਸਿਰਸੜੀ ਨੂੰ 20 ਲੱਖ ਰੁਪਏ, ਪਿੰਡ ਦੇਵੀ ਵਾਲਾ ਨੂੰ 20 ਲੱਖ, ਪਿੰਡ ਕੁਹਾਰਵਾਲਾ ਨੂੰ 8 ਲੱਖ, ਪਿੰਡ ਠਾੜ੍ਹਾ ਵਿਖੇ ਸੋਲਿਡ ਵੇਸਟ ਮੈਨੇਜਮੈਂਟ ਲਈ 3 ਲੱਖ 32 ਹਜ਼ਾਰ, ਪਿੰਡ ਫਿੱਡੇ ਖੁਰਦ ਵਿਖੇ ਸੋਲਿਡ ਵੇਸਟ ਮੈਨੇਜਮੈਂਟ ਲਈ 3 ਲੱਖ 32 ਹਜ਼ਾਰ, ਪਿੰਡ ਢੀਮਾਂਵਾਲੀ ਵਿਖੇ ਬਾਬਾ ਦੀਪ ਸਿੰਘ ਵੈਲਫੇਅਰ ਕਲੱਬ ਨੂੰ 1 ਲੱਖ, ਪਿੰਡਾ ਠਾੜ੍ਹਾ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਯੂਥ ਕਲੱਬ ਨੂੰ 1 ਲੱਖ, ਪਿੰਡਾ ਵਾੜਾ ਦਰਾਕਾ ਵਿਖੇ ਸ਼ਹੀਦ ਭਗਤ ਸਿੰਘ ਵੈਲਫੇਅਰ ਸੁਸਾਇਟੀ ਨੂੰ 1 ਲੱਖ, ਪਿੰਡ ਘੁਮਿਆਰਾ ਵਿਖੇ ਬਾਬਾ ਸ਼ਹੀਦ ਵੈਲਫੇਅਰ ਕਲੱਬ ਨੂੰ 1 ਲੱਖ, ਸਹਿਕਾਰੀ ਸਭਾ ਪਿੰਡ ਕੋਟਸੁੱਖੀਆ ਨੂੰ 2 ਲੱਖ, ਦਸ਼ਮੇਸ਼ ਯੁਵਕ ਸੇਵਾਵਾਂ ਕਲੱਬ ਪਿੰਡ ਮਚਾਕੀ ਮੱਲ ਸਿੰਘ ਨੂੰ 1 ਲੱਖ, ਪੰਥ ਸੇਵਾ ਸੰਭਾਲ ਫੋਰਸ ਵੈਲਫੇਅਰ ਸੁਸਾਇਟੀ ਕੋਟਕਪੂਰਾ ਨੂੰ 50 ਹਜ਼ਾਰ, ਬਾਬਾ ਵਿਸ਼ਵਕਰਮਾ ਧਰਮਸ਼ਾਲਾ ਸਭਾ ਕੋਟਕਪੂਰਾ ਨੂੰ 1 ਲੱਖ 50 ਹਜ਼ਾਰ, ਬੁੱਧ ਸੇਵਾ ਸੁਸਾਇਟੀ ਕੋਟਕਪੂਰਾ ਨੂੰ 5 ਲੱਖ, ਮਕਾਨ ਦੀ ਮੁਰੰਮਤ ਲਈ 20 ਅਲੱਗ ਅਲੱਗ ਲੋੜਵੰਦ ਪਰਵਾਰਾਂ ਨੂੰ 10 ਲੱਖ ਰੁਪਏ ਦੀ ਰਾਸ਼ੀ ਸਮੇਤ ਹੋਰ ਵਿਕਾਸ ਕਾਰਜਾਂ ਲਈ ਕੁੱਲ 1 ਕਰੋੜ 5 ਲੱਖ ਰੁਪਏ ਦੀ ਰਾਸ਼ੀ ਦੇ ਚੈੱਕ ਵੰਡੇ। ਇਸ ਮੌਕੇ ਪੀ.ਆਰ.ਓ ਟੂ ਸਪੀਕਰ ਸ. ਮਨਪ੍ਰੀਤ ਸਿੰਘ ਧਾਲੀਵਾਲ, ਜਗਸੀਰ ਸਿੰਘ ਪ੍ਰਧਾਨ ਟਰੱਕ ਯੂਨੀਅਨ, ਮਨਦੀਪ ਮੌਂਗਾ, ਅਮਨਦੀਪ ਸਿੰਘ ਸੰਧੂ, ਗੁਰਮੀਤ ਸਿੰਘ ਧੂਰਕੋਟ ਬਲਾਕ ਪ੍ਰਧਾਨ, ਸੰਦੀਪ ਸਿੰਘ ਕੰਮੇਆਣਾ, ਗੁਰਦੀਪ ਸ਼ਰਮਾ, ਸੰਜੀਵ ਕਾਲੜਾ (ਸਾਰੇ ਬਲਾਕ ਪ੍ਰਧਾਨ), ਗੁਰਮੀਤ ਸਿੰਘ ਆਰੇਵਾਲੇ, ਡਾ. ਰਾਜਪਾਲ ਸਿੰਘ, ਜਸਵਿੰਦਰ ਸਿੰਘ ਬਰਾੜ, ਸੇਵਕ ਧੂਰਕੋਟ, ਸੁਖਵਿੰਦਰ ਸਿੰਘ ਗਿੱਲ, ਸੇਵਕ ਸਿੰਘ ਮਾਨ, ਬੱਬੂ ਮਚਾਕੀ, ਜਲੌਰ ਸਿੰਘ ਘੁਮਿਆਰਾ, ਜਗਤਾਰ ਸਿੰਘ ਬਰਾੜ, ਸਿਮਰਨ ਸਿੰਘ, ਜਸਵੀਰ ਸਿੰਘ ਜੱਸਾ, ਡਾ. ਸੁਖਪਾਲ ਸਿੰਘ ਸੰਧੂ, ਕੰਵਰ ਸੋਢੀ, ਦਿਲਬਾਗ ਸਿੰਘ, ਹੈਪੀ ਚਮੇਲੀ, ਹਾਕਮ ਸਿੰਘ ਦਿਉਲ, ਪਰਮਿੰਦਰ ਸਿੰਘ ਫੌਜੀ ਵੀ ਮੌਜੂਦ ਸਨ।

## ਨਸ਼ੇ ਦੀ ਓਵਰਡੋਜ਼ ਨਾਲ ਨੌਜਵਾਨ ਦੀ ਮੌਤ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**: ਫ਼ਿਰੋਜ਼ਪੁਰ ਦੀ ਬਸਤੀ ਬਾਗ ਵਾਲੀ 'ਚ ਇਕ 25 ਸਾਲਾ ਨੌਜਵਾਨ ਦੀ ਨਸ਼ੇ ਕਾਰਨ ਮੌਤ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਹਰੀਸ਼ ਦੀ ਪਤਨੀ ਨੇ ਦੱਸਿਆ ਕਿ ਹਰੀਸ਼ ਨਸ਼ਾ ਕਰਨ ਦਾ ਆਦੀ ਸੀ, ਜਿਸ ਦੀ ਨਸ਼ੇ ਕਾਰਨ ਮੌਤ ਹੋ ਗਈ ਹੈ।ਉਨ੍ਹਾਂ ਦੇ ਦੋ ਛੋਟੇ-ਛੋਟੇ ਬੱਚੇ ਵੀ ਹਨ। ਉਸ ਨੇ ਦੱਸਿਆ ਕਿ ਉਸ ਦਾ ਪਤੀ ਨਸ਼ਾ ਕਰਦਾ ਸੀ ਪਰ ਥੋੜ੍ਹਾ-ਬਹੁਤਾ ਘਰ ਦਾ ਗੁਜ਼ਾਰਾ ਚੱਲ ਰਿਹਾ ਸੀ ਅਤੇ ਉਹ ਖ਼ੁਦ ਵੀ ਮਿਹਨਤ ਮਜ਼ਦੂਰੀ ਕਰਕੇ ਆਪਣੇ ਬੱਚੇ ਪਾਲ਼ ਰਹੀ ਸੀ ਪਰ ਹੁਣ ਉਸ ਦੇ ਪਤੀ ਦੀ ਮੌਤ ਤੋਂ ਬਾਅਦ ਉਸ ਨੂੰ ਇਕੱਲੀ ਨੂੰ ਘਰ ਚਲਾਉਣਾ ਬਹੁਤ ਮੁਸ਼ਕਲ ਹੋ ਜਾਣਾ ਹੈ।ਗੱਲਬਾਤ ਦੌਰਾਨ ਸਥਾਨਕ ਲੋਕਾਂ ਨੇ ਦੱਸਿਆ ਕਿ ਮ੍ਰਿਤਕ ਦੀ ਪਤਨੀ ਕੋਲ ਰਹਿਣ ਲਈ ਸਿਰ 'ਤੇ ਖ਼ੁਦ ਦੀ ਛੱਤ ਵੀ ਨਹੀਂ ਕਿਉਂਕਿ ਜਿਥੇ ਉਹ ਰਹਿ ਰਹੇ ਹਨ।ਉਹ ਕਿਰਾਏ ਦਾ ਮਕਾਨ ਹੈ ਅਤੇ ਹੁਣ ਉਸ ਨੂੰ ਛੋਟੇ-ਛੋਟੇ ਬੱਚੇ ਪਾਲਣੇ ਬਹੁਤ ਮੁਸ਼ਕਲ ਹੋ ਜਾਣੇ ਹਨ। ਉਨ੍ਹਾਂ ਮੰਗ ਕੀਤੀ ਹੈ ਕਿ ਸਮਾਜ ਸੇਵੀ ਸੰਸਥਾਵਾਂ ਅਤੇ ਸਰਕਾਰ ਇਸ ਗ਼ਰੀਬ ਪਰਿਵਾਰ ਦੀ ਮਦਦ ਜ਼ਰੂਰ ਕਰਨ ਤਾਂ ਜੋ ਛੋਟੇ-ਛੋਟੇ ਬੱਚਿਆਂ ਦਾ ਪਾਲਣ-ਪੋਸ਼ਣ ਹੋ ਸਕੇ।

## ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਕੀਤੀ ਵਿਖੇ ਨਵੇਂ ਵਿੱਦਿਅਕ ਸੈਸ਼ਨ ਦੀ ਸ਼ੁਰੂਆਤ

**ਭੀਖੀ, (ਧਰਮਵੀਰ ਸ਼ਰਮਾ)**- ਸਥਾਨਕ ਸ੍ਰੀ ਤਾਰਾ ਚੰਦ ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਵਿਖੇ ਨਵੇਂ ਵਿੱਦਿਅਕ ਸੈਸ਼ਨ ਦੀ ਸ਼ੁਰੂਆਤ ਸ੍ਰੀ ਸੁਖਮਲੀ ਸਾਹਿਬ ਦੇ ਪਾਠ ਨਾਲ ਕੀਤੀ ਗਈ। ਪਾਠ ਦੇ ਭੋਗ ਉਪਰੰਤ ਸ੍ਰੀ ਦੁਰਗਾ ਅਸ਼ਟਮੀ ਦੇ ਮੌਕੇ 'ਤੇ ਕੰਜਕ ਪੂਜਨ ਵੀ ਕੀਤਾ ਗਿਆ। ਸਕੂਲ ਪ੍ਰਿੰਸੀਪਲ ਸੰਜੀਵ ਕੁਮਾਰ ਨੇ ਕਿਹਾ ਕਿ ਸਕੂਲ ਇੱਕ ਅਜਿਹੀ ਜਗ੍ਹਾ ਹੈ ਜਿੱਥੇ ਬੱਚਿਆਂ ਨੂੰ ਸਕੂਲੀ ਸਿੱਖਿਆ ਦੇ ਨਾਲ ਨਾਲ ਨੈਤਿਕ ਸਿੱਖਿਆ ਵੀ ਦਿੱਤੀ ਜਾਂਦੀ ਹੈ ਅਤੇ ਸਾਰੇ ਹੀ ਧਰਮਾਂ ਦਾ ਸਤਿਕਾਰ ਕਰਨਾ ਸਿਖਾਇਆ ਜਾਂਦਾ ਹੈ। ਇਸ ਮੌਕੇ ਸਕੂਲ ਪ੍ਰਬੰਧ ਸਮਿਤੀ ਦੇ ਪ੍ਰਧਾਨ ਸਤੀਸ਼ ਕੁਮਾਰ, ਪ੍ਰਬੰਧਕ ਅੰਮ੍ਰਿਤਪਾਲ , ਸੀਨੀਅਰ ਵਾਈਸ ਪ੍ਰਧਾਨ ਬ੍ਰਿਜ ਲਾਲ, ਸੀਨੀਅਰ ਵਾਈਸ ਪ੍ਰਧਾਨ ਤਜਿੰਦਰਪਾਲ ਜਿੰਦਲ, ਵਾਈਸ ਪ੍ਰਧਾਨ ਪ੍ਰਸ਼ੋਤਮ ਮੱਤੀ, ਸਰਪ੍ਰਸਤ ਡਾ. ਯਸ਼ ਪਾਲ ਸਿੰਗਲਾ, ਮੱਖਣ ਲਾਲ, ਅਸ਼ੋਕ ਜੈਨ, ਰਜਿੰਦਰ ਰਾਜੀ, ਰਾਕੇਸ਼ ਕੁਮਾਰ, ਮਨੋਜ ਕੁਮਾਰ, ਪ੍ਰਿੰਸੀਪਲ ਸੰਜੀਵ ਕੁਮਾਰ ਅਤੇ ਸਮੂਹ ਸਕੂਲ ਸਟਾਫ਼ ਮੌਜੂਦ ਸਨ।

## ਐੱਸ ਡੀ ਓ ਸੰਜੀਵ ਕੁਮਾਰ ਨੂੰ ਸਦਮਾ ; ਜੀਜੇ ਦਾ ਦੇਹਾਂਤ

**ਮਾਨਸਾ (ਰੀਤਵਾਲ)**-ਪਿਛਲੇ ਦਿਨੀਂ ਮਾਨਸਾ ਵਿਖੇ ਪਾਵਰਕਾਮ ਦੇ ਐਸ ਡੀ ਓ ਸੰਜੀਵ ਕੁਮਾਰ ਦੇ ਜੀਜਾ ਸੇਵਾ ਮੁਕਤ ਏ ਡੀ ਓ ਪਵਨ ਕੁਮਾਰ ਗਰਗ ਵਾਸੀ ਮਾਨਸਾ ਦਾ ਦੇਹਾਂਤ ਹੋ ਗਿਆ। ਜੋ ਇੱਕ ਮਿਲਣਸਾਰ ਅਤੇ ਧਾਰਮਕ ਪ੍ਰਵਿਰਤੀ ਦੇ ਮਾਲਕ ਸਨ। ਉਨ੍ਹਾ ਦੇ ਦੇਹਾਂਤ 'ਤੇ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਅਤੇ ਮੁਲਾਜ਼ਮਾਂ ਨੇ ਦੁੱਖ ਪ੍ਰਗਟ ਕੀਤਾ। ਪਵਨ ਕੁਮਰ ਨਮਿੱਤ ਰੱਖੇ ਗਰੁੜ ਪੁਰਾਣ ਦੇ ਪਾਠ ਦਾ ਭੋਗ 30 ਮਾਰਚ ਨੂੰ ਦੁਪਹਿਰ 1 ਵਜੇ ਗਊਸ਼ਾਲਾ ਭਵਨ ਬਲਾਕ ਏ ਵਾਟਰ ਵਰਕਸ ਰੋਡ ਮਾਨਸਾ ਵਿਖੇ ਪਵੇਗਾ।

## ਜੈਨ ਸਕੂਲ ਨੇ ਗੱਡੇ ਜਿੱਤ ਦੇ ਝੰਡੇ

**ਬਾਘਾ ਪੁਰਾਣਾ, (ਮਨੀ ਸਿਗਲਾ)**-ਸਥਾਨਕ ਸ਼ਹਿਰ 'ਚ ਵਿੱਦਿਆ ਦਾ ਚਾਨਣ ਮੁਨਾਰਾ ਬਣੀ ਪ੍ਰਸਿੱਧ ਵਿੱਦਿਅਕ ਸੰਸਥਾ ਜੈਨ ਸੀਨੀਅਰ ਸੈਕੰਡਰੀ ਸਕੂਲ ਜੋ ਕਿ ਵਿੱਦਿਆ ਦੇ ਖੇਤਰ ਦੇ ਨਾਲ-ਨਾਲ ਸਾਰੀਆਂ ਅਕਾਦਮਿਕ ਗਤੀਵਿਧੀਆਂ ਵਿਚ ਹਰ ਵਾਰ ਅਹਿਮ ਸਥਾਨ ਰੱਖਦਾ ਹੈ। ਇਸ ਲੜੀ ਨੂੰ ਜਾਰੀ ਰੱਖਦਿਆਂ ਕਲਾ ਉਤਸਵ ਵਿਚ ਸਕੂਲ ਨੇ ਪਹਿਲੇ ਸਥਾਨ ਦਾ ਇਨਾਮ ਪ੍ਰਾਪਤ ਕਰ ਕੇ ਪੂਰੇ ਮੋਗਾ ਜ਼ਿਲ੍ਹੇ ਦਾ ਮਾਣ ਵਧਾਇਆ ਹੈ। ਸਕੂਲ ਮੁਖੀ ਨੇ ਦੱਸਿਆ ਕਿ ਇਸ ਜ਼ਿਲਾ ਪੱਧਰੀ ਇਨਾਮ ਵੰਡ ਸਮਾਰੋਹ ਦਾ ਪ੍ਰਬੰਧ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੋਗਾ ਵਿਖੇ ਇਨ੍ਹਾਂ ਕਲਾ ਉਤਸਵ ਮੁਕਾਬਲਿਆਂ ਦੇ ਕੋਆਰਡੀਨੇਟਰ ਜਗਜੀਤ ਕੌਰ ਅਤੇ ਸਹਾਇਕ ਕੋਆਰਡੀਨੇਟਰ ਰਵਿੰਦਰਪਾਲ ਸਿੰਘ ਕੋਠੇ ਮੱਲੀਆਂ ਦੀ ਦੇਖ-ਰੇਖ ਹੇਠ ਹੋਇਆ। ਇਸ ਇਨਾਮ ਵੰਡ ਸਮਾਰੋਹ 'ਚ ਜ਼ਿਲ੍ਹਾ ਸਿੱਖਿਆ ਅਫਸਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਸ਼ਾਨਦਾਰ ਜਿੱਤ ਦੀ ਪ੍ਰਾਪਤੀ ਲਈ ਸਕੂਲ ਮੁਖੀ ਸੁਰਜੀਤ ਕੌਰ ਬਰਾੜ ਅਤੇ ਸੁਪਰਵਾਈਜ਼ਰ ਪਵਨਦੀਪ ਸਿੰਘ ਅਤੇ ਸਮੂਹ ਸਟਾਫ ਨੇ ਉਚੇਚੇ ਤੌਰ 'ਤੇ ਵਿਦਿਆਰਥਣ ਗੁਰਸਾਂਝ ਕਰੜਾ ਨੂੰ ਪੱਧਰੀ ਇਨਾਮ ਪ੍ਰਾਪਤੀ 'ਤੇ ਮੁਬਾਰਕਾਂ ਦਿੱਤੀਆਂ। ਇਸ ਮੌਕੇ ਮੈਡਮ ਸੀਮਾ ਗੋਇਲ, ਸਕੂਲ ਦਾ ਹੋਰ ਸਮੁੱਚਾ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

## ਪਲੇਸਮੈਂਟ ਕੈਂਪ ਅੱਜ

**ਬਰਨਾਲਾ, (ਰਜਿੰਦਰ ਬਰਾੜ , ਗੁਰਪ੍ਰੀਤ ਸਿੰਘ)**-ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਬਰਨਾਲਾ ਵੱਲੋਂ ਸ਼ੇਅਰ ਇੰਡੀਆ ਫਿਨਕੈਪ ਪ੍ਰਾਈਵੇਟ ਲਿਮਟਿਡ ਕੰਪਨੀ ਨਾਲ ਤਾਲਮੇਲ ਕਰਕੇ 31 ਮਾਰਚ (ਦਿਨ ਸ਼ੁੱਕਰਵਾਰ) ਨੂੰ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ ਫੀਲਡ ਸਟਾਫ ਦੀ ਅਸਾਮੀ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਦੂਸਰੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਬਰਨਾਲਾ ਵਿਖੇ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸੰਬੰਧੀ ਗੁਰਤੇਜ ਸਿੰਘ, ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫਸਰ ਬਰਨਾਲਾ ਨੇ ਦੱਸਿਆ ਕਿ ਉਕਤ ਅਸਾਮੀ ਲਈ ਯੋਗਤਾ ਘੱਟੋ ਘੱਟ ਬਾਰ੍ਹਵੀਂ ਤੋਂ ਗਰੈਜੂਏਟ, ਉਮਰ ਘੱਟੋ ਘੱਟ 21 ਤੋਂ 28 ਸਾਲ (ਸਿਰਫ ਮੇਲ) ਹੋਣੀ ਚਾਹੀਦੀ ਹੈ। ਕੰਪਨੀ ਵੱਲੋਂ ਪ੍ਰਾਰਥੀ ਨੂੰ ਮੈਡੀਕਲ, ਰਹਿਣ ਦੀ , ਈ ਐਸ ਆਈ ਅਤੇ ਇਨਸੈਂਟਿਵ, ਪੈਟਰੋਲ/ਤੇਲ ਦੀ ਸੁਵਿਧਾ ਦਿੱਤੀ ਜਾਵੇਗੀ। ਇੰਟਰਵਿਊ ਦੌਰਾਨ ਪ੍ਰਾਰਥੀ ਕੋਲ ਰਿਜ਼ੂਮ (ਬਾਇਓ ਡਾਟਾ) ਅਤੇ ਫਾਰਮਲ ਡਰੈਸ ਵਿੱਚ ਹੋਣਾ ਲਾਜ਼ਮੀ ਹੈ। ਇਸ ਦੇ ਨਾਲ ਪ੍ਰਾਰਥੀ ਕੋਲ ਆਪਣਾ ਅਧਾਰ ਕਾਰਡ, ਪੈਨ ਕਾਰਡ ਅਤੇ ਤਜਰਬੇਕਾਰ ਪ੍ਰਾਰਥੀ ਕੋਲ ਪਿਛਲੇ ਤਿੰਨ ਮਹੀਨੇ ਦੀ ਸੈਲਰੀ ਸਲਿੱਪ ਲਾਜ਼ਮੀ ਹੋਣੀ ਚਾਹੀਦੀ ਹੈ। ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਬਰਨਾਲਾ ਦੇ ਹੈਲਪਲਾਈਨ ਨੰਬਰ 94170-39072 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਵਿੱਦਿਆ ਮੰਦਰ ਦਾ ਨਾਨ ਬੋਰਡ ਜਮਾਤਾਂ ਦਾ ਸਾਲਾਨਾ ਨਤੀਜਾ ਸ਼ਤ ਪ੍ਰਤੀਸ਼ਤ

**ਭੀਖੀ (ਧਰਮਵੀਰ ਸ਼ਰਮਾ)**- ਸਥਾਨਕ ਸ੍ਰੀ ਤਾਰਾ ਚੰਦ ਸਰਵਹਿੱਤਕਾਰੀ ਵਿੱਦਿਆ ਮੰਦਰ ਵਿਖੇ ਨਤੀਜਾ ਘੋਸ਼ਣਾ ਪ੍ਰਕਿਰਿਆ ਦੇ ਤੀਜੇ ਚਰਨ ਵਿਚ ਚੌਥੀ, ਛੇਵੀਂ ਅਤੇ ਸੱਤਵੀਂ ਜਮਾਤ ਦਾ ਸਾਲਾਨਾ ਪ੍ਰੀਖਿਆ ਦਾ ਨਤੀਜਾ ਐਲਾਨਿਆ ਗਿਆ। ਨਤੀਜਾ ਸਮਾਰੋਹ ਦਾ ਆਰੰਭ ਸਰਸਵਤੀ ਵੰਦਨਾ ਨਾਲ ਹੋਇਆ। ਸਕੂਲ ਮੁਖੀ ਸੰਜੀਵ ਕੁਮਾਰ ਨੇ ਬੱਚਿਆਂ ਦੇ ਮਾਤਾ ਪਿਤਾ ਦਾ ਸਵਾਗਤ ਅਤੇ ਮੁੱਖ ਮਹਿਮਾਨਾਂ ਦੀ ਜਾਣ ਪਹਿਚਾਣ ਕਰਵਾਉਂਦੇ ਹੋਏ ਬੱਚਿਆਂ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਵਧੀਆ ਕਾਰਗੁਜ਼ਾਰੀ ਤੇ ਸੌ ਪ੍ਰਤੀਸ਼ਤ ਨਤੀਜਾ ਆਉਣ 'ਤੇ ਵਧਾਈ ਦਿੱਤੀ। ਪਹਿਲੇ ਤਿੰਨ ਸਥਾਨਾਂ 'ਤੇ ਆਉਣ ਵਾਲੇ ਸਾਰੇ ਬੱਚਿਆਂ ਨੂੰ ਮੈਡਲ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਤੋਂ ਇਲਾਵਾ ਬੈਸਟ ਸਕੂਲ ਬੈਗ, ਬੈਸਟ ਯੂਨੀਫ਼ਾਰਮ ਤੇ ਬੈਸਟ ਅਨੁਸ਼ਾਸਨ ਕੈਟਾਗਰੀ ਵਿੱਚ ਵੀ ਚੁਣੇ ਹੋਏ ਬੱਚਿਆਂ ਨੂੰ ਸਰਟਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਬੰਧ ਸਮਿਤੀ ਦੇ ਪ੍ਰਧਾਨ ਸਤੀਸ਼ ਕੁਮਾਰ, ਪ੍ਰਬੰਧਕ ਅੰਮ੍ਰਿਤਪਾਲ , ਪ੍ਰਿੰਸੀਪਲ ਸੰਜੀਵ ਕੁਮਾਰ ਸਮੂਹ ਸਕੂਲ ਸਟਾਫ਼ ਸਹਿਤ ਮੌਜੂਦ ਸਨ।

# ਸਿਹਤ ਨੂੰ ਮੌਲਿਕ ਅਧਿਕਾਰ ਐਲਾਨਿਆ ਜਾਵੇ : ਡਾ. ਅਰੁਣ ਮਿੱਤਰਾ

**ਲੁਧਿਆਣਾ (ਐਮ ਐਸ ਭਾਟੀਆ, ਰੈਕਟਰ ਕਥੂਰੀਆ)**- ਸਿਹਤ ਦੇ ਅਧਿਕਾਰ 'ਤੇ ਚੱਲ ਰਹੀ ਬਹਿਸ 'ਤੇ ਟਿੱਪਣੀ ਕਰਦਿਆਂ ਡਾ. ਅਰੁਣ ਮਿੱਤਰਾ ਪ੍ਰਧਾਨ ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈ ਡੀ ਪੀ ਡੀ) ਅਤੇ ਡਾ. ਜੀ ਐਸ ਗਰੇਵਾਲ ਪੰਜਾਬ ਮੈਡੀਕਲ ਕੌਂਸਲ (ਪੀ ਐਮ ਸੀ) ਦੇ ਸਾਬਕਾ ਪ੍ਰਧਾਨ ਅਤੇ ਡਾਕਟਰਾਂ ਦੇ ਅਲਾਇੰਸ ਫਾਰ ਐਥੀਕਲ ਹੈਲਥਕੇਅਰ (ਏ ਡੀ ਈ ਐਚ) ਦੇ ਮੈਂਬਰ ਨੇ ਕਿਹਾ ਕਿ ਸਿਹਤ ਦਾ ਅਧਿਕਾਰ ਮੌਲਿਕ ਅਧਿਕਾਰ ਹੋਣਾ ਚਾਹੀਦਾ ਹੈ। ਸਰਕਾਰਾਂ ਨੇ ਸਿਹਤ ਅਤੇ ਸਿੱਖਿਆ ਨੂੰ ਲਗਾਤਾਰ ਨਜ਼ਰਅੰਦਾਜ਼ ਕੀਤਾ ਹੈ। ਇਨ੍ਹਾਂ ਦੋਵਾਂ ਖੇਤਰਾਂ ਵਿੱਚ ਬਜਟ ਦੀ ਵੰਡ ਬਹੁਤ ਘੱਟ ਹੈ।

ਇਸ ਲਈ ਅਸੀਂ ਪਿਛਲੇ ਕੁਝ ਦਹਾਕਿਆਂ ਵਿੱਚ ਸਿਹਤ ਦਾ ਕਾਰਪੋਰੇਟੀਕਰਨ ਦੇਖਿਆ ਹੈ। ਬਿਨਾਂ ਸ਼ੱਕ ਹਰ ਡਾਕਟਰ ਐਮਰਜੈਂਸੀ ਦੀ ਸਥਿਤੀ ਵਿੱਚ ਡਾਕਟਰੀ ਸਹਾਇਤਾ ਦੇਣ ਲਈ ਨੈਤਿਕ ਤੌਰ 'ਤੇ ਪਾਬੰਦ ਹੁੰਦਾ ਹੈ ਪਰ ਉਨ੍ਹਾਂ ਦੀਆਂ ਅਸਲ ਸ਼ਿਕਾਇਤਾਂ ਨੂੰ ਗੱਲਬਾਤ ਰਾਹੀਂ ਹੱਲ ਕੀਤਾ ਜਾਣਾ ਚਾਹੀਦਾ ਹੈ। ਸਾਰੇ ਡਾਕਟਰਾਂ ਨੂੰ ਇੱਕੋ ਰੱਸੇ ਨਾਲ ਬੰਨ੍ਹਣਾ ਗਲਤ ਹੋਵੇਗਾ। ਕਈ ਕਾਰਪੋਰੇਟ ਹਸਪਤਾਲਾਂ ਨੂੰ ਭਾਵੇਂ ਘੱਟ ਕੀਮਤ 'ਤੇ ਜ਼ਮੀਨ ਅਲਾਟ ਕੀਤੀ ਗਈ ਹੈ ਪਰ ਉਹ ਇਸ ਦੇ ਬਦਲੇ ਆਰਥਕ ਤੌਰ 'ਤੇ ਕਮਜ਼ੋਰ ਵਰਗ ਦੇ ਮਰੀਜ਼ਾਂ ਦੀ ਇੱਕ ਨਿਸ਼ਚਤ ਪ੍ਰਤੀਸ਼ਤਤਾ ਨੂੰ ਮੁਫਤ ਡਾਕਟਰੀ ਸਹਾਇਤਾ ਦੇਣ ਦੀ ਧਾਰਾ ਦੀ ਪਾਲਣਾ ਕਰਨ 'ਚ ਅਸਫਲ ਰਹੇ ਹਨ। ਅਜਿਹਾ ਇਸ ਲਈ ਹੈ ਕਿਉਂਕਿ ਰੈਗੂਲੇਟਰੀ ਸੰਸਥਾਵਾਂ ਪੂਰੀ ਤਰ੍ਹਾਂ ਨਾਕਾਮ ਰਹੀਆਂ ਹਨ। ਇਸ ਸੰਦਰਭ ਵਿੱਚ ਦਯਾਨੰਦ ਮੈਡੀਕਲ ਕਾਲਜ ਅਤੇ ਹਸਪਤਾਲ (ਡੀ ਐਮ ਸੀ ਐਚ) ਲੁਧਿਆਣਾ ਦੇ ਸਾਬਕਾ ਵਿਦਿਆਰਥੀ ਡਾ. ਅਰੁਣ ਮਿੱਤਰਾ ਨੇ ਕਿਹਾ ਕਿ ਸੰਸਥਾ ਦੁਆਰਾ ਆਰਥਕ ਅਪਰਾਧਾਂ ਦੀਆਂ ਰਿਪੋਰਟਾਂ ਨੂੰ ਇਕੱਲਿਆਂ ਨਹੀਂ ਸਗੋਂ ਸਰਕਾਰ ਦੀ ਸਿਹਤ ਸੰਭਾਲ ਨੀਤੀ ਦੀ ਪੂਰੀ ਅਸਫਲਤਾ ਦੇ ਹਿੱਸੇ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ 1974 'ਚ ਸੰਸਥਾ ਦੇ ਵਿਦਿਆਰਥੀਆਂ ਨੇ ਸੰਸਥਾ 'ਤੇ ਸਰਕਾਰੀਕਰਨ ਅਤੇ ਕੈਪੀਟੇਸ਼ਨ ਫੀਸ ਦੇ ਖਿਲਾਫ ਸਾਲ ਭਰ ਅੰਦੋਲਨ ਕੀਤਾ ਸੀ। ਹਾਲਾਂਕਿ ਅਜਿਹਾ ਨਹੀਂ ਹੋਇਆ, ਪਰ ਕਾਲਜ ਨੇ ਰਾਜ ਵਿੱਚ ਉੱਨਤ ਸਿਹਤ ਸੰਭਾਲ ਵਿਕਸਤ ਕਰਨ ਵਿੱਚ ਤਰੱਕੀ ਕੀਤੀ। ਪਰ ਜਦੋਂ ਤੋਂ ਸਰਕਾਰ ਦੀ ਕੁੱਲ ਪਹੁੰਚ ਬਦਲ ਗਈ, ਉੱਨਤ ਸਿਹਤ ਸੰਭਾਲ ਇੱਕ ਕਾਰੋਬਾਰ ਬਣ ਗਿਆ ਹੈ ਅਤੇ ਡੀ ਐਮ ਸੀ ਵੀ ਇੱਕ ਕਾਰਪੋਰੇਟ ਮਾਡਲ 'ਤੇ ਵਿਕਸਤ ਹੋਇਆ ਹੈ। ਡਾਕਟਰੀ ਇਲਾਜ ਬਹੁਤ ਮਹਿੰਗਾ ਹੋ ਗਿਆ ਅਤੇ ਮਰੀਜ਼ਾਂ ਦੀ ਜੇਬ ਵਿੱਚੋਂ ਖਰਚੇ 'ਤੇ ਬਹੁਤ ਜ਼ਿਆਦਾ ਬੋਝ ਪੈ ਗਿਆ। ਇਹ ਸਮਾਂ ਆ ਗਿਆ ਹੈ ਕਿ ਰੈਗੂਲੇਟਰੀ ਤੰਤਰ ਨੂੰ ਮਜ਼ਬੂਤ ਕੀਤਾ ਜਾਵੇ। ਜਿਨ੍ਹਾਂ ਸੰਸਥਾਵਾਂ ਨੂੰ ਚੈਰੀਟੇਬਲ ਦਾ ਦਰਜਾ ਦਿੱਤਾ ਗਿਆ ਹੈ ਅਤੇ ਸਰਕਾਰ ਤੋਂ ਲਾਭ ਪ੍ਰਾਪਤ ਕਰ ਚੁੱਕੇ ਹਨ, ਉਨ੍ਹਾਂ ਦੇ ਚੈਰੀਟੇਬਲ ਰੁਤਬੇ ਨੂੰ ਦਰਸਾਉਣ ਵਾਲਾ ਕਰਨ ਬੋਰਡ ਲਗਾਉਣਾ ਚਾਹੀਦਾ ਹੈ ਜਿਸ ਵਿੱਚ ਸੰਸਥਾ ਦੀ ਬਣਦੀ ਜ਼ਿੰਮੇਵਾਰੀ ਦਾ ਜ਼ਿਕਰ ਕੀਤਾ ਗਿਆ ਹੋਵੇ। ਸਿਹਤ ਦਾ ਅਧਿਕਾਰ ਬੁਨਿਆਦੀ ਮਨੁੱਖੀ ਅਧਿਕਾਰਾਂ ਵਿੱਚੋਂ ਇੱਕ ਹੈ ਜਿਸ ਲਈ ਸਰਕਾਰ ਦੀ ਮੁਢਲੀ ਜ਼ਿੰਮੇਵਾਰੀ ਹੈ ਪਰ ਡਾਕਟਰ ਵੀ ਨੈਤਿਕ ਤੌਰ 'ਤੇ ਬੰਨ੍ਹੇ ਹੋਏ ਹਨ।

# ਤਿੰਨ ਸਾਲਾਂ ਤੋਂ ਨਰੇਗਾ ਤਹਿਤ ਨਹੀਂ ਮਿਲਿਆ ਰੁਜ਼ਗਾਰ

**ਪਰਵਾਰ ਸਮੇਤ ਡੀ ਸੀ ਦਫਤਰ ਸਾਹਮਣੇ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਸ਼ੁਰੂ**




**ਫਾਜ਼ਿਲਕਾ (ਕ੍ਰਿਸ਼ਨ ਸਿੰਘ)**- ਨਰੇਗਾ ਕਾਨੂੰਨ ਤਹਿਤ ਪਿੰਡਾਂ ਦੇ ਲੋਕਾਂ ਨੂੰ 100 ਦਿਨ ਦਾ ਰੋਜ਼ਗਾਰ ਦੇਣ ਦੀ ਗੱਲ ਕਹੀ ਗਈ ਸੀ, ਪਰ ਅੱਜ ਤੱਕ ਬਹੁਤੇ ਪਿੰਡਾਂ 'ਚ 100 ਦਿਨਾਂ ਦਾ ਤਾਂ ਛੱਡੋ ਤਿੰਨ ਤਿੰਨ ਸਾਲਾਂ ਵਿੱਚ ਵੀ ਕੋਈ ਕੰਮ ਨਹੀਂ ਦਿੱਤਾ ਜਾ ਰਿਹਾ। ਇਸ ਲਈ ਬਹੁਤੇ ਲੋਕਾਂ ਨੂੰ ਨਰੇਗਾ ਸਕੀਮ ਤਹਿਤ ਰੋਜ਼ਗਾਰ ਪ੍ਰਾਪਤ ਕਰਨ ਲਈ ਧਰਨਿਆਂ ਅਤੇ ਭੁੱਖ ਹੜਤਾਲਾਂ ਦਾ ਸਹਾਰਾ ਲੈਣਾ ਪੈਂਦਾ ਹੈ। ਇਸੇ ਤਰਾਂ ਫਾਜ਼ਿਲਕਾ ਵਿੱਚ ਨਰੇਗਾ ਅਧੀਨ ਰੋਜ਼ਗਾਰ ਨਾ ਮਿਲਣ ਕਾਰਨ ਬੇਰੋਜ਼ਗਾਰੀ ਭੱਤੇ ਦੀ ਮੰਗ ਨੂੰ ਲੈ ਕੇ ਪਿੰਡ ਨਵਾਂ ਸਲੇਮਸ਼ਾਹ ਨਿਵਾਸੀ ਇੱਕ ਵਿਅਕਤੀ ਵੱਲੋਂ ਆਪਣੇ ਪਰਵਾਰ ਸਮੇਤ ਡੀ ਸੀ ਦਫਤਰ ਫਾਜ਼ਿਲਕਾ ਸਾਹਮਣੇ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਸ਼ੁਰੂ ਕੀਤੀ ਗਈ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਪ੍ਰੇਮ ਸਿੰਘ ਨਿਵਾਸੀ ਪਿੰਡ ਨਵਾਂ ਸਲੇਮਸ਼ਾਹ ਨੇ ਦੱਸਿਆ ਕਿ ਉਨ੍ਹਾ ਵੱਲੋਂ ਸਾਲ 2019 ਤੋਂ ਲੈ ਕੇ ਪਿੰਡ ਦੇ ਸਰਪੰਚ ਤੋਂ ਨਰੇਗਾ ਤਹਿਤ ਰੋਜ਼ਗਾਰ ਦੀ ਮੰਗ ਕੀਤੀ ਜਾ ਰਹੀ ਸੀ, ਪਰ ਉਨ੍ਹਾ ਨੂੰ ਅੱਜ ਤੱਕ ਕੋਈ ਰੋਜ਼ਗਾਰ ਨਹੀਂ ਮਿਲਿਆ। ਜਿਸ ਤੋਂ ਬਾਅਦ ਉਨ੍ਹਾਂ ਵੱਲੋਂ ਡਿਪਟੀ ਕਮਿਸ਼ਨਰ ਦਫਤਰ ਫਾਜ਼ਿਲਕਾ ਨੂੰ ਲਿਖਤੀ ਦਰਖਾਸਤ ਰਾਹੀਂ ਅਤੇ ਮਿਲ ਕੇ ਉਨ੍ਹਾ ਨੂੰ ਨਰੇਗਾ ਕਾਨੂੰਨ ਤਹਿਤ ਬੇਰੋਜ਼ਗਾਰੀ ਭੱਤਾ ਦੇਣ ਦੀ ਮੰਗ ਕੀਤੀ ਗਈ, ਪਰ ਫਿਰ ਵੀ ਅੱਜ ਤੱਕ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋਈ। ਉਨ੍ਹਾ ਕਿਹਾ ਕਿ ਇੱਕ ਪਾਸੇ ਪਿੰਡ ਦੇ ਸਰਪੰਚ ਵੱਲੋਂ ਸੰਬੰਧਤ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਪਿੰਡ 'ਚ ਚਲਦੇ ਨਰੇਗਾ ਕੰਮ ਦੌਰਾਨ ਗਲਤ ਹਾਜ਼ਰੀਆਂ ਪਾਈਆਂ ਜਾ ਰਹੀਆਂ ਹਨ ਅਤੇ ਦੂਜੇ ਪਾਸੇ ਉਨ੍ਹਾਂ ਨੂੰ ਵਾਰ ਵਾਰ ਰੋਜ਼ਗਾਰ ਮੰਗਣ ਦੇ ਬਾਵਜੂਦ ਕੋਈ ਕੰਮ ਨਹੀਂ ਦਿੱਤਾ ਜਾ ਰਿਹਾ। ਜਿਸ ਦੇ ਚਲਦਿਆਂ ਮਜਬੂਰ ਹੋ ਕੇ ਉਨ੍ਹਾਂ ਵੱਲੋਂ ਆਪਣੇ ਸਮੂਹ ਪਰਵਾਰ ਸਮੇਤ ਡਿਪਟੀ ਕਮਿਸ਼ਨਰ ਦਫਤਰ ਫਾਜ਼ਿਲਕਾ ਦੇ ਸਾਹਮਣੇ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਸ਼ੁਰੂ ਕੀਤੀ ਗਈ ਹੈ। ਉਨ੍ਹਾ ਕਿਹਾ ਕਿ ਜਦੋਂ ਤੱਕ ਉਨ੍ਹਾਂ ਦੀ ਮੰਗ ਪੂਰੀ ਨਹੀਂ ਕੀਤੀ ਜਾਂਦੀ ਉਦੋਂ ਤੱਕ ਡਿਪਟੀ ਕਮਿਸ਼ਨਰ ਦਫਤਰ ਫਾਜ਼ਿਲਕਾ ਦੇ ਸਾਹਮਣੇ ਧਰਨਾ ਦੇ ਕੇ ਉਨ੍ਹਾਂ ਦੀ ਭੁੱਖ ਹੜਤਾਲ ਇਸੇ ਤਰ੍ਹਾਂ ਜਾਰੀ ਰਹੇਗੀ। ਜਦੋਂ ਇਸ ਬਾਰੇ ਏ ਡੀ ਸੀ ਵਿਕਾਸ ਫਾਜ਼ਿਲਕਾ ਸੰਦੀਪ ਕੁਮਾਰ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾ ਫੋਨ ਨਹੀਂ ਚੱਕਿਆ।

# ਜਥੇਬੰਦੀ ਨੂੰ ਪੈਨਲ ਮੀਟਿੰਗ ਦਾ ਲਿਖਤੀ ਸਮਾਂ ਮਿਲਣ 'ਤੇ ਸੂਬਾ ਪੱਧਰੀ ਧਰਨੇ ਨੂੰ ਕੀਤਾ ਮੁਲਤਵੀ



**ਜਲਾਲਾਬਾਦ, (ਜੀਤ ਕੁਮਾਰ)**-ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੇ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ ਅਤੇ ਸੂਬਾ ਪ੍ਰੈਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਅੱਜ ਇਥੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੀ ਕੈਬਨਿਟ 'ਸਬ-ਕਮੇਟੀ' ਮੈਂਬਰ-ਕਮ-ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਜਲ ਸਪਲਾਈ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਦੇ ਨਾਲ 13 ਫਰਵਰੀ ਨੂੰ ਚੰਡੀਗੜ੍ਹ ਸੈਕਟਰੀਏਟ 'ਚ ਜਥੇਬੰਦੀ ਦੇ ਸੂਬਾ ਆਗੂਆਂ ਦੇ ਨਾਲ ਪੈਨਲ ਮੀਟਿੰਗ ਹੋਈ ਸੀ। ਇਸ ਪੈਨਲ ਮੀਟਿੰਗ 'ਚ ਜਥੇਬੰਦੀ ਵੱਲੋਂ ਉਪਰੋਕਤ ਮੰਤਰੀਆਂ ਦੇ ਕੋਲ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੀਆਂ ਪੇਂਡੂ ਜਲ ਸਪਲਾਈ ਸਕੀਮਾਂ 'ਤੇ ਫੀਲਡ ਅਤੇ ਦਫਤਰਾਂ ਵਿੱਚ ਵੱਖ-ਵੱਖ ਪੋਸਟਾਂ 'ਤੇ ਪਿਛਲੇ 10 ਤੋਂ 15 ਸਾਲਾਂ ਦੇ ਅਰਸੇ ਤੋਂ ਇੱਕ ਵਰਕਰ ਦੇ ਰੂਪ 'ਚ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਅਤੇ ਆਊਟਸੋਰਸ ਵਰਕਰਾਂ ਨੂੰ ਉਨ੍ਹਾਂ ਦੇ ਤਜਰਬੇ ਦੇ ਅਧਾਰ 'ਤੇ ਸੰਬੰਧਤ ਵਿਭਾਗ 'ਚ ਸ਼ਾਮਲ ਕਰਕੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ ਸਮੇਤ ਯੂਨੀਅਨ ਦੇ 'ਮੰਗ-ਪੱਤਰ' 'ਚ ਦਰਜ ਮੰਗਾਂ ਦਾ ਹੱਲ ਕਰਨ ਸੰਬੰਧੀ ਵਿਚਾਰ- ਚਰਚਾ ਹੋਈ ਸੀ। ਉਪਰੋਕਤ ਜਥੇਬੰਦੀਆਂ ਦੀ ਮੰਗ ਅਨੁਸਾਰ ਕੈਬਨਿਟ 'ਸਬ-ਕਮੇਟੀ' ਦੇ ਮੰਤਰੀਆਂ ਵੱਲੋਂ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਇਨਲਿਸਟਮੈਂਟ/ਆਊਟਸੋਰਸ ਵਰਕਰਾਂ ਨੂੰ ਵਿਭਾਗ 'ਚ ਲੈਣ ਲਈ ਪਾਲਸੀ ਤਿਆਰ ਕਰਕੇ ਰੈਗੂਲਰ ਕਰਨ ਸੰਬੰਧੀ ਵਿਭਾਗੀ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਸੀ ਕਿ ਇਹ ਪਾਲਸੀ ਤਿਆਰ ਕਰਨ ਲਈ 15 ਮਾਰਚ ਤੱਕ ਸਮਾਂ ਵੀ ਦਿੱਤਾ ਗਿਆ ਸੀ ਪਰ ਇਸ ਮੀਟਿੰਗ 'ਚ ਬਣੀ ਸਹਿਮਤੀ ਮੁਤਾਬਕ ਜਿੱਥੇ ਇਨਲਿਸਟਮੈਂਟ/ਆਊਟਸੋਰਸ ਵਰਕਰਾਂ ਨੂੰ ਵਿਭਾਗ 'ਚ ਲੈਣ ਲਈ ਪਾਲਸੀ ਨਹੀਂ ਬਣਾਈ ਗਈ, ਉਥੇ ਜਥੇਬੰਦੀ ਦੀਆਂ ਹੋਰ ਮੰਗਾਂ ਦਾ ਹੱਲ ਨਹੀਂ ਕੀਤਾ ਗਿਆ। ਜਿਸ ਦੇ ਰੋਸ ਵਜੋਂ ਜਥੇਬੰਦੀ ਵੱਲੋਂ 29 ਮਾਰਚ ਨੂੰ ਸੰਗਰੂਰ ਵਿਖੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਰਿਹਾਇਸ਼ ਦਾ ਘਿਰਾਓ ਕਰਕੇ ਪਰਵਾਰਾਂ ਅਤੇ ਬੱਚਿਆਂ ਸਮੇਤ ਪੂਰ ਅਮਨ ਸੂਬਾ ਪੱਧਰੀ ਧਰਨਾ ਅਣਮਿੱਥੇ ਸਮੇਂ ਲਈ ਦੇਣ ਦਾ ਐਲਾਨ ਕੀਤਾ ਗਿਆ ਸੀ। ਇਸ ਧਰਨੇ ਦੇ ਮੱਦੇਨਜ਼ਰ ਜ਼ਿਲ੍ਹਾ ਸੰਗਰੂਰ ਦੇ ਪ੍ਰਸ਼ਾਸਨ ਵਲੋਂ ਕੈਬਨਿਟ ਸਬ ਕਮੇਟੀ 'ਚ ਸ਼ਾਮਲ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਜਲ ਸਪਲਾਈ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਸਮੇਤ ਵਿਭਾਗੀ ਅਧਿਕਾਰੀਆਂ ਦੇ ਨਾਲ ਪੈਨਲ ਮੀਟਿੰਗ ਮਿਤੀ 5 ਅਪ੍ਰੈਲ ਨੂੰ ਪੰਜਾਬ ਭਵਨ ਚੰਡੀਗੜ੍ਹ ਵਿਖੇ ਤੈਅ ਕਰਵਾਈ ਗਈ ਹੈ। ਜਿਸ 'ਤੇ ਜਥੇਬੰਦੀ ਵਲੋਂ 29 ਮਾਰਚ ਨੂੰ ਉਕਤ ਦਿੱਤੇ ਜਾਣ ਵਾਲੇ ਸੂਬਾ ਪੱਧਰੀ ਧਰਨੇ ਨੂੰ ਮੁਲਤਵੀ ਕੀਤਾ ਗਿਆ ਹੈ।

# ਹਮੀਦੀ ਦੇ ਕਬੱਡੀ ਟੂਰਨਾਮੈਂਟ 'ਚ ਜੰਗੀਆਣਾ ਦੀ ਟੀਮ ਨੇ ਓਪਨ ਮੁਕਾਬਲਾ ਜਿੱਤਿਆ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਗੜ)**- ਐਨ ਆਰ ਆਈ ਕਬੱਡੀ ਕਲੱਬ ਪਿੰਡ ਹਮੀਦੀ (ਬਰਨਾਲਾ) ਵੱਲੋਂ ਸਮੂਹ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਹਮੀਦੀ ਦੇ ਖੇਡ ਸਟੇਡੀਅਮ ਵਿਖੇ ਕਰਵਾਇਆ ਗਿਆ। ਕਬੱਡੀ ਕੱਪ ਆਪਣੀਆਂ ਅਮਿੱਟ ਯਾਦਾਂ ਛੱਡਦਾ ਹੋਇਆ ਸ਼ਾਨੋ ਸ਼ੌਕਤ ਨਾਲ ਸਮਾਪਤ ਹੋ ਗਿਆ। ਇਸ ਖੇਡ ਮੇਲੇ ਦਾ ਉਦਘਾਟਨ ਸਮਾਜ ਸੇਵੀ ਪੰਚ ਜਸਵਿੰਦਰ ਸਿੰਘ ਮਾਂਗਟ ਐਨ ਆਰ ਆਈ ਕਬੱਡੀ ਕਲੱਬ ਦੇ ਪ੍ਰਬੰਧਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਸਮੂਹ ਸਟਾਫ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਇਸ ਖੇਡ ਮੇਲੇ ਦੌਰਾਨ ਕਬੱਡੀ 70 ਕਿਲੋ ਵਰਗ 16 ਟੀਮਾਂ ਦੇ ਫਾਈਨਲ ਮੁਕਾਬਲਿਆਂ ਵਿੱਚੋਂ ਪਿੰਡ ਹਮੀਦੀ ਜੰਡਸਰ ਦੀ ਟੀਮ ਨੇ ਪਹਿਲਾ ਅਤੇ ਸ਼ਹੀਦ ਭਗਤ ਸਿੰਘ ਪਿੰਡ ਹਮੀਦੀ ਦੀ ਟੀਮ ਨੇ ਦੂਜਾ, ਕਬੱਡੀ ਓਪਨ ਦੇ ਮੁਕਾਬਲਿਆਂ ਵਿੱਚ ਕੁਲ 32 ਟੀਮਾਂ ਨੇ ਭਾਗ ਲਿਆ। ਕਬੱਡੀ ਓਪਨ ਦੇ ਗਹਿਗੱਚ ਮੁਕਾਬਲਿਆਂ ਵਿਚੋਂ ਪਿੰਡ ਜੰਗੀਆਣਾ ਦੇ ਗੱਭਰੂਆਂ ਨੇ ਪਿੰਡ ਚਾਂਗਲੀ ਦੀ ਟੀਮ ਦੇ ਗੱਭਰੂਆਂ ਦੀਆਂ ਗੋਡਣੀਆਂ ਲਵਾ ਕੇ ਆਪਣਾ ਪਹਿਲਾ ਇਨਾਮ ਜਿੱਤਿਆ ਜਦ ਕੇ ਪਿੰਡ ਚਾਂਗਲੀ ਦੀ ਟੀਮ ਦੇ ਗੱਭਰੂਆਂ ਦੀ ਟੀਮ ਦੂਜੇ ਸਥਾਨ 'ਤੇ ਰਹੀ। ਇਸ ਸਮੇਂ ਵੱਖ-ਵੱਖ ਮੁਕਾਬਲਿਆਂ ਵਿੱਚ ਜੇਤੂ ਰਹਿਣ ਵਾਲੀਆਂ ਟੀਮਾਂ ਦੇ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਅਤੇ ਦਾਨੀ ਸੱਜਣਾਂ ਨੂੰ ਸਨਮਾਨਤ ਕਰਨ ਦੀ ਰਸਮ ਕਲੱਬ ਮੈਂਬਰ ਮਨਜੀਤ ਸਿੰਘ ਰਾਣੂੰ, ਉਮਨਦੀਪ ਸਿੰਘ ਸੋਹੀ, ਹਰਪ੍ਰੀਤ ਸਿੰਘ ਦਿਓਲਯੋਧਾ ਸਿੰਘ ਦਿਓਲ, ਬੂਟਾ ਸਿੰਘ ਰਾਣੂ, ਕੁਲਵਿੰਦਰ ਸਿੰਘ ਦਿਓਲ,ਖਾਨ ਹਮੀਦੀ, ਮਲਕੀਤ ਸਿੰਘ ਰਾਣੂੰ, ਬਲਜੀਤ ਸਿੰਘ ਰਾਣੂੰ, ਕਮਲਜੀਤ ਸਿੰਘ ਢੀਂਡਸਾ, ਰਮਨਦੀਪ ਸਿੰਘ ਚੀਮਾ, ਕਬੱਡੀ ਖਿਡਾਰੀ ਨਿੰਦੀ ਹਮੀਦੀ , ਪੰਜਾਬ ਪੁਲਸ ਦੇ ਮੁਲਾਜ਼ਮ ਗੁਰਜੀਤ ਸਿੰਘ ਚੋਪੜਾ, ਗੁਰਪ੍ਰੀਤ ਸਿੰਘ ਰਾਣੂੰ, ਨਵਦੀਪ ਸਿੰਘ ਸਿੱਧੂ, ਪਰਦੀਪ ਸਿੰਘ ਢਿੱਲੋਂ, ਜਗਦੇਵ ਢਿੱਲੋਂ, ਲਖਵਿੰਦਰ ਸਿੰਘ ਰਾਣੂੰ, ਗਗਨਦੀਪ ਸਿੰਘ ਰਾਣੂੰ, ਨਿਰਮਲ ਸਿੰਘ ਦਿਓਲ, ਪਰਦੀਪ ਸਿੰਘ ਰਾਣੂ, ਜਗਸੀਰ ਸਿੰਘ ਰਾਣੂ, ਹਰਮਨ ਸਿੰਘ ਰਾਣੂ ਨੇ ਸਾਂਝੇ ਤੌਰ 'ਤੇ ਨਿਭਾਈ ਗਈ। ਇਸ ਤੋਂ ਇਸ ਤੋਂ ਇਲਾਵਾ ਕਬੱਡੀ ਓਪਨ 'ਚੋਂ ਬੈਸਟ ਰੇਡਰ ਬੁੱਗਾ ਚੱਠਾ ਤੇ ਜਾਫੀ ਕੁਲਵਿੰਦਰ ਜੰਗੀਆਣਾ ਨੂੰ ਐਲ ਈ ਡੀ ਨਾਲ ਸਨਮਾਨਤ ਕੀਤਾ ਗਿਆ। ਅਖੀਰ ਵਿੱਚ ਕਲੱਬ ਮੈਂਬਰ ਮਨਜੀਤ ਸਿੰਘ ਰਾਣੂ ਨੇ ਆਏ ਮਹਿਮਾਨਾਂ ਅਤੇ ਖੇਡ ਮੇਲੇ ਨੂੰ ਸਫਲ ਬਣਾਉਣ ਲਈ ਦਾਨੀ ਸੱਜਣਾਂ ਅਤੇ ਖੇਡ ਪ੍ਰੇਮੀਆਂ ਦਾ ਧੰਨਵਾਦ ਕੀਤਾ।

## ਪ੍ਰਿੰ. ਗੁਰਵੀਰ ਸਿੰਘ ਨੇ ਅਕਾਲੀ ਬਾਬਾ ਫੂਲਾ ਸਿੰਘ ਦੇ ਜੀਵਨ ਬਾਰੇ ਚਾਨਣਾ ਪਾਇਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਸੁਹਿਰਦ ਪ੍ਰਬੰਧ ਅਗਵਾਈ ਵਾਲੀ ਸੰਸਥਾ ਮਾਤਾ ਸਾਹਿਬ ਕੌਰ ਖਾਲਸਾ ਕਾਲਜ, ਤਲਵੰਡੀ ਭਾਈ ਦੇ ਪ੍ਰਿੰਸੀਪਲ ਡਾ. ਗੁਰਵੀਰ ਸਿੰਘ ਵੱਲੋਂ ਅਕਾਲੀ ਬਾਬਾ ਫੂਲਾ ਸਿੰਘ ਜੀ ਦੇ ਜੀਵਨ ਤੇ ਉਨ੍ਹਾਂ ਦੀ ਸਿੱਖ ਇਤਿਹਾਸ ਲਈ ਲਾਸਾਨੀ ਯੋਗਦਾਨ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ ਗਿਆ। ਡਾ. ਪਰਮਜੀਤ ਸਿੰਘ ਸਰੋਆ, ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਹਰਿਆਣਾ) ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰਿਆਣਾ ਦੀ ਸ਼ੇਖੂਪੁਰਾ ਸੰਗੀਤ ਅਕੈਡਮੀ ਵੱਲੋਂ ਅਕਾਲੀ ਬਾਬਾ ਫੂਲਾ ਸਿੰਘ ਦੀ ਸ਼ਤਾਬਦੀ ਸਬੰਧੀ ਗੁਰਮਤਿ ਸਮਾਗਮ ਕਰਵਾਇਆ ਗਿਆ ਸੀ ਜਿਸ ਵਿਚ ਪ੍ਰਿੰਸੀਪਲ ਡਾ. ਗੁਰਵੀਰ ਸਿੰਘ ਨੇ ਉਚੇਚੇ ਤੌਰ 'ਤੇ ਹਾਜ਼ਰੀ ਭਰੀ। ਪ੍ਰਿੰਸੀਪਲ ਨੇ ਬਾਬਾ ਫੂਲਾ ਸਿੰਘ ਦੇ ਲਾਸਾਨੀ ਜੀਵਨ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਰਤਮਾਨ ਸਮੇਂ ਉਨ੍ਹਾਂ ਦੇ ਜੀਵਨ ਅਤੇ ਸਿੱਖ ਪੰਥ ਲਈ ਕੀਤੇ ਮਹਾਨ ਕਾਰਜਾਂ ਤੋਂ ਸੇਧ ਲੈ ਕੇ ਸਿਹਤਮੰਦ ਸਮਾਜ ਦੀ ਸਿਰਜਨਾ ਲਈ ਉਪਰਾਲੇ ਕਰਨੇ ਚਾਹੀਦੇ ਹਨ । ਇਸ ਸਮਾਗਮ ਵਿੱਚ ਹੋਰ ਮਹਾਨ ਸ਼ਖਸ਼ੀਅਤਾਂ ਨੇ ਵੀ ਭਾਰੀ ਗਿਣਤੀ ਵਿੱਚ ਹਾਜ਼ਰੀ ਭਰੀ।ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਤੇਜਿੰਦਰਪਾਲ ਸਿੰਘ ਲਾਡਵਾ ਨੇ ਸੰਗਤਾਂ ਨੂੰ ਜੀ ਆਇਆਂ ਆਖਿਆ ਅਤੇ ਭਵਿੱਖ ਵਿਚ ਵੀ ਹਰਿਆਣਾ ਵਿਖੇ ਅਜਿਹੇ ਪ੍ਰੋਗਰਾਮ ਕਰਵਾਏ ਜਾਣ ਦਾ ਭਰੋਸਾ ਦਿੱਤਾ ।ਆਖੀਰ ਵਿੱਚ ਜਥੇਦਾਰ ਸਤਪਾਲ ਸਿੰਘ ਤਲਵੰਡੀ ਨੇ ਪ੍ਰਿੰਸੀਪਲ ਵੱਲੋਂ ਅਜਿਹੇ ਸ਼ਲਾਘਾਯੋਗ ਉਪਰਾਲੇ ਲਈ ਵਧਾਈ ਦਿੱਤੀ ਅਤੇ ਨਾਲ ਹੀ ਦੱਸਿਆ ਕਿ ਇਸ ਨਾਲ ਸੰਸਥਾ ਦੇ ਮਾਣ ਵਿਚ ਵੀ ਵਾਧਾ ਹੋਇਆ ਹੈ।

# ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਅਜ਼ਾਦੀ ਦੇ ਪਰਵਾਨੇ ਨੂੰ ਸ਼ਰਧਾਂਜਲੀ



**ਅਜੀਤਵਾਲ (ਨਛੱਤਰ ਸੰਧੂ)**- ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਅਜ਼ਾਦੀ ਦੇ ਪ੍ਰਵਾਨੇ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਸ਼ਰਧਾਂਜਲੀ ਦਿੱਤੀ ਗਈ। ਅਧਿਆਪਕਾਂ ਵੱਲੋਂ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ 'ਚ ਭਾਸ਼ਣ ਦਿੱਤਾ ਗਿਆ। ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ , ਸ਼੍ਰੈਆ ਪਲਤਾ ਅਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਉਨ੍ਹਾਂ ਦੀ ਤਸਵੀਰ 'ਤੇ ਸ਼ਰਧਾ ਦੇ ਫੁੱਲ ਭੇਟ ਕਰਕੇ ਸ਼ਰਧਾਂਜਲੀ ਭੇਟ ਕੀਤੀ। ਬੱਚਿਆਂ ਨੂੰ ਅਧਿਆਪਕਾਂ ਵੱਲੋਂ ਸ਼ਹੀਦ ਭਗਤ ਸਿੰਘ ਬਾਰੇ ਦੱਸਿਆ ਗਿਆ। ਸ. ਭਗਤ ਸਿੰਘ ਅਗਾਂਹਵਧੂ ਸੋਚ ਦਾ ਨੌਜਵਾਨ ਸੀ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ ਕਿ ਹਰ ਵਿਦਿਆਰਥੀ ਨੂੰ ਸ. ਭਗਤ ਸਿੰਘ ਦੇ ਜੀਵਨ ਨੂੰ ਆਪਣੇ ਜੀਵਨ ਵਿੱਚ ਅਖਤਿਆਰ ਕਰਨਾ ਚਾਹੀਦਾ ਹੈ। ਇਸ ਮੌਕੇ ਸਮੂਹ ਸਟਾਫ ਹਾਜ਼ਰ ਸੀ।

## ਡਿੰਪੀ ਢਿੱਲੋਂ ਨੇ ਕਾਲਾ ਸੋਢੀ ਨਾਲ ਕੀਤਾ ਦੁੱਖ ਦਾ ਪ੍ਰਗਟਾਵਾ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**- ਨਿਰੋਲ ਸੇਵਾ ਸੰਸਥਾ ਧੂਲਕੋਟ ਦੇ ਪ੍ਰਧਾਨ ਡਾ. ਜਗਦੀਪ ਸਿੰਘ ਕਾਲਾ ਸੋਢੀ ਦੇ ਸਤਿਕਾਰਯੋਗ ਪਿਤਾ ਅਤੇ ਪਿੰਡ ਧੂਲਕੋਟ ਦੀ ਸਰਪੰਚ ਸੰਤੋਸ਼ ਕੌਰ ਸੋਢੀ ਦੇ ਪਤੀ ਰਤਨ ਸਿੰਘ ਸੋਢੀ ਬੀਤੇ ਦਿਨੀਂ ਅਚਾਨਕ ਸਦੀਵੀ ਵਿਛੋੜਾ ਦੇ ਗਏ। ਸਵ. ਰਤਨ ਸਿੰਘ ਸੋਢੀ ਦੀ ਬੇਵਕਤੀ ਮੌਤ 'ਤੇ ਡਾ.ਜਗਦੀਪ ਸਿੰਘ ਕਾਲਾ ਸੋਢੀ ਨਾਲ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਾਬਕਾ ਕੇਂਦਰੀ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ, ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਹਲਕਾ ਗਿੱਦੜਬਾਹਾ ਦੇ ਮੁੱਖ ਸੇਵਾਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਸਮੇਤ ਅਵਤਾਰ ਸਿੰਘ ਵਣਵਾਲਾ, ਸੁਖਦੇਵ ਸਿੰਘ ਪ੍ਰਧਾਨ ਗੁਰਦੁਆਰਾ ਸ੍ਰੀ ਗੁਪਤਸਰ ਸਾਹਿਬ, ਜਬਰਜੰਗ ਸਿੰਘ ਸਾਬਕਾ ਸਰਪੰਚ ਦੋਦਾ, ਜਲੰਧਰ ਸਿੰਘ, ਹਨੀ ਸਿੰਘ ਫੱਤਣਵਾਲਾ, ਮਨਜੀਤ ਸਿੰਘ ਫੱਤਣਵਾਲਾ, ਹਰਜੀਤ ਸਿੰਘ ਨੀਲਾ ਮਾਨ ਸਾਬਕਾ ਸਰਪੰਚ ਚੱਕ ਗਿਲਜੇਵਾਲਾ, ਜਗਸੀਰ ਸਿੰਘ ਸਾਬਕਾ ਸਰਪੰਚ ਸੋਥਾ, ਗੁਰਚਰਨ ਸਿੰਘ ਸਾਬਕਾ ਸਰਪੰਚ ਭਲਾਈਆਣਾ, ਗੁਰਪਿਆਰ ਸਿੰਘ ਮੱਲਣ, ਦਲਜੀਤ ਕਾਉਣੀ, ਗੁਰਮੀਤ ਕਾਉਣੀ, ਬਲਦੇਵ ਕਾਉਣੀ, ਚਰਨਜੀਤ ਸਿੰਘ ਕੋਠੇ ਦਸ਼ਮੇਸ਼ ਨਗਰ, ਲਾਭ ਸਿੰਘ ਸਰਪੰਚ, ਬਲਦੇਵ ਸਿੰਘ ਪ੍ਰਧਾਨ, ਗੁਲਵੰਤ ਸਿੰਘ ਕਾਉਣੀ, ਰੇਸ਼ਮ ਮੈਂਬਰ ਕਾਉਣੀ, ਚੰਦ ਸਿੰਘ ਤੋਂ ਇਲਾਵਾ ਇਲਾਕੇ ਦੀਆਂ ਸਮੂਹ ਸਮਾਜਕ ਤੇ ਧਾਰਮਕ ਸੰਸਥਾਵਾਂ, ਰਾਜਨੀਤਿਕ ਪਾਰਟੀਆਂ ਦੇ ਆਗੂਆਂ ਨੇ ਸੋਢੀ ਪਰਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸਵ. ਰਤਨ ਸਿੰਘ ਸੋਢੀ ਨਮਿੱਤ ਰੱਖੇ ਗਏ ਸਹਿਜ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ 2 ਅਪ੍ਰੈਲ ਦਿਨ ਐਤਵਾਰ ਨੂੰ ਗੁਰਦੁਆਰਾ ਸ੍ਰੀ ਗੁਪਤਸਰ ਸਾਹਿਬ ਪਿੰਡ ਛੱਤਿਆਣਾ ਵਿਖੇ ਹੋਵੇਗੀ।

# ਨਗਰ ਨਿਗਮ ਦਾ 76.35 ਕਰੋੜ ਦਾ ਸਾਲਾਨਾ ਬਜਟ ਸਰਬਸੰਮਤੀ ਨਾਲ ਪਾਸ




**ਮੋਗਾ (ਅਮਰਜੀਤ ਬੱਬਰੀ)**- ਸੜਕਾਂ, ਸੀਵਰੇਜ ਦੀਆਂ ਸਮੱਸਿਆਵਾਂ ਨੂੰ ਲੈ ਕੇ ਹੋਏ ਹੰਗਾਮੇ ਦਰਮਿਆਨ ਮੰਗਲਵਾਰ ਨੂੰ ਨਗਰ ਨਿਗਮ ਹਾਊਸ ਦੀ ਮੀਟਿੰਗ ਦੌਰਾਨ 76 ਕਰੋੜ 35 ਲੱਖ ਰੁਪਏ ਦੇ ਬਜਟ ਨੂੰ ਸਰਬਸੰਮਤੀ ਨਾਲ ਮਨਜ਼ੂਰੀ ਦਿੱਤੀ ਗਈ। ਸਭ ਤੋਂ ਅਮੀਰ ਨਗਰ ਨਿਗਮਾਂ ਵਿੱਚੋਂ ਇੱਕ ਮੋਗਾ ਦੇ ਬਜਟ ਵਿੱਚ ਇਸ ਵਾਰ ਵੀ ਸ਼ਹਿਰ ਨੂੰ ਕੋਈ ਨਵੀਂ ਯੋਜਨਾ ਨਹੀਂ ਮਿਲੀ, ਹਾਲਾਂਕਿ ਇਸ ਸਾਲ ਵਸੂਲੀ ਵਿੱਚ ਨਿਗਮ ਨੇ ਹੁਣ ਤੱਕ ਦਾ ਰਿਕਾਰਡ ਤੋੜ ਦਿੱਤਾ ਹੈ। ਨਿਗਮ ਦੇ ਇਤਿਹਾਸ ਵਿੱਚ ਪਹਿਲੀ ਵਾਰ ਪ੍ਰਾਪਰਟੀ ਟੈਕਸ ਵਿੱਚ ਟੀਚੇ ਦੇ ਮੁਕਾਬਲੇ ਨਿਗਮ ਨੇ ਇੱਕ ਕਰੋੜ ਤੋਂ ਵੱਧ ਦੀ ਵਸੂਲੀ ਕੀਤੀ ਹੈ। 25 ਹਜ਼ਾਰ ਨਜਾਇਜ਼ ਪਾਣੀ ਦੇ ਕੁਨੈਕਸ਼ਨ ਰੈਗੂਲਰ ਕੀਤੇ । ਨਿਗਮ ਸੀਵਰੇਜ ਤੇ ਵਾਟਰ ਟੈਕਸ ਵਸੂਲੀ ਵਿੱਚ ਵੀ ਟੀਚੇ ਦੇ ਨੇੜੇ ਪਹੁੰਚ ਗਿਆ ਹੈ। ਵਸੂਲੀ ਦਾ ਟੀਚਾ 2.90 ਕਰੋੜ ਰੁਪਏ ਸੀ, ਜਦੋਂ ਕਿ ਨਿਗਮ ਨੇ 2 ਕਰੋੜ 56 ਲੱਖ ਰੁਪਏ ਵਸੂਲੇ। ਖਸਤਾਹਾਲ ਸੜਕਾਂ 'ਤੇ ਤਿੱਖਾ ਰਵੱਈਆ ਦਿਖਾਉਂਦੇ ਹੋਏ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਬਾਅਦ ਵਿੱਚ ਜਦੋਂ ਸ਼ਹਿਰ ਦੀਆਂ ਸੜਕਾਂ ਦਾ ਮੁੱਦਾ ਉਠਾਇਆ ਗਿਆ ਤਾਂ ਇਸ ਸਥਿਤੀ ਤੋਂ ਵਧੇਰੇ ਕੌਂਸਲਰ ਸੜਕਾਂ ਦੇ ਮੁੱਦੇ 'ਤੇ ਮੁੜ ਹੰਗਾਮਾ ਸ਼ੁਰੂ ਹੋ ਗਿਆ। ਜਦੋਂ ਕੌਂਸਲਰ ਆਪਣੇ ਇਲਾਕੇ ਦੀਆਂ ਸੜਕਾਂ ਨੂੰ ਲੈ ਕੇ ਸਦਨ 'ਚ ਰੌਲਾ ਪਾ ਰਹੇ ਸਨ ਤਾਂ ਵਿਧਾਇਕ ਡਾ. ਅਮਨਦੀਪ ਕੌਰ ਨੇ ਅਧਿਕਾਰੀਆਂ ਨੂੰ ਪੁੱਛਿਆ ਕਿ ਕੀ ਉਹ ਕੌਂਸਲਰ ਸਮੱਸਿਆ ਆਉਣ ਦਾ ਇੰਤਜ਼ਾਰ ਕਰਦੇ ਰਹਿੰਦੇ ਹਨ, ਕੀ ਇਹ ਉਨ੍ਹਾਂ ਦਾ ਆਪਣਾ ਫਰਜ਼ ਨਹੀਂ ਹੈ ਕਿ ਸ਼ਹਿਰ 'ਚ ਜਾ ਕੇ ਸੜਕਾਂ ਦੀ ਹਾਲਤ ਵੇਖਣ, ਪੂਰੇ ਸ਼ਹਿਰ 'ਚ ਸੜਕਾਂ ਦਾ ਬੁਰਾ ਹਾਲ ਹੈ। ਕੌਂਸਲਰ ਕਿਸੇ ਵੀ ਪਾਰਟੀ ਦਾ ਹੋ ਸਕਦਾ ਹੈ, ਉਹ ਸਮੱਸਿਆਵਾਂ ਦੱਸਦੇ ਹਨ, ਇਹ ਅਫਸਰਾਂ ਦਾ ਖੁਦ ਫਰਜ਼ ਹੈ ਕਿ ਜਿੱਥੇ ਸੜਕਾਂ ਦਾ ਬੁਰਾ ਹਾਲ ਹੈ, ਉਨ੍ਹਾਂ ਨੂੰ ਠੀਕ ਕਰਵਾਇਆ ਜਾਵੇ। ਉਨ੍ਹਾ ਕਿਹਾ ਕਿ ਕੀ 75 ਕਰੋੜ ਦੇ ਬਜਟ ਵਾਲੀ ਨਗਰ ਨਿਗਮ ਪੈਚਵਰਕ ਵੀ ਨਹੀਂ ਕਰਵਾ ਸਕਦੀ ? ਇਹ ਹੈ ਬਜਟ ਦੀ ਵੱਡੀ ਪ੍ਰਾਪਤੀ। ਇਸ ਸਾਲ ਟਰੇਡ ਲਾਇਸੈਂਸ ਤੋਂ 25 ਲੱਖ ਦੀ ਵਸੂਲੀ ਦਾ ਟੀਚਾ ਸੀ, ਨਿਗਮ ਨੇ 20 ਲੱਖ ਦੀ ਵਸੂਲੀ ਕੀਤੀ। ਪ੍ਰਾਪਟੀ ਟੈਕਸ ਤੋਂ 3.80 ਕਰੋੜ ਰੁਪਏ ਦੀ ਵਸੂਲੀ ਦਾ ਟੀਚਾ ਮਿੱਥਿਆ ਗਿਆ ਸੀ, ਪਰ ਪਹਿਲੀ ਵਾਰ ਨਿਗਮ ਟੀਚੇ ਤੋਂ ਕਰੀਬ ਇਕ ਕਰੋੜ ਵੱਧ 4.79 ਕਰੋੜ ਰੁਪਏ ਦੀ ਵਸੂਲੀ ਕਰਨ ਵਿਚ ਕਾਮਯਾਬ ਰਿਹਾ। ਸੀਵਰੇਜ ਅਤੇ ਵਾਟਰ ਟੈਕਸ ਤੋਂ 2.90 ਕਰੋੜ ਰੁਪਏ ਦੀ ਵਸੂਲੀ ਦਾ ਟੀਚਾ ਸੀ, ਜਿਸ ਦੇ ਮੁਕਾਬਲੇ 2 ਕਰੋੜ 56 ਲੱਖ ਰੁਪਏ ਵਸੂਲੇ ਗਏ। ਮੇਅਰ ਨੀਤਿਕਾ ਭੱਲਾ ਨੇ ਦੱਸਿਆ ਕਿ ਇਸ ਸਾਲ 25000 ਨਜਾਇਜ਼ ਪਾਣੀ ਦੇ ਕੁਨੈਕਸ਼ਨ ਨਿਯਮਤ ਕੀਤੇ ਗਏ ਹਨ। ਫਾਇਰ ਐਨ ਓ ਸੀ ਤੋਂ ਇਸ ਵਾਰ 53 ਲੱਖ ਰੁਪਏ ਦੀ ਰਿਕਾਰਡ ਰਾਸ਼ੀ ਬਰਾਮਦ ਹੋਈ ਹੈ। ਮੇਅਰ ਨੇ ਰਿਕਾਰਡ ਰਿਕਵਰੀ ਦਾ ਸਿਹਰਾ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਸਮੇਤ ਨਿਗਮ ਕਮਿਸ਼ਨਰ ਨੂੰ ਦਿੱਤਾ।

# ਵਿਧਾਇਕ ਦੇਵ ਮਾਨ ਨੇ ਮੁੱਖ ਮੰਤਰੀ ਮਾਨ ਨਾਲ ਵਿਕਾਸ ਕਾਰਜਾਂ ਨੂੰ ਲੈ ਕੇ ਕੀਤਾ ਵਿਚਾਰ ਵਟਾਂਦਰਾ

**ਨਾਭਾ (ਵਰਿੰਦਰ ਵਰਮਾ)**- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਜਿੱਥੇ ਸੂਬੇ 'ਚ ਸਰਕਾਰੀ ਸਮਾਰੋਹਾਂ ਅਤੇ ਬੈਠਕਾਂ 'ਚ ਭਾਗ ਲੈਣ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ, ਉਥੇ ਹੀ ਉਨ੍ਹਾਂ ਆਮ ਆਦਮੀ ਪਾਰਟੀ ਦੇ ਚੁਣੇ ਹੋਏ ਵਿਧਾਇਕਾਂ ਨਾਲ ਮਿਲਣ ਦਾ ਕੰਮ ਚੰਡੀਗੜ੍ਹ 'ਚ ਸ਼ੁਰੂ ਕਰ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਪਿਛਲੇ ਦਿਨਾਂ 'ਚ ਲਗਾਤਾਰ 'ਆਪ' ਵਿਧਾਇਕਾਂ ਨਾਲ ਬੈਠਕਾਂ ਕੀਤੀਆਂ ਹਨ ਤੇ ਇਨ੍ਹਾਂ ਬੈਠਕਾਂ 'ਚ 'ਆਪ' ਵਿਧਾਇਕਾਂ ਵੱਲੋਂ ਮੁੱਖ ਮੰਤਰੀ ਨੂੰ ਆਪਣੇ-ਆਪਣੇ ਵਿਧਾਨ ਸਭਾ ਹਲਕੇ 'ਚ ਚੱਲ ਰਹੇ ਕੰਮਾਂ ਦੀ ਜਾਣਕਾਰੀ ਦਿੱਤੀ ਗਈ। ਅੱਜ ਹਲਕਾ ਵਿਧਾਨ ਸਭਾ ਨਾਭਾ ਤੋਂ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਮੁੱਖ ਮੰਤਰੀ ਮਾਨ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਉਨ੍ਹਾ ਹਲਕੇ ਵਿੱਚ ਸ਼ੁਰੂ ਕੀਤੇ ਗਏ ਵਿਕਾਸ ਕਾਰਜਾਂ ਅਤੇ ਹੋਣ ਵਾਲੇ ਨਵੇਂ ਕੰਮਾਂ ਬਾਰੇ ਵੀ ਉਨ੍ਹਾ ਨੂੰ ਵਿਸਥਾਰ ਨਾਲ ਜਾਣਕਾਰੀ ਦਿੱਤੀ। ਦੇਵ ਮਾਨ ਨੇ ਹਲਕੇ ਵਿੱਚ ਨਵੇਂ ਕਾਲਜ ਖੋਲ੍ਹਣ ਲਈ, ਪਿਛਲੇ ਦਿਨੀਂ ਕੁਦਰਤੀ ਕਹਿਰ ਨਾਲ ਕਿਸਾਨਾਂ ਦਾ ਹੋਇਆ ਨੁਕਸਾਨ ਦੀ ਰਾਸ਼ੀ ਜਾਰੀ ਕਰਨ ਲਈ, ਨਵੀਂ ਇੰਡਸਟਰੀ ਲਗਾਉਣ ਲਈ, ਨੌਜਵਾਨ ਪੀੜ੍ਹੀ ਲਈ ਨੌਕਰੀਆਂ, ਸੀਵਰੇਜ ਦੀ ਸਮੱਸਿਆ, ਗਰਾਂਟਾਂ ਜਾਰੀ ਕਰਨ ਲਈ ਅਤੇ ਹੋਰ ਹਲਕੇ ਦੇ ਹੋਣ ਵਾਲੇ ਵਿਕਾਸ ਕਾਰਜਾਂ ਬਾਰੇ ਜਾਣੂ ਕਰਵਾਇਆ। ਹਲਕੇ ਦੇ ਫੀਡਬੈਕ ਲੈਣ ਉਪਰੰਤ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੂੰ ਵਿਸ਼ਵਾਸ ਦਿਵਾਇਆ ਕਿ ਹਲਕੇ ਦੇ ਰਹਿੰਦੇ ਕੰਮਾਂ ਨੂੰ ਬਹੁਤ ਜਲਦੀ ਪੂਰਾ ਕੀਤਾ ਜਾਵੇਗਾ। ਚੋਣਾਂ ਦੌਰਾਨ ਪੰਜਾਬ ਦੀ ਜਨਤਾ ਨੂੰ ਦਿੱਤੀਆਂ ਗਰੰਟੀਆਂ ਨੂੰ ਇੱਕ-ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਵਿਧਾਇਕਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਜ਼ਮੀਨੀ ਪੱਧਰ 'ਤੇ ਲੋਕਾਂ ਦੀ ਰਾਏ ਅਤੇ ਵਿਧਾਨ ਸਭਾ ਹਲਕਿਆਂ ਦੇ ਬਾਰੇ 'ਚ ਫੀਡਬੈਕ ਮਿਲਦੀ ਰਹੇਗੀ। ਇਸ ਲਈ ਉਹ ਲਗਾਤਾਰ ਇਨ੍ਹਾਂ ਬੈਠਕਾਂ ਨੂੰ ਅੱਗੇ ਵੀ ਜਾਰੀ ਰੱਖਣ ਦੇ ਪੱਖ 'ਚ ਹਨ।

## ਸਮਾਜ ਦੀ ਦਸ਼ਾ ਵਿੱਚ ਸੁਧਾਰ ਕਰਨ ਲਈ ਧਾਰਮਿਕ ਸਮਾਗਮ ਜ਼ਰੂਰੀ : ਸਵਾਮੀ ਰਾਮ ਤੀਰਥ

**ਭੀਖੀ, (ਧਰਮਵੀਰ ਸ਼ਰਮਾ)**- ਸਥਾਨਕ ਹਨੂਮਾਨ ਵਿਖੇ ਸ੍ਰੀ ਸਨਾਤਨ ਧਰਮ ਭਾਰਤੀਆ ਮਹਾਂਵੀਰ ਦਲ ਵੱਲੋਂ ਸ੍ਰੀ ਰਾਮ ਨੌਮੀ ਉਤਸਵ ਮੌਕੇ ਕਰਵਾਈ ਸ੍ਰੀ ਰਾਮ ਜਨਮ ਕਥਾ ਦੌਰਾਨ ਪ੍ਰਵਚਨ ਕਰਦਿਆਂ ਸਵਾਮੀ ਰਾਮ ਤੀਰਥ ਹਰਿਦੁਆਰ ਵਾਲਿਆਂ ਨੇ ਕਿਹਾ ਕਿ ਆਪਣੀ ਸੱਭਿਅਤਾ ਤੋਂ ਮਨਮੁੱਖ ਹੋਣ ਕਾਰਨ ਅੱਜ ਕੱਲ੍ਹ ਘਰਾਂ ਅੰਦਰ ਲੜਾਈ ਕਲੇਸ਼ ਵਧਦਾ ਜਾ ਰਿਹਾ ਹੈ ਅਤੇ ਘਰਾਂ ਵਿੱਚ ਧਾਰਮਿਕ ਪ੍ਰੋਗਰਾਮ ਕਰਵਾਉਣ ਤੋਂ ਅਸੀਂ ਬੇਮੁੱਖ ਹੁੰਦੇ ਜਾ ਰਹੇ ਹਾਂ। ਉਨ੍ਹਾ ਕਿਹਾ ਕਿ ਪੱਛਮੀ ਸੱਭਿਅਤਾ ਦੇਖ ਕੇ ਸਾਡੀ ਨੌਜਵਾਨ ਪੀੜ੍ਹੀ ਵੀ ਧਾਰਮਿਕ ਪ੍ਰੋਗਰਾਮਾਂ ਤੋਂ ਦੂਰ ਹੋ ਕੇ ਪੱਛਮੀ ਸੱਭਿਅਤਾ ਵੱਲ ਵਧਦੀ ਜਾ ਰਹੀ ਹੈ ਜੋ ਕਿ ਮਾੜਾ ਰੁਝਾਨ ਹੈ। ਉਨ੍ਹਾ ਕਿਹਾ ਕਿ ਪਰਵਾਰ ਦੀ ਸੁੱਖ ਸ਼ਾਂਤੀ ਲਈ ਸਾਨੂੰ ਪ੍ਰਮਾਤਮਾ ਦੀ ਬੰਦਗੀ ਜ਼ਰੂਰ ਕਰਨੀ ਚਾਹੀਦੀ ਹੈ। ਇਸ ਮੌਕੇ ਉਨ੍ਹਾਂ ਭੇਟਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਧਾਨ ਹਰਬੰਸ ਬਾਂਸਲ ਵੱਲੋਂ ਸਮਾਗਮ ਦੇ ਸਮੂਹ ਸਹਿਯੋਗੀਆਂ ਦਾ ਅਤੇ ਸ਼ਰਧਾਲੂਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸਹਿਯੋਗੀ ਸੱਜਣਾਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਸਮੂਹ ਕਮੇਟੀ ਮੈਂਬਰ, ਮਹਿਲਾ ਦਲ, ਬਾਲ ਦਲ ਹਾਜ਼ਰ ਸਨ।

# ਭਾਸ਼ਾ ਵਿਭਾਗ ਵੱਲੋਂ ਵਿਸ਼ਵ ਰੰਗਮੰਚ ਦਿਵਸ ਨੂੰ ਸਮਰਪਤ ਨਾਟਕ ਮੇਲਾ

**ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ)**—ਪੰਜਾਬ ਸਰਕਾਰ, ਪ੍ਰਮੁੱਖ ਸਕੱਤਰ ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ ਪੰਜਾਬ ਦੀ ਰਹਿਨੁਮਾਈ ਅਤੇ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਹੇਠ ਭਾਸ਼ਾ ਵਿਭਾਗ, ਕਪੂਰਥਲਾ ਵੱਲੋਂ ਵਿਸ਼ਵ ਰੰਗਮੰਚ ਦਿਵਸ ਨੂੰ ਸਮਰਪਿਤ ਨਾਟਕ-ਇਨਕਲਾਬ ਜ਼ਿੰਦਾਬਾਦ ਗੁਰੂ ਨਾਨਕ ਕਾਲਜ ਆਫ਼ ਐਜੂਕੇਸ਼ਨ ਫ਼ਾਰ ਵਿਮਿਨ ਕਪੂਰਥਲਾ ਦੇ ਸਹਿਯੋਗ ਨਾਲ ਕਾਲਜ ਵਿਖੇ ਕਰਵਾਇਆ ਗਿਆ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸਾਗਰ ਸੇਤੀਆ ਆਈ.ਏ.ਐੱਸ. ਵਧੀਕ ਡਿਪਟੀ ਕਮਿਸ਼ਨਰ ਕਪੂਰਥਲਾ ਅਤੇ ਵਿਸ਼ੇਸ਼ ਮਹਿਮਾਨ ਅਨਿਲ ਬੋਪਾਰਾਏ, ਉਪ ਜ਼ਿਲ੍ਹਾ ਅਟਾਰਨੀ ਕਪੂਰਥਲਾ ਅਤੇ ਇੰਦਰਜੀਤ ਰੂਪੋਵਾਲੀ ਮੁੱਖ ਸਕੱਤਰ ਇਪਟਾ ਪੰਜਾਬ ਵਲੋਂ ਸ਼ਮੂਲੀਅਤ ਕੀਤੀ ਗਈ। ਇਸ ਸਮਾਗਮ ਦੀ ਪ੍ਰਧਾਨਗੀ ਕਾਲਜ ਦੀ ਪ੍ਰਿੰਸੀਪਲ ਮਨਜੀਤ ਕੌਰ ਵੱਲੋਂ ਕੀਤੀ ਗਈ। ਰੰਗਮੰਚ ਬਾਰੇ ਵਿਸਥਾਰ ਸਹਿਤ ਜਾਣਕਾਰੀ ਦੇਣ ਸੰਬੰਧੀ ਡਾ. ਹਰਭਜਨ ਸਿੰਘ ਵੱਲੋਂ ਮੁੱਖ ਵਕਤਾ ਵਜੋਂ ਭੂਮਿਕਾ ਨਿਭਾਈ ਗਈ। ਇਸ ਸਮਾਗਮ ਦਾ ਮੰਚ ਸੰਚਾਲਨ ਐਡਵੋਕੇਟ ਜਸਪਾਲ ਸਿੰਘ ਗਿੱਲ ਵੱਲੋਂ ਬਾਖ਼ੂਬੀ ਢੰਗ ਨਾਲ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਵਿਭਾਗੀ ਧੁੰਨ ਨਾਲ ਕੀਤੀ ਗਈ। ਸਮਾਗਮ ਦੀ ਸ਼ੁਰੂਆਤ ਵਿੱਚ ਜ਼ਿਲ੍ਹਾ ਭਾਸ਼ਾ ਅਫ਼ਸਰ ਕਪੂਰਥਲਾ ਜਸਪ੍ਰੀਤ ਕੌਰ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆ ਜੀ ਆਇਆ ਆਖਿਆ ਤੇ ਵਿਸ਼ਵ ਰੰਗਮੰਚ ਦਿਵਸ ਬਾਰੇ ਆਏ ਹੋਏ ਸਰੋਤਿਆਂ ਨੂੰ ਜਾਣੂ ਕਰਵਾਇਆ। ਇਸ ਉਪਰੰਤ ਕਲਾ ਸਹਿਤ ਨਾਲ ਜੁੜੇ ਕਰਮੀਆਂ ਵੱਲੋਂ ਵੱਖ-ਵੱਖ ਗੀਤਾਂ ਦੀ ਪੇਸ਼ਕਾਰੀ ਅਤੇ ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਨਾਰੀ ਸ਼ਕਤੀਕਰਣ ਤੇ ਨਾਰੀ ਦੇ ਵੱਖ-ਵੱਖ ਰੂਪਾਂ ਤੇ ਕੋਰੀਓਗ੍ਰਾਫ਼ੀ ਵੀ ਕੀਤੀ ਗਈ। ਇਸ ਉਪਰੰਤ ਰੰਗਮੰਚ ਨਾਲ ਸੰਬੰਧਤ ਨਾਟਕ ਇਨਕਲਾਬ ਜ਼ਿੰਦਾਬਾਦ ਪ੍ਰਿਤਪਾਲ ਸਿੰਘ (ਗੋਲਡ ਮੈਡਲਿਸਟ) ਐਂਡ ਟੀਮ ਦੁਆਰਾ ਪੇਸ਼ ਕੀਤਾ ਗਿਆ। ਇਸ ਨਾਟਕ ਵਿੱਚ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਵੱਲੋਂ ਦੇਸ਼ ਦੀ ਆਜ਼ਾਦੀ ਨਾਲ ਸੰਬੰਧਤ ਬਹੁਤ ਸਾਰੇ ਪਹਿਲੂਆਂ 'ਤੇ ਚਾਨਣ ਪਾਇਆ ਗਿਆ। ਵਧੀਕ ਡਿਪਟੀ ਕਮਿਸ਼ਨਰ ਕਪੂਰਥਲਾ ਵੱਲੋਂ ਕਾਲਜ ਦੀਆਂ ਵਿਦਿਆਰਥਣਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਵੱਧ ਤੋਂ ਵੱਧ ਪੜ੍ਹਾਈ ਕਰਕੇ ਆਪਣੀਆਂ ਸੇਵਾਵਾਂ ਸਰਕਾਰ ਨੂੰ ਦਿੱਤੀਆਂ ਜਾਣ ਤੇ ਉਨ੍ਹਾਂ ਵਲੋਂ ਇਹ ਵੀ ਕਿਹਾ ਗਿਆ ਕਿ ਕਿਸੇ ਵਿਦਿਆਰਥੀ/ਵਿਦਿਆਰਥਣ ਨੂੰ ਐਜੂਕੇਸ਼ਨ ਸੰਬੰਧੀ ਕਿਸੇ ਤਰ੍ਹਾਂ ਦੀ ਜਾਣਕਾਰੀ ਲੈਣੀ ਹੋਵੇ ਤਾਂ ਉਹ ਨਿੱਜੀ ਤੌਰ ਵੀ ਸਹਾਇਤਾ ਲੈ ਸਕਦੇ ਹਨ। ਮੁੱਖ ਵਕਤਾ ਵਜੋਂ ਡਾ. ਹਰਭਜਨ ਸਿੰਘ ਨੇ ਵਿਸ਼ਵ ਰੰਗਮੰਚ ਨਾਲ ਸੰਬੰਧਤ ਵਿਸਥਾਰ ਸਹਿਤ ਜਾਣਕਾਰੀ ਦਿੰਦਿਆਂ ਕਿਹਾ ਕਿ ਕਿਸੇ ਕਹਾਣੀ ਜਾਂ ਨਾਟਕ ਨੂੰ ਪੜ੍ਹਨ ਨਾਲੋਂ ਪ੍ਰੈਕਟੀਕਲੀ ਵੇਖਣ ਨਾਲ ਜ਼ਿਆਦਾ ਚੰਗੀ ਤਰ੍ਹਾਂ ਸਮਝ ਪੈਂਦਾ ਹੈ। ਇਸ ਤੋਂ ਇਲਾਵਾਂ ਉਨ੍ਹਾਂ ਵੱਲੋਂ ਸਰੋਤਿਆ ਨੂੰ ਇਪਟਾ ਸੰਸਥਾ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇੰਦਰਜੀਤ ਰੂਪੋਵਾਲੀ ਮੁੱਖ ਸਕੱਤਰ ਇਪਟਾ ਪੰਜਾਬ ਵੱਲੋਂ ਸੰਬੋਧਨ ਕਰਦਿਆਂ ਕਿਹਾ ਕਿ ਰੰਗਮੰਚ ਇੱਕ ਅਜਿਹੀ ਤਾਕਤ ਹੈ ਜਿਸ ਨੂੰ ਵੇਖਣ ਨਾਲ ਇਨਸਾਨ ਕੁਝ ਸਮੇਂ ਲਈ ਆਪਣੇ ਦੁੱਖਾਂ ਨੂੰ ਭੁੱਲ ਜਾਂਦਾ ਹੈ ਅਤੇ ਜਿੰਦਗੀ ਨੂੰ ਵੇਖਣ ਦਾ ਇੱਕ ਨਵਾਂ ਨਜ਼ਰੀਆਂ ਮਿਲ ਜਾਂਦਾ ਹੈ ਤੇ ਕਿਹਾ ਕਿ ਬਿਨਾਂ ਰੰਗਮੰਚ ਦੇ ਜਿੰਦਗੀ ਅਧੂਰੀ ਹੈ। ਇਸ ਉਪਰੰਤ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਪਸਨ ਲਲਿਤ ਸਕਲਾਨੀ (ਆਪ) ਨੇ ਕਿਹਾ ਕਿ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਕਿਤਾਬਾਂ ਨਾਲ ਬਹੁਤ ਪਿਆਰ ਕਰਦੇ ਸਨ ਤੇ ਉਨ੍ਹਾਂ ਦਾ ਕਿਤਾਬਾਂ ਪੜ੍ਹਨ ਦਾ ਸੁਨੇਹਾ ਹਰ ਘਰ ਵਿੱਚ ਜਾਵੇਗਾ। ਉਨ੍ਹਾਂ ਵੱਲੋਂ ਕਿਹਾ ਕਿ ਹਰ ਮੁਹੱਲੇ ਪੁਸਤਕ ਲਾਇਬ੍ਰੇਰੀ ਬਣਾਉਣ ਲਈ ਸਰਕਾਰ ਨੂੰ ਤਜਵੀਜ਼ ਭੇਜੀ ਜਾਵੇਗੀ। ਇਸ ਸਮਾਗਮ ਦੇ ਪ੍ਰਬੰਧਾਂ ਸੰਬੰਧੀ ਬਲਵੀਰ ਸਿੰਘ ਸਿੱਧੂ ਭਾਸ਼ਾ ਵਿਭਾਗ ਵੱਲੋਂ ਵਿਸ਼ੇਸ਼ ਤੌਰ 'ਤੇ ਸਹਿਯੋਗ ਦਿੱਤਾ ਗਿਆ। ਕਾਲਜ ਦੀ ਪ੍ਰਿੰਸੀਪਲ ਮਨਜੀਤ ਕੌਰ ਵੱਲੋਂ ਆਈਆਂ ਹੋਈਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਸਾਡੇ ਲਈ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਵਿਸ਼ਵ ਰੰਗਮੰਚ ਦਿਵਸ ਸਾਡੇ ਕਾਲਜ ਦੇ ਵਿਹੜੇ ਮਨਾਇਆ ਗਿਆ ਜੋ ਕਿ ਸਾਡੇ ਕਾਲਜ ਦੀਆਂ ਵਿਦਿਆਰਥਣਾਂ ਲਈ ਪ੍ਰੇਰਨਾਦਾਇਕ ਹੈ। ਸਮਾਗਮ ਦੇ ਆਖ਼ੀਰ ਵਿੱਚ ਆਈਆਂ ਹੋਈਆਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ।

# ਗੁਰਪ੍ਰੀਤ ਸਿੰਘ ਗੰਡੀਵਿੰਡ ਨੂੰ ਸਦਮਾ, ਪਿਤਾ ਦਾ ਦਿਹਾਂਤ



**ਸ਼ਾਹਕੋਟ (ਗਿਆਨ ਸੈਦਪੁਰੀ)** ਪੀ. ਐਸ. ਈ. ਬੀ. ਇੰਪਲਾਈਜ ਫੈਡਰੇਸ਼ਨ ਪੰਜਾਬ (ਏਟਕ) ਦੇ ਪ੍ਰਧਾਨ ਸਾਥੀ ਗੁਰਪ੍ਰੀਤ ਸਿੰਘ ਗੰਡੀਵਿੰਡ ਨੂੰ ਉਸ ਵੇਲੇ ਗਹਿਰਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਪਿਤਾ ਪਿਆਰਾ ਸਿੰਘ ਸਾਬਕਾ ਸਰਪੰਚ ਗੰਡੀਵਿੰਡ ਧੱਤਲ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਉਨ੍ਹਾਂ ਦੀ ਅੰਤਿਮ ਯਾਤਰਾ ਵਿੱਚ ਵੱਖ ਵੱਖ ਜਥੇਬੰਦੀਆਂ ਦੇ ਆਗੂ ਅਤੇ ਵਰਕਰ ਸ਼ਾਮਲ ਹੋਏ। ਇਨ੍ਹਾਂ ਵਿੱਚ ਪੈਨਸ਼ਨਰਜ ਯੂਨੀਅਨ ਪੰਜਾਬ ਦੇ ਜਨਰਲ ਸਕੱਤਰ ਸਾਥੀ ਅਮਰੀਕ ਸਿੰਘ ਮਸੀਤਾਂ, ਮੀਤ ਪ੍ਰਧਾਨ ਤਾਰਾ ਸਿੰਘ ਖਹਿਰਾ, ਪੂਰਨ ਸਿੰਘ ਮਾੜੀਮੇਘਾ, ਨਰਿੰਦਰ ਸਿੰਘ ਬੇਦੀ, ਬਲਕਾਰ ਸਿੰਘ ਵਲਟੋਹਾ, ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਕਨਵੀਨਰ ਕੰਵਲਪ੍ਰੀਤ ਸਿੰਘ ਪੰਨੂੰ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀ ਮੇਘਾ, ਸਰਬਿੰਦਰ ਸਿੰਘ ਭਰੋਵਾਲ, ਪੂਰਨ ਦਾਸ, ਕੁਲਵਿੰਦਰ ਸਿੰਘ, ਲਖਵਿੰਦਰ ਸਿੰਘ, ਸੁਖਰਾਜ ਸਿੰਘ, ਨਗਿੰਦਰ ਸਿੰਘ, ਸੁਖਦੇਵ ਸਿੰਘ, ਮੇਲਾ ਸਿੰਘ ਫਿਰੋਜ਼ਪੁਰ, ਮੋਹਨ ਸਿੰਘ ਗਿੱਲ, ਪੈਨਸ਼ਨਰਜ ਯੂਨੀਅਨ ਮੁਹਾਲੀ ਸਰਕਲ ਦੇ ਕਨਵੀਨਰ ਬ੍ਰਿਜ ਮੋਹਨ ਸ਼ਰਮਾ, ਨਵਾਂਸ਼ਹਿਰ ਸਰਕਲ ਦੇ ਪ੍ਰਧਾਨ ਹਸਮਤ, ਸਾਥੀ ਸੁਖਦੇਵ ਸਿੰਘ ਕੈਸ਼ੀਅਰ, ਸੂਬਾਈ ਆਗੂ ਬੀਬਾ ਬਲਜਿੰਦਰ ਕੌਰ, ਕਰਤਾਰ ਸਿੰਘ ਮੀਤ ਪ੍ਰਧਾਨ, ਪ੍ਰਦੁੱਮਣ ਗੌਤਮ, ਸਾਥੀ ਦਰਸ਼ਨ ਲਾਲ, ਰਛਪਾਲ ਸਿੰਘ ਪਾਲੀ, ਗੁਰਮੀਤ ਸਿੰਘ ਧਾਲੀਵਾਲ, ਸਰਪੰਚ ਅਮਰਜੀਤ ਸਿੰਘ , ਮਾਰਕੀਟ ਕਮੇਟੀ ਤਰਨ ਤਾਰਨ ਦੇ ਸਾਬਕਾ ਚੇਅਰਮੈਨ ਅਤੇ ਕਾਂਗਰਸ ਪਾਰਟੀ ਦੇ ਆਗੂ ਸੁਬੇਗ ਸਿੰਘ ਧੁੰਨ , ਨਵਰੀਤ ਸਿੰਘ ਸਰਪੰਚ ਜਲੇਵਾਲ , ਟਰਾਂਸਪੋਟਰ ਕਾਬਲ ਸਿੰਘ ਖੱਬੇ , ਡਾਕਟਰ ਜਗਨਨਾਥ ਸਰਮਾਂ ਨੱਥੂਪੁਰ , ਕਾਕੇ ਸਾਹ ਸਰਪੰਚ ਮਰਹਾਣਾ , ਬਲਾਕ ਸੰਮਤੀ ਮੈਂਬਰ ਕੁਲਦੀਪ ਸਿੰਘ , ਸਾਬਕਾ ਚੇਅਰਮੈਨ ਕਲਵਿੰਦਰ ਸਿੰਘ , ਪ੍ਰਤਾਪ ਸਿੰਘ , ਜਸਪਾਲ ਸਿੰਘ , ਸਵਰਨ ਸਿੰਘ ਦਦੇਹਰ ਸਾਹਿਬ ( ਸਾਰੇ ਸਾਬਕਾ ਸਰਪੰਚ ) ਸਾਬਕਾ ਮੁਲਾਜ਼ਮ ਆਗੂ ਅਤੇ ਸਰਪੰਚ ਜਗਤਾਰ ਸਿੰਘ ਉਪਲ , ਲਖਬੀਰ ਸਿੰਘ ਘੁੱਕ ਪ੍ਰਧਾਨ , ਸੀ ਪੀ ਆਈ ਦੇ ਜਿਲਾ ਸਕੱਤਰ ਕਾਮਰੇਡ ਦਵਿੰਦਰ ਸੋਹਲ , ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਕਾਮਰੇਡ ਪ੍ਰਿਥੀਪਾਲ ਸਿੰਘ ਮਾੜੀਮੇਘਾ , ਟਰੱਸਟੀ ਮਨਜੀਤ ਸਿੰਘ ਬਾਸਰਕੇ ਪੈਨਸਨਰ ਯੂਨੀਅਨ ਪਾਵਰਕੌਮ ਅਤੇ ਟ੍ਰਾਂਸਕੋ ਦੇ ਸੂਬਾ ਜਨਰਲ ਸਕੱਤਰ ਅਮਰੀਕ ਸਿੰਘ ਮਸੀਤਾਂ , ਸੂਬਾ ਆਗੂ ਕਾਮਰੇਡ ਤਾਰਾ ਸਿੰਘ ਖਹਿਰਾ , ਪੂਰਨ ਸਿੰਘ ਮਾੜੀਮੇਘਾ , ਅਧਿਆਪਕ ਆਗੂ ਕਾਰਜ ਸਿੰਘ ਕੈਰੋਂ , ਪੰਜਾਬ ਕਿਸਾਨ ਸਭਾ ਦੇ ਆਗੂ ਬਲਕਾਰ ਸਿੰਘ ਵਲਟੋਹਾ , ਕਾਮਰੇਡ ਬਲਵਿੰਦਰ ਸਿੰਘ ਦਦੇਹਰ ਸਾਹਿਬ , ਤਰਕਸੀਲ ਆਗੂ ਨਰਿੰਦਰ ਸੇਖਚੱਕ , ਬੁੱਧੀਜੀਵੀ ਡਾਕਟਰ ਇੰਦਰਜੀਤ ਸਿੰਘ ਮਰਹਾਣਾ , ਗੁਰਬਚਨ ਸਿੰਘ ਸਰਪੰਚ ਕਸੇਲ , ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਦੇ ਸੂਬਾ ਜਨਰਲ ਸਕੱਤਰ ਸਰਿੰਦਰਪਾਲ ਸਿੰਘ ਲਹੌਰੀਆ , ਮੀਤ ਪ੍ਰਧਾਨ ਪ੍ਰਦਿਊਮਣ ਗੌਤਮ , ਡਿਪਟੀ ਜਨਰਲ ਸਕੱਤਰ ਰਛਪਾਲ ਸਿੰਘ ਲੁਧਿਆਣਾ , ਦਰਸ਼ਨ ਲਾਲ ਮੋਗਾ , ਮੀਤ ਪ੍ਰਧਾਨ ਕਰਤਾਰ ਸਿੰਘ ਲਲਤੋ ਕਲਾਂ , ਸਕੱਤਰ ਬਲਜਿੰਦਰ ਕੌਰ ਡਿਆਲ , ਹਸਮਤ ਅਲੀ ਨਵਾਂ ਸਹਿਰ , ਮੋਹਨ ਸਿੰਘ ਗਿੱਲ ਮੁਹਾਲੀ , ਸੁਖਦੇਵ ਸਿੰਘ ਬਾਬਾ ਅਤੇ ਮੇਲਾ ਸਿੰਘ ਫਿਰੋਜ਼ਪੁਰ , ਸਰਕਲ ਸਕੱਤਰ ਪੂਰਨ ਦਾਸ , ਬਲਜਿੰਦਰ ਸਿੰਘ ਪਲਾਸੌਰ , ਮੇਜਰ ਸਿੰਘ ਨਾਗੋਕੇ , ਬਲਦੇਵ ਸਿੰਘ ਰਸੂਲਪੁਰ , ਨਗਿੰਦਰ ਸਿੰਘ ਵਲਟੋਹਾ , ਬਲਕਾਰ ਸਿੰਘ ਜੰਡੋਕੇ , ਸੁਖਰਾਜ ਸਿੰਘ ਔਲਖ , ਸੁਖਵਿੰਦਰ ਸਿੰਘ ਸੰਧੂ ਰੀਡਰ ਡਿਪਟੀ ਕਮਿਸ਼ਨਰ , ਪੀ ਐਸ ਪੀ ਸੀ ਐਲ ਦੇ ਡਿਪਟੀ ਚੀਫ ਇੰਜੀਨੀਅਰ ਗੁਰਸ਼ਰਨ ਸਿੰਘ ਖਹਿਰਾ , ਵਧੀਕ ਨਿਗਰਾਨ ਇੰਜੀਨੀਅਰ ਹਰਪ੍ਰੀਤ ਸਿੰਘ , ਐਸ ਡੀ ਓ ਕਲਵਿੰਦਰ ਸਿੰਘ ਬਾਗੜੀਆ , ਐਸ ਡੀ ਓ ਜਗਦੀਪ ਸਿੰਘ , ਐਮ ਸੀ ਸਰਬਰਿੰਦਰ ਸਿੰਘ ਭਰੋਵਾਲ , ਕਿਸਾਨ ਸੰਘਰਸ਼ ਕਮੇਟੀ ਦੇ ਸੂਬਾ ਕਨਵੀਨਰ ਕਵਲਪ੍ਰੀਤ ਸਿੰਘ ਪੰਨੂ , ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਦੇ ਸੂਬਾ ਪ੍ਰਧਾਨ ਇੰਦਰਜੀਤ ਸਿੰਘ , ਭਾਰਤੀ ਕਿਸਾਨ ਯੂਨੀਅਨ ਡਕੌਡਾ ਦੇ ਆਗੂ ਬਾਜ ਸਿੰਘ , ਆਮ ਆਦਮੀ ਪਾਰਟੀ ਦੇ ਆਗੂ ਬਲਵੰਤ ਸਿੰਘ ਸੂਬੇਦਾਰ , ਰਣਜੀਤ ਸਿੰਘ ਰਾਣਾ , ਸਿੰਦਾ ਸਿੰਘ ਨੰਦਪੁਰੀ , ਗੁਰਮੀਤ ਸਿੰਘ , ਪ੍ਰਗਟ ਸਿੰਘ , ਜਸਬੀਰ ਸਿੰਘ ਸੇਰੋ , ਦਵਿੰਦਰ ਸਿੰਘ ਸੇਰੋ , ਨਰਿੰਦਰ ਸਿੰਘ ਸੇਰੋ , ਦਵਿੰਦਰ ਸਿੰਘ ਭਰੋਵਾਲ , ਰਣਬੀਰ ਸਿੰਘ ਰਾਣਾ ( ਸਾਰੇ ਜੇ ਈ ) ਸਿਮਰਨਜੀਤ ਸਿੰਘ ਅਕਾਊਟੈਂਟ , ਸਰਕਲ ਸੁਪਰਡੈਂਟ ਕਵਲਜੀਤ ਕੌਰ , ਕੁਲਦੀਪ ਸਿੰਘ ਢਿੱਲੋ , ਕੁਲਦੀਪ ਸਿੰਘ ਸੰਧੂ , ਇੰਪਲਾਈਜ ਫੈਡਰੇਸ਼ਨ ਪਹਿਲਵਾਨ ਦੇ ਆਗੂ ਨਰਿੰਦਰ ਸਿੰਘ ਮਾਣੋਚਾਹਲ , ਹਰਪਾਲ ਸਿੰਘ ਪੰਨੂ , ਟੈਕਨੀਕਲ ਸਰਵਿਸ ਯੂਨੀਅਨ ਦੇ ਆਗੂ ਜਗਜੀਤ ਸਿੰਘ , ਸਾਧਾ ਸਿੰਘ , ਸਤਵਿੰਦਰ ਸਿੰਘ ਆੜ੍ਹਤੀ ਮਰਹਾਣਾ , ਸਰਪੰਚ ਦਰਸਨ ਸਿੰਘ ਜੋਣੇਕੇ , ਸਰਪੰਚ ਨਰਿੰਦਰ ਸਿੰਘ ਨੱਥੂਪੁਰ , ਸਰਪੰਚ ਹੀਰਾ ਸਿੰਘ ਧੱਤਲ , ਮੈਨੇਜਰ ਗੁਰਮੇਜ ਸਿੰਘ ਧੱਤਲ , ਸਰਪੰਚ ਰਾਜਵਿੰਦਰ ਸਿੰਘ , ਜੋਰਾਵਰ ਸਿੰਘ ਮੰਡ , ਜਰਨੈਲ ਸਿੰਘ ਪੱਟੀ , ਸਾਹਿਬ ਸਿੰਘ , ਗੁਰਮੀਤ ਸਿੰਘ ਰੂੜੇਆਸਲ ,ਐਸ ਐਚ ਓ ਸੁਖਰਾਜ ਸਿੰਘ , ਐਸ ਐਚ ਓ ਸਲਵੰਤ ਸਿੰਘ ਸਾਮਲ ਹਨ। ਸੁਰਿੰਦਰ ਪਾਲ ਸਿੰਘ ਲਹੌਰੀਆ ਜਨਰਲ ਸਕੱਤਰ ਨੇ ਪੰਜਾਬ ਭਰ ਵਿੱਚੋਂ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਵੱਲੋਂ ਦੁੱਖ ਦੀ ਘੜੀ ਵਿੱਚ ਪਰਵਾਰ ਨਾਲ ਹਮਦਰਦੀ ਪ੍ਰਗਟ ਕਰਨ ਆਉਣ ਲਈ ਧੰਨਵਾਦ ਕੀਤਾ। ਪਰਵਾਰਕ ਸੂਤਰਾਂ ਨੇ ਦੱਸਿਆ ਕਿ ਪਿਆਰਾ ਸਿੰਘ ਨਮਿਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ 6 ਅਪ੍ਰੈਲ ਨੂੰ 1 ਵਜੇ ਤੋਂ 2 ਵਜੇ ਤੱਕ ਪਿੰਡ ਦੇ ਗੁਰਦਵਾਰਾ ਸਾਹਿਬ ਵਿਖੇ ਹੋਵੇਗਾ।

# ਸੁਆਹ ਦੇ ਮਸਲੇ 'ਤੇ ਚੌਥੇ ਦਿਨ ਵੀ ਫੂਕੇ ਅਧਿਕਾਰੀਆਂ ਦੇ ਪੁਤਲੇ





**ਬਹਿਰਾਮ (ਅਵਤਾਰ ਕਲੇਰ)** ਨਵਾਂਸ਼ਹਿਰ ਵਾਸੀਆਂ ਉੱਤੇ ਪਿਛਲੇ ਚਾਰ ਮਹੀਨਿਆਂ ਤੋਂ ਡਿੱਗ ਰਹੀ ਕੋਜੈਨਰੇਸ਼ਨ ਪਾਵਰ ਪਲਾਂਟ ਦੀ ਖਤਰਨਾਕ ਸੁਆਹ ਬੰਦ ਕਰਵਾਉਣ ਲਈ ਚੱਲ ਰਹੇ ਸੰਘਰਸ਼ ਦੇ ਅਗਲੇ ਪੜਾਅ ਵਜੋਂ ਜਿੰਮੇਵਾਰ ਅਧਿਕਾਰੀਆਂ ਦੇ ਪੁਤਲੇ ਫੂਕਣ ਦੇ ਮਿੱਥੇ ਪ੍ਰੋਗਰਾਮ ਤਹਿਤ ਡਾਕਟਰ ਅੰਬੇਡਕਰ ਭਵਨ ਨਵਾਂਸ਼ਹਿਰ ਕੋਲ ਅਤੇ ਸੁਰਿੰਦਰ ਨਗਰ ਵਿਖੇ ਅਧਿਕਾਰੀਆਂ ਦੇ ਪੁਤਲੇ ਫੂਕੇ ਗਏ। ਇਸ ਮੌਕੇ ਹਲਕਾ ਨਵਾਂਸ਼ਹਿਰ ਦੇ ਸਾਬਕਾ ਵਿਧਾਇਕ ਗੁਰਇਕਬਾਲ ਕੌਰ ਬੱਬਲੀ ਨੇ ਮੌਕੇ 'ਤੇ ਪਹੁੰਚ ਕੇ ਇਸ ਸੰਘਰਸ਼ ਦੀ ਹਮਾਇਤ ਕਰਦਿਆਂ ਸੁਆਹ ਦੀ ਸਮੱਸਿਆ ਫੌਰੀ ਹੱਲ ਕਰਨ ਦੀ ਮੰਗ ਕੀਤੀ। ਇਸ ਮੌਕੇ ਲੋਕ ਸੰਘਰਸ਼ ਮੰਚ ਨਵਾਂਸ਼ਹਿਰ ਦੇ ਕਨਵੀਨਰ ਜਸਬੀਰ ਦੀਪ, ਐਮ.ਸੀ ਪ੍ਰਿਥੀ ਚੰਦ,ਮੰਚ ਦੇ ਆਗੂ ਸੋਹਣ ਸਿੰਘ ਸਲੇਮਪੁਰੀ, ਜਰਨੈਲ ਸਿੰਘ ਖਾਲਸਾ, ਸਤੀਸ਼ ਕੁਮਾਰ,ਬਲਵਿੰਦਰ ਕੌਰ, ਮੁਕੰਦ ਲਾਲ,ਹਰਭਜਨ ਸਿੰਘ ਵਿਕਾਸ ਨਗਰ, ਸੁਤੰਤਰ ਕੁਮਾਰ, ਰਾਮ ਸਿੰਘ ,ਦਰਸ਼ਨ ਸਿੰਘ,ਸੁਭਾਸ਼ ਚੰਦਰ ਅਰੋੜਾ, ਦਿਲਬਾਗ ਸਿੰਘ,ਸੁਰਿੰਦਰ ਸਿੰਘ, ਸਤੀਸ਼ ਕੁਮਾਰ, ਪੱਪੀ ਕੁਲਾਮ,ਪ੍ਰਿੰਸੀਪਲ ਬਿਕਰਮਜੀਤ ਸਿੰਘ ਅਤੇ ਹਰੇ ਰਾਮ ਸਿੰਘ ਨੇ ਕਿਹਾ ਕਿ ਇਕ ਪਾਸੇ ਇਸ ਸੁਆਹ ਕਾਰਨ ਸ਼ਹਿਰ ਵਾਸੀ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਦੂਜੇ ਪਾਸੇ ਜ਼ਿਲ੍ਹਾ ਪ੍ਰਸ਼ਾਸਨ, ਖੰਡ ਮਿੱਲ ਪ੍ਰਬੰਧਕ, ਪਾਵਰ ਪਲਾਂਟ ਪ੍ਰਬੰਧਕ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀ ਆਪਣੀ ਬਣਦੀ ਜਿੰਮੇਵਾਰੀ ਨਹੀਂ ਨਿਭਾਅ ਰਹੇ। ਉਹਨਾਂ ਕਿਹਾ ਕਿ ਜਦੋਂ ਤੱਕ ਇਸ ਸਮੱਸਿਆ ਦਾ ਹੱਲ ਨਹੀਂ ਹੋ ਜਾਂਦਾ ਸੰਘਰਸ਼ ਜਾਰੀ ਰਹੇਗਾ।

# ਐੱਨ ਆਰ ਆਈ ਵੀਰਾਂ ਨੇ ਸੁੰਨੜ ਕਲਾਂ ਸਕੂਲ ਦੀ ਬੇਹਤਰੀ ਲਈ ਲੱਖਾਂ ਰੁਪਏ ਕੀਤੇ ਦਾਨ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**- ਪਿੰਡ ਸੁੰਨੜ ਕਲਾਂ ਦੇ ਸਰਕਾਰੀ ਹਾਈ ਸਕੂਲ ਵਿਖੇ ਪਿੰਡ ਦੇ ਪੰਤਵੰਤੇ ਸੱਜਣਾਂ ਅਤੇ ਸਕੂਲ ਦੇ ਸਟਾਫ ਦੀ ਇੱਕ ਅਹਿਮ ਮੀਟਿੰਗ ਹੋਈ ਜਿਸ ਵਿੱਚ ਸਕੂਲ ਦੇ ਬੇਹਤਰੀ ਅਤੇ ਵਿਕਾਸ ਲਈ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਵਿੱਚ ਪਿੰਡ ਦੇ ਐਨ ਆਰ ਆਈ ਅਸ਼ੋਕ ਕੁਮਾਰ ਪੁੱਤਰ ਪਾਖਰ ਸਿੰਘ ਯੂਕੇ ਨੇ 1 ਲੱਖ ਰੁਪਏ ਸਕੂਲ ਦੀ ਭਲਾਈ ਕਮੇਟੀ ਨੂੰ ਦਾਨ ਦਿੱਤੇ, ਇਸੇ ਤਰ੍ਹਾਂ ਪਿੰਡ ਆਦੇਕਾਲੀ ਦੇ ਐਨ ਆਰ ਆਈ ਸੁਖਵਿੰਦਰ ਧਾਲੀਵਾਲ ਯੂਕੇ ਨੇ ਇੱਕ ਸਾਲ ਲਈ 2 ਪ੍ਰਾਈਵੇਟ ਅਧਿਆਪਕਾਂ ਦੀ ਤਨਖਾਹ ਦਿੱਤੀ। ਸਕੂਲ ਮੁੱਖੀ ਅਸ਼ੋਕ ਕੁਮਾਰ ਨੇ ਦਾਨੀ ਸੱਜਣਾਂ ਤੇ ਪਿੰਡ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸਕੂਲ ਮੁੱਖੀ ਅਸ਼ੋਕ ਕੁਮਾਰ, ਮੈਡਮ ਕੁਲਵਿੰਦਰ ਕੌਰ, ਮੈਡਮ ਗਗਨਦੀਪ ਕੌਰ,ਮੈਡਮ ਜੋਤੀ,ਮੈਡਮ ਨਿਸ਼ਾ, ਕਪਲ ਦੇਵ, ਦੀਪਕ ਰਾਕੇਸ਼ ਕੁਮਾਰ, ਜਸਵੀਰ ਸਿੰਘ, ਸੁਖਵਿੰਦਰ ਸਿੰਘ, ਤਰਸੇਮ ਸਿੰਘ, ਅਮਰਜੀਤ ਸਿੰਘ ਲੰਬੜਦਾਰ, ਸਮਾਜ ਸੇਵਕ ਰਾਜੀਵ ਜੋਸ਼ੀ,ਅਵਤਾਰ ਚੰਦ, ਅਸ਼ੋਕ ਕੁਮਾਰ ਯੂਕੇ, ਬਗੀਚਾ ਸਿੰਘ, ਮੱਖਣ ਸਿੰਘ ਆਦਿ ਹਾਜਰ ਸਨ ।

# ਨਿੱਕੇ-ਨਿੱਕੇ ਪਾੜ੍ਹਿਆਂ ਦੀ ਗ੍ਰੈਜੂਏਸ਼ਨ ਸੈਰੇਮਨੀ ਕਰਵਾਈ

**ਸ੍ਰੀ ਚਮਕੌਰ ਸਾਹਿਬ, ( ਗੁਰਵਿੰਦਰਪਾਲ ਸਿੰਘ ਬੌਬੀ )**-ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿੱਖਿਆ ਬਲਾਕ ਸ੍ਰੀ ਚਮਕੌਰ ਸਾਹਿਬ ਦੇ ਸਰਕਾਰੀ ਪ੍ਰਾਇਮਰੀ ਸਕੂਲ ਕੋਟਲੀ ਵਿੱਚ ਪ੍ਰੀ ਪ੍ਰਾਇਮਰੀ ਦੇ ਨਿੱਕੇ ਨਿੱਕੇ ਪਾੜ੍ਹਿਆਂ ਦੀ 'ਗਰੈਜੂਏਸ਼ਨ ਸੈਰੇਮਨੀ' ਕਰਵਾਈ ਗਈ ਜਿਸ ਵਿੱਚ ਡਾ.ਸੰਤ ਸੁਰਿੰਦਰਪਾਲ ਸਿੰਘ ਰਿਟਾ.ਪੀ.ਈ.ਐਸ.-1 ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਸਕੂਲ ਮੁੱਖ ਅਧਿਆਪਿਕਾ ਸ੍ਰੀਮਤੀ ਹਰਜੀਤ ਕੌਰ ਦੱਸਿਆ ਕਿ ਪ੍ਰੀ ਪ੍ਰਾਇਮਰੀ ਜਮਾਤਾਂ ਦੇ ਨਿੱਕੇ ਨਿੱਕੇ ਐਲ.ਕੇ.ਜੀ. ਅਤੇ ਯੂ.ਕੇ.ਜੀ.ਦੇ ਪਾੜ੍ਹਿਆਂ ਦੇ ਨਤੀਜੇ ਐਲਾਨ 'ਗਰੈਜੂਏਸ਼ਨ ਸੈਰੇਮਨੀ' ਕਰਵਾਈ ਗਈ, ਜਿਸ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਨੇ ਬਹੁਤ ਚਾਅ ਅਤੇ ਉਤਸ਼ਾਹ ਨਾਲ ਭਾਗ ਲਿਆ। ਵਿਦਿਆਰਥੀਆਂ ਨੇ ਸਭਿਆਚਾਰਕ ਪ੍ਰੋਗਰਾਮ ਅਤੇ ਗਤੀਵਿਧੀਆਂ ਪੇਸ਼ ਕਰਕੇ ਦਰਸ਼ਕਾਂ ਨੂੰ ਕੀਲ ਲਿਆ। ਇਸ ਸੈਰੇਮਨੀ ਮੌਕੇ ਬੱਚਿਆਂ ਦੇ ਮਾਪਿਆਂ ਨੂੰ ਉਨ੍ਹਾਂ ਦੇ ਬੱਚਿਆਂ ਦੇ ਰਿਪੋਰਟ ਕਾਰਡ ਸੌਂਪ ਕੇ ਗਰੈਜੂਏਟ ਬਣਾਇਆ ਗਿਆ। ਬੱਚਿਆਂ ਨੂੰ ਸਨਮਾਨਿਤ ਕਰਦਿਆਂ ਮੁੱਖ ਮਹਿਮਾਨ ਡਾ.ਸੰਤ ਸੁਰਿੰਦਰਪਾਲ ਸਿੰਘ ਨੇ ਮਾਪਿਆਂ ਨੂੰ ਕਿਹਾ ਕਿ ਇੱਕ ਅਧਿਆਪਕ ਦੁਆਰਾ ਆਪਣੇ ਬੱਚਿਆਂ ਲਈ ਕੀਤੀ ਸੱਚੀ ਸੁੱਚੀ ਮਿਹਨਤ ਹੀ ਚੰਗੇ ਰਾਸ਼ਟਰ ਦੀ ਠੋਸ ਬੁਨਿਆਦ ਦਾ ਅਧਾਰ ਹੁੰਦੀ ਹੈ। ਇਸ ਮੌਕੇ ਬਲਾਕ ਸਿੱਖਿਆ ਅਫਸਰ ਦਵਿੰਦਰਪਾਲ ਸਿੰਘ,ਲੈਕਚਰਾਰ ਸ੍ਰੀਮਤੀ ਗੁਰਮੁੱਖੀ ਦੇਵੀ,ਰਜਿੰਦਰਪਾਲ ਸਿੰਘ ਬੈਂਸ ਬਲਾਕ ਮਾਸਟਰ ਟ੍ਰੇਨਰ,ਹਰਜਿੰਦਰ ਕੌਰ,ਮਾਨਿਆ ਜੈਨ,ਸ੍ਰੀਮਤੀ ਕਰਮਜੀਤ ਕੌਰ ਸਰਪੰਚ,ਕੁਲਦੀਪ ਸਿੰਘ,ਰਣਜੀਤ ਸਿੰਘ ਲੰਬੜਦਾਰ,ਸ਼ਮਸ਼ੇਰ ਸਿੰਘ,ਦਵਿੰਦਰਪਾਲ ਸਿੰਘ,ਸੁਰਿੰਦਰ ਕੌਰ,ਕੁਲਵਿੰਦਰ ਕੌਰ,ਬਲਜਿੰਦਰ ਕੌਰ,ਨਿਰਵਜੀਤ ਸਿੰਘ,ਸਿਮਰਨਜੀਤ ਸਿੰਘ,ਤਰਨਜੀਤ ਸਿੰਘ,ਮਨਪ੍ਰੀਤ ਸਿੰਘ,ਅਮਨਦੀਪ ਸਿੰਘ,ਯਾਦਵਿੰਦਰ ਸਿੰਘ ਅਤੇ ਹਰਲੀਨ ਸਿੰਘ ਆਦਿ ਹਾਜਰ ਸਨ।

# ਹੁੱਕੜਾਂ ਭਰਾਵਾਂ ਦੇ ਮਿਸ਼ਨ ਅਵੇਅਰਨੈੱਸ ਨੇ ਭਾਸ਼ਣ ਤੇ ਪ੍ਰਸ਼ਨ ਮੁਕਾਬਲਾ ਕਰਵਾਇਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ )** ਪਿੰਡ ਹੁੱਕੜਾਂ ਦੇ ਜੰਮਪਲ ਰਿਟਾਇਰਡ ਡੀ.ਆਈ.ਜੀ, ਬੀ.ਐਸ.ਐਫ ਮੋਹਣ ਲਾਲ, ਅਸਿਸਟੈਂਟ ਕਮਿਸਨ ਐਨ.ਵੀ.ਐਸ.ਰਾਮ ਜੀਤ ਅਤੇ ਇੰਸਪੈਕਟਰ ਰਾਮ ਦਿਆਲ ਚੰਡੀਗੜ੍ਹ ਪੁਲਿਸ ਵੱਲੋਂ ਹੁੱਕੜਾਂ ਬ੍ਰਦਰਜ ਅਵੇਅਰਨੈੱਸ ਮਿਸ਼ਨ ਤਹਿਤ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਯਾਦ ਵਿੱਚ 12ਵਾਂ ਸਾਲਾਨਾ ਭਾਸ਼ਣ ਅਤੇ ਪ੍ਰਸ਼ਨ ਮੁਕਾਬਲਾ ਪਿੰਡ ਖਟਕੜ ਕਲਾਂ ਵਿਖੇ ਕਰਵਾਇਆ ਗਿਆ। ਜਿਸ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੁੰਗਰਨੀ, ਅੱਤੋਵਾਲ, ਰਾਜਪੁਰ-ਭਾਈਆਂ, ਸਾਹਰੀ, ਅਹਿਰਾਣਾ ਕਲਾਂ, ਖਨੌੜਾ, ਚੱਬੇਵਾਲ, ਮੇਹਟੀਆਣਾ ਆਦਿ ਸਕੂਲਾਂ ਦੇ 500 ਦੇ ਕਰੀਬ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਮੌਕੇ ਪੀ.ਸੀ.ਐੱਸ.ਅਧਿਕਾਰੀ ਤੇਜਦੀਪ ਸਿੰਘ ਡੀ.ਪੀ.ਆਈ.ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਉਹਨਾਂ ਦੇ ਨਾਲ ਐਡਵੋਕੇਟ ਐੱਸ.ਐੱਲ.ਜੈਨ ਅਤੇ ਐਡਵੋਕੇਟ ਦਾਦਰਾ ਨੇ ਜੇਤੂ ਵਿਦਿਆਰਥੀਆਂ ਵਿਚਕਾਰ ਇਨਾਮਾਂ ਦੀ ਵੰਡ ਕੀਤੀ। ਭਾਸ਼ਣ ਮੁਕਾਬਲੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਾਹਰੀ ਅਤੇ ਰਾਜਪੁਰ ਭਾਈਆਂ ਦੇ ਵਿਦਿਆਰਥੀਆਂ ਨੇ ਪਹਿਲਾ ਸਥਾਨ, ਸਰਕਾਰੀ ਸਕੂਲ ਅੱਤੋਵਾਲ ਤੇ ਭੁੰਗਰਨੀ ਨੇ ਦੂਸਰਾ ਸਥਾਨ ਅਤੇ ਸਰਕਾਰੀ ਸਕੂਲ ਸਾਹਰੀ ਅਤੇ ਅਹਿਰਾਣਾ ਕਲਾਂ ਨੇ ਤੀਸਰਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਪ੍ਰਸ਼ਨ ਮੁਕਾਬਲੇ ਵਿੱਚ ਸਰਕਾਰੀ ਹਾਈ ਸਕੂਲ ਖਨੌੜਾ ਨੇ ਪਹਿਲਾ ਸਥਾਨ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੁੰਗਰਨੀ ਨੇ ਦੂਸਰਾ ਸਥਾਨ ਤੇ ਸਰਕਾਰੀ ਸਕੂਲ ਅਹਿਰਾਣਾ ਕਲਾਂ ਨੇ ਤੀਸਰਾ ਸਥਾਨ ਹਾਸਲ ਕਰਕੇ ਆਪਣੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਓਵਰ ਆਲ ਜੇਤੂ ਟੀਮਾਂ ਵਿੱਚ ਸਰਕਾਰੀ ਸਕੂਲ ਭੁੰਗਰਨੀ ਨੇ ਪਹਿਲਾ ਸਥਾਨ, ਸਰਕਾਰੀ ਸਕੂਲ ਅਹਿਰਾਣਾ ਕਲਾਂ ਨੇ ਦੂਸਰਾ ਸਥਾਨ ਤੇ ਸਰਕਾਰੀ ਸਕੂਲ ਸਾਹਰੀ ਨੇ ਤੀਸਰਾ ਸਥਾਨ ਹਾਸਲ ਕੀਤਾ। ਅੱਤੋਵਾਲ ਸਕੂਲ ਦੇ ਵਿਦਿਆਰਥੀ ਮੁਹੰਮਦ ਸਾਹਿਲ ਅਤੇ ਰਾਜਪੁਰ ਭਾਈਆਂ ਸਕੂਲ ਦੀ ਵਿਦਿਆਰਥਣ ਤਾਨੀਆ ਨੇ ਸਪੈਸ਼ਲ ਪ੍ਰਾਇਜ ਜਿੱਤ ਕੇ ਅਧਿਆਪਕਾਂ ਦਾ ਮਾਣ ਵਧਾਇਆ। ਇਹਨਾਂ ਮੁਕਾਬਲਿਆਂ ਵਿੱਚ ਸੰਜੀਵ ਕੁਮਾਰ ਅੱਤੋਵਾਲ, ਪ੍ਰਵੀਨ ਕੁਮਾਰੀ ਨਸਰਾਲਾ ਸਕੂਲ, ਸੋਮਨਾਥ ਮੂਸਾਪੁਰ ਸਕੂਲ, ਸੁਭਾਸ਼ ਸੱਲਵੀ ਗੋਬਿੰਦਪੁਰ ਨੇ ਜੱਜ ਦੀ ਭੂਮਿਕਾ ਨਿਭਾਈ ਅਤੇ ਅਜੇ ਖਟਕੜ ਵੱਲੋਂ ਸਟੇਜ ਸੰਚਾਲਕ ਦੀ ਭੂਮਿਕਾ ਨਿਭਾਈ ਗਈ। ਇਸ ਮੌਕੇ ਸਾਰੇ ਵਿਦਿਆਰਥੀਆਂ ਨੂੰ ਸਕੂਲ ਬੈਗ ਅਤੇ ਸਟੇਸ਼ਨਰੀ ਵੀ ਮੁਫਤ ਵੰਡੀ ਗਈ।

# ਪੁਲਸ ਨੇ ਫਲੈਗ ਮਾਰਚ ਕੱਢਿਆ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ )**-ਪੰਜਾਬ ਸਰਕਾਰ ਤੇ ਡੀ.ਜੀ.ਪੀ ਗੌਰਵ ਯਾਦਵ ਹੁਕਮਾਂ ਅਨੁਸ਼ਾਰ ਅਤੇ ਐੱਸ.ਐੱਸ.ਪੀ ਦਿਹਾਤੀ ਜਲੰਧਰ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਡੀ.ਐੱਸ.ਪੀ ਹਰਜਿੰਦਰ ਸਿੰਘ ਦੀ ਅਗਵਾਈ ਵਿਚ ਭੂਸ਼ਨ ਕੁਮਾਰ ਥਾਣਾ ਮੁਖੀ ਯਤਨਾਂ ਸਦਕਾ ਫਲੈਗ ਮਾਰਚ ਕੱਢਿਆ ਗਿਆ। ਇਹ ਫਲੈਗ ਮਾਰਚ ਪੁਰਾਣਾ ਬੱਸ ਅੱਡਾ ਤੋਂ ਲੈ ਕੇ ਸਾਰੇ ਸ਼ਹਿਰ ਕੱਢਿਆ ਗਿਆ। ਡੀ.ਐੱਸ.ਪੀ ਨੇ ਕਿਹਾ ਕਿ ਅੰਮ੍ਰਿਤ ਪਾਲ ਸਿੰਘ ਦੇ ਹੱਕ ਵਿਚ ਸ਼ਰਾਰਤੀ ਅਨਸਰ ਪੰਜਾਬ ਦਾ ਮਾਹੌਲ ਖਰਾਬ ਨਾ ਕਰ ਸਕਣ, ਇਸ ਲਈ ਨੂਰਮਹਿਲ ਦੇ ਥਾਣਾ ਮੁਖੀ ਭੂਸ਼ਨ ਕੁਮਾਰ , ਪਲਵਿੰਦਰ ਸਿੰਘ ਥਾਣਾ ਮੁਖੀ ਥਾਣਾ ਸਦਰ ਨਕੋਦਰ ਤੇ ਸੁਖਦੇਵ ਸਿੰਘ ਥਾਣਾ ਮੁਖੀ ਸਿੱਟੀ ਨਕੋਦਰ ਤੇ ਵੱਡੀ ਗਿਣਤੀ ਵਿਚ ਪੰਜਾਬ ਪੁਲਸ ਦੇ ਨੌਜਵਾਨ ਤੇ ਲੇਡੀ ਕਾਂਸਟੇਬਲ ਤੇ ਆਰਮੀ ਪੁਲਸ ਮੌਜੂਦ ਹਨ। ਸਬ ਡਵੀਜ਼ਨ ਅੰਦਰ ਥਾਣੇ ਪੈਂਦੇ ਹਨ ਸਾਰੇ ਥਾਣਾ ਮੁਖੀਆਂ ਨੂੰ ਚਿਤਵਾਨੀ ਹੈ ਕਿ ਕੋਈ ਸ਼ਰਾਰਤੀ ਕਾਨੂੰਨੀ ਦੀ ਉਲੰਘਣਾ ਕਰਦਾ ਹੈ ਤਾਂ ਬਖਸ਼ਿਆ ਨਾ ਜਾਵੇ।

# ਇਨੋਸੈਂਟ ਹਾਰਟਸ ਸਕੂਲ ਦੇ ਵਿਦਿਆਰਥੀਆਂ ਨੇ ਰੇਲ ਕੋਚ ਫੈਕਟਰੀ ਦਾ ਕੀਤਾ ਦੌਰਾ



**ਜਲੰਧਰ (ਸ਼ੈਲੀ ਐਲਬਰਟ)**- ਵਿਦਿਆਰਥੀਆਂ ਨੂੰ ਉਦਯੋਗਿਕ ਵਾਤਾਵਰਣ ਅਤੇ ਨਿਰਮਾਣ ਖੇਤਰ ਦੀ ਪ੍ਰਕਿਰਿਆ ਤੋਂ ਜਾਣੂ ਕਰਵਾਉਣ ਲਈ, ਇਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਸਕੂਲ ਆਫ਼ ਮੈਨੇਜਮੈਂਟ ਨੇ ਰੇਲ ਕੋਚ ਫੈਕਟਰੀ, ਕਪੂਰਥਲਾ ਵਿਖੇ ਇੱਕ ਉਦਯੋਗਿਕ ਦੌਰਾ ਕੀਤਾ। ਦੌਰੇ ਦਾ ਉਦੇਸ਼ ਮੈਨੇਜਮੈਂਟ ਦੇ ਵਿਦਿਆਰਥੀਆਂ ਨੂੰ ਰੇਲ ਕੋਚਾਂ ਦੇ ਨਿਰਮਾਣ ਦੇ ਤਰੀਕਿਆਂ ਅਤੇ ਪ੍ਰਕਿਰਿਆਵਾਂ ਦੇ ਸਬੰਧ ਦਾ ਅਨੁਭਵ ਪ੍ਰਦਾਨ ਕਰਨਾ ਸੀ । ਆਰ ਸੀ ਐਫ ਅਧਿਕਾਰੀਆਂ ਨੇ ਉਨ੍ਹਾਂ ਨੂੰ ਉਤਪਾਦਨ ਅਤੇ ਸੰਚਾਲਨ ਪ੍ਰਬੰਧਨ ਦੇ ਕਾਰਜਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਦੁਕਾਨਾਂ ਰਾਹੀਂ ਸ਼ੀਟ ਮੈਟਲ ਦੀ ਦੁਕਾਨ, ਸਟੀਲ ਦੀ ਦੁਕਾਨ, ਪੇਂਟਿੰਗ ਦੀ ਦੁਕਾਨ, ਅਤੇ ਫਰਨੀਚਰ ਦੀ ਦੁਕਾਨ ਦਾ ਦੌਰਾ ਕਾਰਵਾਇਆ । ਇਸ ਦੌਰੇ ਦੌਰਾਨ ਦਿਵਾਕਰ ਜੋਸ਼ੀ, ਅੰਕੁਸ਼ ਸ਼ਰਮਾ, ਨਈਆ ਸ਼ਰਮਾ ਅਤੇ ਬਬੀਤਾ ਮਲਹੋਤਰਾ ਵਿਦਿਆਰਥੀਆਂ ਦੇ ਨਾਲ ਸਨ । ਇਸ ਦੌਰੇ ਦਾ ਆਯੋਜਨ ਡਾ. ਗਗਨਦੀਪ ਕੌਰ ਧੰਜੂ, ਮੁਖੀ - ਸਕੂਲ ਆਫ਼ ਮੈਨੇਜਮੈਂਟ ਵਲੋਂ ਕਾਰਵਾਇਆ ਗਿਆ ।

# ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਵਿਦਿਆਰਥੀਆਂ ਵੱਲੋਂ ਸਵੱਛਤਾ ਪ੍ਰਤੀ ਜਾਗਰੂਕਤਾ



**ਜਲੰਧਰ (ਸ਼ੈਲੀ ਐਲਬਰਟ)**- ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ (ਮਕਸੂਦਾਂ ਕੈਂਪਸ) ਵੱਲੋਂ ਬੱਸ ਸਟੈਂਡ ਵਿਖੇ ਸਫ਼ਾਈ ਮੁਹਿੰਮ ਦਾ ਆਯੋਜਨ ਕੀਤਾ ਗਿਆ। ਸੀਟੀਆਈਐਚਐਮ ਦੇ ਪ੍ਰਿੰਸੀਪਲ ਰੋਹਿਤ ਸ਼ਰਮਾ ਦੇ ਨਾਲ ਹੋਟਲ ਮੈਨੇਜਮੈਂਟ ਅਤੇ ਟਰੈਵਲ ਐਂਡ ਟੂਰਿਜ਼ਮ ਵਿਭਾਗ ਦੇ 50 ਤੋਂ ਵੱਧ ਵਿਦਿਆਰਥੀਆਂ ਨੇ ਸਵੱਛਤਾ ਅਤੇ ਸਫਾਈ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਪਹਿਲ ਕੀਤੀ । ਅਜਿਹੇ ਉਪਰਾਲੇ ਸਮਾਜ ਦੀ ਮੌਜੂਦਾ ਲੋੜ ਹਨ ਤਾਂ ਜੋ ਸਾਰਿਆਂ ਨੂੰ ਇਕੱਠੇ ਲਿਆ ਕਿ ਸਵੱਛਤਾ ਤੇ ਧਿਆਨ ਕੇਂਦਰਿਤ ਕੀਤਾ ਜਾ ਸਕੇ । ਇਸ ਮੌਕੇ ਵਿਦਿਆਰਥੀਆਂ ਨੇ ਸਫ਼ਾਈ ਮੁਹਿੰਮ ਸ਼ਹਿਰ ਦੇ ਬੱਸ ਸਟੈਂਡ ਅਤੇ ਆਸੇ ਪਾਸੇ ਦੇ ਇਲਾਕਿਆਂ ਦੀ ਸਫਾਈ ਦਾ ਬੀੜਾ ਚੁੱਕਿਆ। ਇਸ ਗਤੀਵਿਧੀ ਦੇ ਜ਼ਰੀਏ, ਵਿਦਿਆਰਥੀਆਂ ਨੇ ਟੀਮਵਰਕ ਦੀ ਮਹੱਤਤਾ ਬਾਰੇ ਜਾਣਿਆ, ਕੂੜੇ ਦੇ ਖਤਰੇ ਨੂੰ ਸਮਝਿਆ, ਕੂੜੇ ਨਾਲ ਨਜਿੱਠਣ ਦੇ ਤਰੀਕੇ ਸਿੱਖੇ ਅਤੇ ਸਫਾਈ ਅਭਿਆਨ ਵਿੱਚ ਆਪਣਾ ਯੋਗਦਾਨ ਪਾਇਆ । ਇਸ ਮੁਹਿੰਮ ਦਾ ਸਮਰਥਨ ਕਰਦੇ ਹੋਏ, ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ ਨੇ ਕਿਹਾ ਕਿ ਜੇਕਰ ਅਸੀਂ ਆਪਣਾ ਆਲਾ ਦੁਆਲਾ ਸਾਫ ਰੱਖੀਏ ਤਾਂ ਦੇਸ਼ ਦੀ ਸੁੰਦਰਤਾ ਵਧੇਗੀ। ਟੀਮ ਸੀਟੀ ਅਜਿਹੇ ਵਿਦਿਆਰਥੀਆਂ ਨਾਲ ਮਿਲਕੇ ਅਜਿਹੇ ਉਪਰਾਲੇ ਕਰਦੀ ਰਹਿੰਦੀ ਹੈ ਤਾਂਜੋ ਵਿਦਿਆਰਥੀ ਪ੍ਰੇਰਿਤ ਹੋਣ ਅਤੇ ਇੱਕ ਚੰਗੇ ਨਾਗਰਿਕ ਦਾ ਫਰਜ਼ ਵੀ ਨਿਭਾਉਣ ।

# ਪ੍ਰਿੰ.ਪ੍ਰੇਮ ਕੁਮਾਰ ਵੱਲੋਂ ਸਿਵਲ ਲਾਈਨ ਰੈਜ਼ੀਡੈਂਟ ਵੈਲਫੇਅਰ ਐਸੋਸੀਏਸ਼ਨ ਦਾ ਗਠਨ

**ਫਿਲੌਰ (ਨਿਰਮਲ)**- ਆਮ ਆਦਮੀ ਪਾਰਟੀ ਦੇ ਜੁਆਇੰਟ ਸਕੱਤਰ ਪੰਜਾਬ ਅਤੇ ਹਲਕਾ ਇੰਚਾਰਜ ਫਿਲੌਰ ਪ੍ਰਿੰਸੀਪਲ ਪ੍ਰੇਮ ਕੁਮਾਰ ਦੀ ਪ੍ਰਧਾਨਗੀ ਹੇਠ ਇਕ ਮੀਟਿੰਗ ਹੋਈ, ਜਿਸ ਵਿੱਚ ਆਮ ਆਦਮੀ ਪਾਰਟੀ ਦੇ ਵਰਕਰਾਂ ਅਤੇ ਸ਼ਹਿਰ ਨਿਵਾਸੀਆਂ ਨੇ ਭਾਗ ਲਿਆ ਅਤੇ ਇੱਕ ਸੰਸਥਾ ਦਾ ਗਠਨ ਕੀਤਾ ਗਿਆ ਹੈ ਜੋ ਖਾਸ ਤੌਰ 'ਤੇ ਫਿਲੌਰ ਦੇ ਉਨ੍ਹਾਂ ਵਸਨੀਕਾਂ ਲਈ ਬਣਾਈ ਗਈ ਹੈ ਜੋ ਪ੍ਰੋਵੇਨਸਨਲ ਗੌਰਮਿੰਟ ਦੀਆਂ ਜਾਇਦਾਦਾਂ ਵਿੱਚ ਰਹਿ ਰਹੇ ਹਨ ਅਤੇ ਉਸ ਵਿੱਚ ਕਾਰੋਬਾਰ ਕਰ ਰਹੇ ਹਨ ਜਿਨ੍ਹਾਂ ਨੂੰ ਹਰ ਵਕਤ ਕਮੇਟੀ, ਦਫਤਰ ਜਾਂ ਹਾਈਕੋਰਟ ਵਿੱਚ ਚੱਲਦੀ ਪਟੀਸ਼ਨ ਦਾ ਖਤਰਾ ਲੱਗਾ ਰਹਿੰਦਾ ਹੈ। ਜਿਸ ਨੂੰ ਆਮ ਆਦਮੀ ਪਾਰਟੀ ਨੇ ਆਪਣਾ ਫਰਜ ਸਮਝਦਿਆਂ ਫਿਲੌਰ ਲੱਕੜ ਮੰਡੀ ਅਤੇ ਪੁਰਾਣਾ ਨਵਾਂਸ਼ਹਿਰ ਰੋਡ, ਟੈਕਸੀ ਸਟੈਂਡ ਵਗੈਰਾ ਵਾਲੀਆਂ ਸਾਰੀਆਂ ਜਾਇਦਾਦਾਂ ਦੇ ਵਿੱਚ ਰਹਿਣ ਵਾਲੇ ਲੋਕਾਂ ਦੀ ਫਿਲੌਰ ਸਿਵਲ ਲਾਈਨ ਰੈਸੀਡੈਂਟ ਵੈਲਫੇਅਰ ਐਸੋਸੀਏਸ਼ਨ ਦਾ ਗਠਨ ਕੀਤਾ ਹੈ। ਐਸੋਸੀਏਸ਼ਨ ਦੇ ਹਾਲ ਵਕਤ ਪ੍ਰਧਾਨ ਫਿਲੌਰ ਦੇ ਵਕੀਲ ਮਦਨ ਸਿੰਘ ਚੌਹਾਨ ਅਤੇ ਸਕੱਤਰ ਸਤੀਸ ਗੁਪਤਾ ਸੀ.ਏ ਅਤੇ ਕੈਸ਼ੀਅਰ ਰਵੀਕਾਂਤ ਸਾਬਕਾ ਐਮ.ਸੀ ਨੂੰ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਹੋਰ ਵੀ 6 ਮੈਂਬਰ ਫਿਲਹਾਲ ਬਣਾਏ ਗਏ ਹਨ। ਇਸ ਐਸੋਸੀਏਸ਼ਨ ਦਾ ਮੰਤਵ ਪੰਜਾਬ ਸਰਕਾਰ ਪਾਸੋਂ ਇਹ ਥਾਂ ਰਹਿਣ ਵਾਲੇ ਲੋਕਾਂ ਦੇ ਨਾਂਅ 'ਤੇ ਪੱਕੀਆਂ ਕੀਤੀਆਂ ਜਾਣ ਸੰਬੰਧੀ ਹਰ ਸੰਭਵ ਯਤਨ ਕਰਨਾ ਹੈ। ਸੰਸਥਾ ਦੇ ਮੈਂਬਰ ਉਹੀ ਲੋਕ ਬਣ ਸਕਦੇ ਹਨ ਜਿਨ੍ਹਾਂ ਦਾ ਇਸ ਇਲਾਕੇ ਵਿੱਚ ਕਾਰੋਬਾਰ ਹੋਵੇ ਜਾਂ ਰਿਹਾਇਸ਼ ਹੋਵੇ। ਕੋਈ ਵੀ ਰਾਜਨੀਤਿਕ ਵਿਅਕਤੀ ਇਸ ਸੰਸਥਾ ਦਾ ਮੈਂਬਰ ਬਣ ਸਕਦਾ ਹੈ ਪਰ ਕਿਸੇ ਅਹੁਦੇ 'ਤੇ ਨਹੀਂ ਆ ਸਕਦਾ। ਸੰਸਥਾ ਦੇ ਮੁੱਖ ਕੰਮ ਇਲਾਕੇ ਵਿੱਚ ਰਹਿੰਦੇ ਲੋਕਾਂ ਦੀਆਂ ਜਾਇਦਾਦਾਂ ਦੀ ਗਿਰਦਾਵਰੀ ਉਨ੍ਹਾਂ ਦੇ ਨਾਂਅ 'ਤੇ ਕਰਵਾਉਣੀ, ਨਗਰ ਕੌਂਸਲ ਫਿਲੌਰ ਵੱਲੋਂ ਦਿੱਤੇ ਕਬਜੇ ਹਟਾਉਣ ਦੇ ਨੋਟਿਸਾਂ ਦੇ ਜਵਾਬ ਅਤੇ ਜਵਾਬੀ ਕਾਰਵਾਈ ਕਰਨੀ, ਪੰਜਾਬ ਸਰਕਾਰ ਉਪਰ ਇਨ੍ਹਾਂ ਜਾਇਦਾਦਾਂ ਨੂੰ ਪੱਕਿਆਂ ਕਰਨ ਲਈ ਜਲਦ ਤੋਂ ਜਲਦ ਸਕੀਮ ਬਣਾਉਣ ਅਤੇ ਕਾਨੂੰਨ ਬਣਾਉਣ ਲਈ ਦਬਾਅ ਬਣਾਉਣਾ। ਪੰਜਾਬ ਸਰਕਾਰ ਦੇ ਸੰਬੰਧਿਤ ਮੰਤਰੀਆਂ ਅਤੇ ਅਫਸਰਾਂ ਪਾਸੋਂ ਇਨ੍ਹਾਂ ਜਾਇਦਾਦਾਂ ਨੂੰ ਪੱਕਿਆਂ ਕਰਨ ਲਈ ਆਰ.ਟੀ.ਆਈ. ਪਾਉਣੀਆਂ ਅਤੇ ਹਰ ਤਰ੍ਹਾਂ ਦੀ ਜਾਣਕਾਰੀ ਲੈਣੀ, ਇਲਾਕੇ ਵਿੱਚ ਰਹਿੰਦੇ ਲੋਕਾਂ ਦੇ ਘਰ ਅਤੇ ਦੁਕਾਨਾਂ 'ਤੇ ਕੌਂਸਲ ਪਾਸੋਂ ਬਕਾਇਦਾ ਮੌਜੂਦਾ ਰਹਿ ਰਹੇ ਵਿਅਕਤੀਆਂ ਦੇ ਨਾਂਅ 'ਤੇ ਨੰਬਰ ਅਲਾਟ ਕਰਵਾਉਣੇ, ਇਲਾਕੇ ਵਿੱਚ ਰਹਿੰਦੇ ਲੋਕਾਂ ਦੇ ਘਰ ਅਤੇ ਦੁਕਾਨਾਂ ਤੇ ਬਿਜਲੀ ਦੇ ਕੁਨੈਕਸ਼ਨ ਮੌਜੂਦਾ ਵਿਅਕਤੀਆਂ ਦੇ ਨਾਂਅ 'ਤੇ ਕਰਵਾਉਣੇ ਤੇ ਇਸ ਤੋਂ ਇਲਾਵਾ ਹਰ ਉਹ ਕੰਮ ਜਿਸ ਨਾਲ ਰਹਿ ਰਹੇ ਲੋਕਾਂ ਨੂੰ ਸੁੱਖ-ਸੁਵਿਧਾਵਾਂ ਮਿਲਣ ਅਤੇ ਸ਼ਹਿਰ ਵਾਸੀਆਂ ਦੀਆਂ ਮੁਸਕਿਲਾਂ ਨੂੰ ਸਰਕਾਰ ਤੱਕ ਪਹੁੰਚਾਉਣ ਲਈ ਕਾਰਜ ਕਰਨੇ ਹਨ। ਇਸ ਐਸੋਸੀਏਸ਼ਨ ਦਾ ਦਫਤਰ ਪੁਰਾਣਾ ਨਵਾਂਸ਼ਹਿਰ ਰੋਡ ਵਿਖੇ ਚੌਹਾਨ ਟਾਵਰ ਵਿੱਚ ਬਣਾਇਆ ਗਿਆ ਹੈ।

# ਆਰ.ਬੀ.ਆਈ. ਵੱਲੋਂ 29000 ਕਰੋੜ ਰੁਪਏ ਦੀ ਕੈਸ਼ ਕ੍ਰੈਡਿਟ ਲਿਮਿਟ ਨੂੰ ਮਨਜ਼ੂਰੀ

**ਚੰਡੀਗੜ੍ਹ, (ਗੁਰਜੀਤ ਬਿੱਲਾ)**—ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਲਗਾਤਾਰ ਕੋਸ਼ਿਸ਼ਾਂ ਮਗਰੋਂ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਨੇ ਆਗਾਮੀ ਹਾੜ੍ਹੀ ਖ਼ਰੀਦ ਸੀਜ਼ਨ ਲਈ ਕਣਕ ਦੀ ਖ਼ਰੀਦ ਵਾਸਤੇ ਪੰਜਾਬ ਲਈ 29 ਹਜ਼ਾਰ ਕਰੋੜ ਰੁਪਏ ਦੀ ਕੈਸ਼ ਕ੍ਰੈਡਿਟ ਲਿਮਟ (ਸੀ.ਸੀ.ਐਲ.) ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਦੌਰਾਨ ਮੁੱਖ ਮੰਤਰੀ ਨੇ ਆਗਾਮੀ ਸੀਜ਼ਨ ਲਈ ਆਰ.ਬੀ.ਆਈ. ਵੱਲੋਂ ਸੀ.ਸੀ.ਐਲ. ਦੇ 25,445 ਕਰੋੜ ਰੁਪਏ ਪਹਿਲਾਂ ਹੀ ਜਾਰੀ ਕਰਨ ਉਤੇ ਤਸੱਲੀ ਜ਼ਾਹਰ ਕੀਤੀ। ਭਗਵੰਤ ਮਾਨ ਨੇ ਕਿਹਾ ਕਿ ਆਰ.ਬੀ.ਆਈ. ਨੇ ਇਸ ਸੀਜ਼ਨ ਲਈ ਸੂਬਾ ਸਰਕਾਰ ਵੱਲੋਂ ਕੀਤੀ ਮੰਗ ਵਿੱਚੋਂ ਸੀ.ਸੀ.ਐਲ. ਦਾ ਵੱਡਾ ਹਿੱਸਾ ਜਾਰੀ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਮੌਜੂਦਾ ਖ਼ਰੀਦ ਸੀਜ਼ਨ ਦੌਰਾਨ ਕਣਕ ਦੀ ਖ਼ਰੀਦ ਸੁਚਾਰੂ ਤਰੀਕੇ ਨਾਲ ਹੋਣੀ ਯਕੀਨੀ ਬਣੇਗੀ। ਇਸ ਦੌਰਾਨ ਮੁੱਖ ਮੰਤਰੀ ਨੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਕਿਸਾਨਾਂ ਦੀ ਫ਼ਸਲ ਦਾ ਦਾਣਾ-ਦਾਣਾ ਸੁਚਾਰੂ ਤਰੀਕੇ ਨਾਲ ਖ਼ਰੀਦਣਾ ਯਕੀਨੀ ਬਣਾਇਆ ਜਾਵੇ ਅਤੇ ਮੰਡੀਆਂ ਵਿੱਚ ਪੁਖ਼ਤਾ ਪ੍ਰਬੰਧ ਕੀਤੇ ਜਾਣ। ਉਨ੍ਹਾਂ ਸਪੱਸ਼ਟ ਕਿਹਾ ਕਿ ਪਹਿਲੀ ਅਪਰੈਲ ਤੋਂ ਖ਼ਰੀਦ ਸ਼ੁਰੂ ਹੋਣ ਦੇ ਪਹਿਲੇ ਦਿਨ ਤੋਂ ਹੀ ਜਿਣਸ ਦੀ ਅਦਾਇਗੀ ਜ਼ਰੂਰ ਯਕੀਨੀ ਬਣਾਈ ਜਾਵੇ। ਭਗਵੰਤ ਮਾਨ ਨੇ ਦੁਹਰਾਇਆ ਕਿ ਸੂਬਾ ਸਰਕਾਰ ਕਿਸਾਨਾਂ ਦੀ ਉਪਜ ਦਾ ਹਰੇਕ ਦਾਣਾ ਖ਼ਰੀਦਣ ਲਈ ਵਚਨਬੱਧ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕਣਕ ਦੀ ਖ਼ਰੀਦ ਲਈ ਵਿਆਪਕ ਪ੍ਰਬੰਧ ਕੀਤੇ ਜਾਣਗੇ ਤਾਂ ਕਿ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਪੇਸ਼ ਨਾ ਆਵੇ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਅਨਾਜ ਦੀ ਸੁਚਾਰੂ ਤਰੀਕੇ ਨਾਲ ਖ਼ਰੀਦ ਲਈ ਪਾਬੰਦ ਹੈ। ਜ਼ਿਕਰਯੋਗ ਹੈ ਕਿ ਕਣਕ ਦੀ ਖ਼ਰੀਦ ਪਹਿਲੀ ਅਪਰੈਲ ਤੋਂ ਸ਼ੁਰੂ ਹੋ ਰਹੀ ਹੈ, ਜਿਹੜੀ 31 ਮਈ ਤੱਕ ਚੱਲੇਗੀ।

# ਸਿਹਤ ਤੇ ਤੰਦਰੁਸਤੀ ਕੇਂਦਰਾਂ 'ਚ ਪੋਸ਼ਣ ਮੁਹਿੰਮ ਤਹਿਤ ਕੀਤਾ ਜਾਗਰੂਕ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**- ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਚਮਕੌਰ ਸਾਹਿਬ ਦੀ ਅਗਵਾਈ ਹੇਠ ਬਲਾਕ ਚਮਕੌਰ ਸਾਹਿਬ ਦੇ ਵੱਖ-ਵੱਖ ਸਿਹਤ ਤੇ ਤੰਦਰੁਸਤੀ ਕੇਂਦਰਾਂ ਵਿੱਚ ਪੋਸ਼ਣ ਅਭਿਆਨ ਤਹਿਤ ਸੰਤੁਲਿਤ ਖੁਰਾਕ ਸਬੰਧੀ ਜਾਗਰੂਕ ਕੀਤਾ ਗਿਆ। ਇਸ ਮੌਕੇ ਹਰਜੀਤ ਕੌਰ ਕਮਿਊਨਿਟੀ ਹੈਲਥ ਅਫਸਰ ਨੇ ਕਿਹਾ ਕਿ ਇਸ ਪੋਸ਼ਣ ਪਖਵਾੜੇ ਦੌਰਾਨ ਗਰਭਵਤੀ ਮਹਿਲਾਂਵਾ ਨੂੰ ਸੰਤੁਲਿਤ ਖੁਰਾਕ ਸਬੰਧੀ ਅਤੇ ਮਾਵਾਂ ਨੂੰ ਬੱਚਿਆਂ ਨੂੰ ਪਹਿਲੇ 6 ਮਹੀਨੇ ਸਿਰਫ ਮਾਂ ਦੇ ਦੁੱਧ ਦੀ ਮਹੱਤਤਾ ਤੇ ਪੌਸ਼ਟਿਕ ਆਹਾਰ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ। ਇਨ੍ਹਾਂ ਜਾਗਰੂਕਤਾ ਕੈਂਪਾਂ ਦੌਰਾਨ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਆਂਗਨਵਾੜੀ ਵਰਕਰਜ਼ ਦੇ ਸਹਿਯੋਗ ਨਾਲ ਕੈਂਪ ਲਗਾ ਕੇ ਔਰਤਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਜਾਣਕਾਰੀ ਦਿੰਦਿਆਂ ਕਿਹਾ ਕਿ ਗਰਭਵਤੀ ਮਹਿਲਾਂਵਾ ਲਈ ਪੌਸ਼ਟਿਕ ਅਹਾਰ ਦੀ ਬਹੁਤ ਲੋੜ ਹੁੰਦੀ ਹੈ ਕਿਉਂਕਿ ਉਸਦੇ ਗਰਭ ਵਿੱਚ ਪੱਲ ਰਹੇ ਬੱਚੇ ਦੀ ਤੰਦਰੁਸਤੀ ਲਈ ਚੰਗਾ ਸ਼ੁੱਧ ਅਹਾਰ ਲੈਣਾ ਜਰੂਰੀ ਹੈ। ਗਰਭਵਤੀ ਮਹਿਲਾਂਵਾਂ ਨੂੰ ਆਪਣੇ ਭੋਜਨ ਵਿੱਚ ਹਰੀਆਂ ਪੱਤੇਦਾਰ ਸਬਜੀਆਂ, ਪੀਲੇ ਫੱਲ, ਦੁੱਧ, ਆਂਡਾ, ਪਨੀਰ, ਸੋਇਆਬੀਨ ਆਦਿ ਦਾ ਜਿਆਦਾ ਸੇਵਨ ਕਰਨਾ ਚਾਹੀਦਾ ਹੈ। ਗਰਭਵਤੀ ਮਹਿਲਾਂਵਾ ਵਿੱਚ ਖੂਨ ਦੀ ਕਮੀ ਨੂੰ ਪੂਰਾ ਕਰਨ ਲਈ ਆਇਰਨਫੌਲਿਕ ਐਸਿਡ ਦੀਆਂ 100 ਗੋਲੀਆਂ ਸਿਹਤ ਵਿਭਾਗ ਵੱਲੋਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ ਅਤੇ ਅਨੀਮੀਆ ਤੋਂ ਪੀੜਤ ਮਾਂਵਾ ਲਈ 200 ਗੋਲੀਆਂ ਫੌਲਿਕ ਐਸਿਡ ਦੀਆਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਉਨਾਂ ਕਿਹਾ ਕਿ ਜਦੋਂ ਬੱਚਾ 6 ਮਹੀਨੇ ਦਾ ਹੋ ਜਾਵੇ ਤਾਂ ਉਸ ਦੀ ਖੁਰਾਕ ਵਿੱਚ ਦਾਲ ਦਾ ਪਾਣੀ, ਆਲੂ, ਕੇਲਾ ਆਦਿ ਮੈਸ਼ ਕਰਕੇ ਦੇਣਾ ਚਾਹੀਦਾ ਹੈ ਤਾਂ ਬੱਚਾ ਤੰਦਰੁਸਤ ਰਹੇ। ਇਸ ਮੌਕੇ 'ਤੇ ਸਮੂਹ ਏ.ਐਨ.ਐਮ, ਸਮੂਹ ਸੀ.ਐਚ.ਓਜ਼ ਅਤੇ ਪਤਵੰਤੇ ਸੱਜਣ ਹਾਜਰ ਸਨ।

# ਡਿਪਟੀ ਕਮਿਸ਼ਨਰ ਵਲੋਂ ਪ੍ਰੋਜੈਕਟ 'ਉਡਾਨ' ਦੀ ਸ਼ੁਰੂਆਤ

**ਕਪੂਰਥਲਾ (ਨਵਾਂ ਜ਼ਮਾਨਾ ਸਰਵਿਸ)**-ਡਿਪਟੀ ਕਮਿਸ਼ਨਰ ਕਪੂਰਥਲਾ ਵਿਸ਼ੇਸ਼ ਸਾਰੰਗਲ ਵਲੋਂ ਇਕ ਨਿਵੇਕਲੀ ਪਹਿਲਕਦਮੀ ਕਰਦਿਆਂ ਸੈਲਫ ਹੈੱਲਪ ਗਰੁੱਪਾਂ ਦੀਆਂ ਔਰਤਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਪ੍ਰੋਜੈਕਟ 'ਉਡਾਨ' ਦੀ ਸ਼ੁਰੂਆਤ ਕੀਤੀ ਗਈ । ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਜਲੰਧਰ ਦੀ ਇੱਕ ਨਿੱਜੀ ਕੰਪਨੀ ਕਸਾਡ ਲਾਈਟਸ ਪ੍ਰਾਈਵੇਟ ਲਿਮ ਨਾਲ ਰਾਬਤਾ ਕਾਇਮ ਕਰਕੇ ਪਿੰਡ ਭਵਾਨੀਪੁਰ ਦੇ ਆਜੀਵਿਕਾ ਸੈਲਫ ਹੈੱਲਪ ਗਰੁੱਪਾਂ ਦੀਆ ਲਗਭਗ 30 ਔਰਤਾਂ ਨੂੰ ਐਲ.ਈ.ਡੀ ਲਾਈਟ ਬਣਾਉਣ ਦੀ ਟ੍ਰੇਨਿੰਗ ਦੇ ਪਹਿਲੇ ਬੈਚ ਦੀ ਸ਼ੁਰੂਆਤ ਕੀਤੀ ਗਈ। ਉਨ੍ਹਾਂ ਕਿਹਾ ਕਿ ਇਹ ਟ੍ਰੇਨਿੰਗ ਲਗਭਗ 2 ਮਹੀਨੇ ਚਲੇਗੀ ਅਤੇ ਟ੍ਰੇਨਿੰਗ ਮੁਕੰਮਲ ਹੋਣ ਉਪਰੰਤ ਹਰ ਮਹਿਲਾ ਵਲੋਂ ਲਗਭਗ 8 ਹਜਾਰ ਤੋਂ 10 ਹਜਾਰ ਦੇ ਕਰੀਬ ਮਹੀਨਾਵਰ ਕਮਾਈ ਕੀਤੀ ਜਾ ਸਕਦੀ ਹੈ। ਸਾਰੰਗਲ ਨੇ ਕਿਹਾ ਕਿ ਟ੍ਰੇਨਿੰਗ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਭਵਾਨੀਪੁਰ ਵਿਖੇ ਚਲਾਏ ਜਾ ਰਹੇ ਪੇਂਡੂ ਸਵੈ-ਰੋਜ਼ਗਾਰ ਸਿਖਲਾਈ ਸੰਸਥਾ ਵਿਚ ਸ਼ੁਰੂ ਕੀਤੀ ਗਈ ਹੈ । ਉਨ੍ਹਾਂ ਕਿਹਾ ਕਿ ਜ਼ਿਲ੍ਹਆ ਪ੍ਰਸ਼ਾਸਨ ਵਲੋਂ ਆਜੀਵਿਕਾ ਸੈਲਫ ਹੈਲਪ ਗਰੁੱਪ ਵੱਖ-ਵੱਖ ਪਿੰਡਾਂ ਵਿਚ ਚਲਾਏ ਜਾ ਰਹੇ ਹਨ ਅਤੇ ਸਮੇਂ- ਸਮੇਂ 'ਤੇ ਸਰਕਾਰ ਵਲੋਂ ਇਨ੍ਹਾਂ ਗਰੁੱਪਾਂ ਨੂੰ ਰੋਜਗਾਰ ਸ਼ੁਰੂ ਕਰਨ ਲਈ ਵਿੱਤੀ ਸਹਾਇਤਾ ਵੀ ਮੁਹੱਈਆ ਕਾਰਵਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿਚ ਜ਼ਿਲ੍ਹੇ ਭਰ ਦੀਆਂ ਗਰੀਬ ਪਰਵਾਰਾਂ ਦੀਆ ਔਰਤਾਂ ਜੋ ਕਿ ਸੈਲਫ ਹੈਲਪ ਗਰੁੱਪ ਵਿਚ ਸ਼ਾਮਿਲ ਹਨ, ਨੂੰ ਵੱਖ ਵੱਖ ਤਰ੍ਹਾਂ ਦੀਆ ਟ੍ਰੇਨਿੰਗਾਂ ਮੁਹੱਈਆ ਕਰਵਾਈਆਂ ਜਾਣਗੀਆਂ ਤਾਂ ਜੋ ਉਹ ਸਵੈ ਰੁਜਗਾਰ ਪ੍ਰਾਪਤ ਕਰ ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕ ਸਕਣ। ਇਸ ਸਮਾਰੋਹ ਵਿਚ ਐਮ.ਡੀ ਕਸਾਡ ਲਾਈਟਸ ਰਾਜੀਵ, ਡਾਇਰੈਕਟਰ ਆਰ ਸੇ ਟੀ ਲਾਭ ਕੁਮਾਰ, ਹਰਪ੍ਰੀਤ ਕੌਰ ਨੋਡਲ ਅਫਸਰ, ਗਗਨਦੀਪ ਸਿੰਘ (ਜ਼ਿਲ੍ਹਾ ਪ੍ਰੋਗਰਾਮ ਮੈਨੇਜਰ), ਹਰਲੀਨ ਕੌਰ ਆਦਿ ਹਾਜਰ ਸਨ।

# ਪ ਸ ਸ ਫ ਵੱਲੋਂ ਸਰਕਾਰ ਦੀਆਂ ਮੁਲਜ਼ਮ-ਮਾਰੂ ਨੀਤੀਆਂ ਦਾ ਵਿਰੋਧ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਸੂਬੇ ਦੇ ਮੁਲਾਜ਼ਮਾਂ ਦੀ ਸੰਘਰਸ਼ਸ਼ੀਲ ਜੱਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਪ.ਸ.ਸ.ਫ.) ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ, ਜਨਰਲ ਸਕੱਤਰ ਤੀਰਥ ਸਿੰਘ ਬਾਸੀ ਅਤੇ ਵਿੱਤ ਸਕੱਤਰ ਗੁਰਦੀਪ ਸਿੰਘ ਬਾਜਵਾ ਨੇ ਇੱਕ ਸਾਂਝੇ ਪ੍ਰੈਸ ਬਿਆਨ ਰਾਹੀਂ ਕਿਹਾ ਹੈ ਕਿ ਪੰਜਾਬ ਅੰਦਰ ਬਦਲਾਅ ਦੇ ਨਾਅਰੇ ਨਾਲ ਸੱਤਾ ਵਿੱਚ ਆਈ ਭਗਵੰਤ ਮਾਨ ਦੀ ਸਰਕਾਰ ਵਲੋਂ ਵੀ ਪਿਛਲੀਆਂ ਸਰਕਾਰਾਂ ਵਾਂਗ ਹੀ ਆਪਣੇ ਰੰਗ ਦਿਖਾਉਣੇ ਸ਼ੁਰੂ ਕਰ ਦਿੱਤੇ ਹਨ। ਪੰਜਾਬ ਦੇ ਸਮੁੱਚੇ ਕਿਰਤੀ ਵਰਗ ਵਾਂਗ ਮੁਲਾਜ਼ਮ ਵਰਗ ਦੀਆਂ ਮੰਗਾਂ ਨੂੰ ਵੀ ਹੱਲ ਕਰਨ ਤੋਂ ਟਾਲਾ ਵੱਟਿਆ ਜਾ ਰਿਹਾ ਹੈ। ਉਹਨਾ ਕਿਹਾ ਕਿ ਜਿਹੜਾ ਭਗਵੰਤ ਮਾਨ ਮੁੱਖ ਮੰਤਰੀ ਮਣਨ ਤੋਂ ਪਹਿਲਾਂ ਇਹ ਕਹਿ ਰਿਹਾ ਸੀ ਕਿ ਜੇਕਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਦੀ ਹੈ ਤਾਂ ਕਿਸੇ ਨੂੰ ਵੀ ਧਰਨੇ-ਮੁਜ਼ਾਹਰੇ ਕਰਨ ਦੀ ਜ਼ਰੂਰਤ ਨਹੀਂ ਪਵੇਗੀ, ਸਾਰੇ ਮਸਲੇ ਸਰਕਾਰ ਹੱਲ ਕਰੇਗੀ ਪ੍ਰੰਤੂ ਹੁਣ ਸੱਤਾ ਵਿੱਚ ਆਉਣ ਤੋਂ ਬਾਅਦ ਤਾਂ ਮਸਲੇ ਤਾਂ ਕੀ ਹੱਲ ਕਰਨੇ ਹਨ ਸਗੋਂ ਮੁੱਖ ਮੰਤਰੀ ਕੋਲ ਮੰਗਾਂ ਨੂੰ ਹੱਲ ਕਰਨ ਲਈ ਮੀਟਿੰਗ ਦਾ ਸਮਾਂ ਦੇਣ ਦੀ ਲੋੜ ਵੀ ਮਹਿਸੂਸ ਨਹੀਂ ਕੀਤੀ ਜਾ ਰਹੀ। ਸਮੁੱਚਾ ਕਿਰਤੀ ਵਰਗ ਸਰਕਾਰ ਵਿਰੁੱਧ ਸੰਘਰਸ਼ ਕਰ ਰਿਹਾ ਹੈ। ਆਗੂਆਂ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵਾਂਗ ਸਿਰਫ ਇਸ਼ਤਿਹਾਰਬਾਜੀ ਤੇ ਹੀ ਪੰਜਾਬ ਦੇ ਲੋਕਾਂ ਦਾ ਕਰੋੜਾਂ ਰੁਪਇਆ ਉਡਾਇਆ ਜਾ ਰਿਹਾ ਹੈ ਆਗੂਆਂ ਨੇ ਕਿਹਾ ਕਿ ਮੁਲਾਜ਼ਮਾਂ ਵਲੋਂ ਸਰਕਾਰ ਵਿਰੁੱਧ ਕੀਤੇ ਜਾ ਰਹੇ ਸੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ.ਸ.ਸ.ਫ. ਦੇ ਸੂਬਾ ਪ੍ਰੈਸ ਸਕੱਤਰ ਇੰਦਰਜੀਤ ਵਿਰਦੀ ਨੇ ਦੱਸਿਆ ਕਿ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਥੀਆਂ ਨੂੰ ਉਜਾਗਰ ਕਰਕੇ ਸੰਘਰਸ਼ ਦੀ ਰੂਪ-ਰੇਖਾ ਉਲੀਕਣ ਲਈ ਪ.ਸ.ਸ.ਫ. ਦੀ ਇੱਕ ਬਹੁਤ ਹੀ ਜਰੂਰੀ ਮੀਟਿੰਗ ਮਿ 4 ਅਪ੍ਰੈਲ ਨੂੰ ਐਨ.ਆਰ.ਐਮ.ਯੂ. (ਰੇਲਵੇ) ਦੇ ਦਫਤਰ ਲੁਧਿਆਣਾ ਵਿਖੇ ਰੱਖੀ ਗਈ ਹੈ ਜਿਸ ਵਿੱਚ ਸਰਕਾਰ ਦੀਆਂ ਨੀਤੀਆਂ, ਪਿਛਲੇ ਕੀਤੇ ਸੰਘਰਸ਼ ਦਾ ਲੇਖਾ-ਜੋਖਾ, ਜੱਥੇਬੰਦਕ ਅਵਸਥਾ, ਵਿਭਾਗੀ ਜੱਥੇਬੰਦੀਆਂ ਸਹਿਤ ਭਵਿੱਖ ਵਿਚ ਸੰਘਰਸ਼ ਦੀ ਰੂਪ-ਰੇਖਾ ਵੀ ਉਲੀਕੀ ਜਾਵੇਗੀ। ਆਗੂਆਂ ਵਲੋਂ ਸਮੂਹ ਫੈਡਰਲ ਕੌਂਸਲ ਮੈਂਬਰਾਂ ਨੂੰ ਮੀਟਿੰਗ ਵਿੱਚ ਠੀਕ 11 ਵਜੇ ਤੱਕ ਪਹੁੰਚਣ ਦੀ ਅਪੀਲ ਕਤੀ ਗਈ ਹੈ। ਇਸ ਮੌਕੇ ਸਰਕਾਰ ਤੋਂ ਮੰਗ ਕੀਤੀ ਗਈ ਕਿ ਹਰ ਪ੍ਰਕਾਰ ਦੇ ਕੱਚੇ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕੀਤਾ ਜਾਵੇ, 1-1-2004 ਤੋਂ ਭਰਤੀ ਮੁਲਜ਼ਮਾਂ ਤੇ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਮਿਡ ਡੇ ਮੀਲ, ਆਸ਼ਾ ਅਤੇ ਆਗਣਵਾੜੀ ਮੁਲਾਜ਼ਮਾਂ ਨੂੰ ਘੱਟੋ-ਘੱਟ ਉਜਰਤ ਦੇ ਘੇਰੇ ਅੰਦਰ ਲਿਆਂਦਾ ਜਾਵੇ, ਤਨਖਾਹ ਕਮਿਸ਼ਨ ਦੀਆਂ ਤਰੁਟੀਆਂ ਨੂੰ ਦੂਰ ਕੀਤਾ ਜਾਵੇ, ਮੁਲਾਜ਼ਮਾਂ ਦੇ ਕੱਟੇ ਭੱਤਿਆਂ ਨੂੰ ਬਹਾਲ ਕੀਤਾ ਜਾਵੇ, ਮਹਿੰਗਾਈ ਭੱਤੇ ਦੀਆਂ ਰਹਿੰਦੀਆਂ ਕਿਸ਼ਤਾਂ ਬਕਾਇਆਂ ਸਹਿਤ ਨੂੰ ਤੁਰੰਤ ਅਦਾ ਕੀਤਾ ਜਾਵੇ, ਮੁਲਾਜ਼ਮਾਂ ਤੇ ਲਗਾਇਆਂ 2400 ਰੁਪਏ ਸਲਾਨਾ ਜਜ਼ੀਆ ਟੈਕਸ ਬੰਦ ਕੀਤਾ ਜਾਵੇ, ਵਿਭਾਗਾਂ ਦੇ ਪੁਨਰ-ਗਠਨ ਦੇ ਨਾ ਹੇਠ ਖਤਮ ਕੀਤੀਆਂ ਜਾ ਰਹੀਆਂ ਅਸਾਮੀਆਂ ਨੂੰ ਬੰਦ ਕੀਤਾ ਜਾਵੇ, ਪਰਖ-ਕਾਲ ਸਮੇਂ ਅਧੀਨ ਸਬੰਧੀ 15-01-2015 ਅਤੇ 05-09-2016 ਦਾ ਪੱਤਰ ਰੱਦ ਕੀਤਾ ਜਾਵੇ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਲਈ ਬੰਦ ਕੀਤੀ ਕੈਸ਼ਲੈਸ ਹੈਲਥ ਸਕੀਮ ਦੀਆਂ ਤਰੁੱਟੀਆਂ ਦੂਰ ਕਰਕੇ ਮੁੜ ਚਾਲੀ ਕੀਤਾ ਜਾਵੇ।

## ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ ਵੱਲੋਂ ਮੈਂਬਰਸ਼ਿਪ ਮੁਹਿੰਮ ਸ਼ੁਰੂ

**ਐਸ.ਏ.ਐਸ.ਨਗਰ, ( ਗੁਰਜੀਤ ਬਿੱਲਾ)**-ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਨੇ ਆਪਣੀ ਮੈਂਬਰਸ਼ਿਪ ਵਿੱਚ ਵਾਧਾ ਕਰਨ ਲਈ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਇਸ ਦੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਦੇ ਜ਼ਿਲ੍ਹਾ ਸਕੱਤਰ ਸ਼੍ਰੀ ਕਮਲੇਸ਼ ਕੁਮਾਰ ਨੇ ਦੱਸਿਆ ਕਿ ਸੋਸਾਇਟੀ ਨੇ ਅਗਲੇ ਸਮੇ ਦੌਰਾਨ ਆਪਣੇ ਭਲਾਈ ਕਾਰਜਾਂ ਨੂੰ ਵਧਾਉਣ ਦਾ ਫੈਸਲਾ ਕੀਤਾ ਹੈ ਅਤੇ ਇਸ ਕਰਕੇ ਮੈਂਬਰਸ਼ਿਪ ਮੁਹਿੰਮ ਵੀ ਆਰੰਭੀ ਗਈ ਹੈ। ਕਮਲੇਸ਼ ਕੁਮਾਰ ਨੇ ਦੱਸਿਆ ਇਸ ਲੜੀ ਤਹਿਤ ਟਕਸਾ ਲਾਈਫ ਸਾਇੰਸ ਕੰਪਨੀ ਡੇਰਾਬਸੀ ਦੇ ਐਮਡੀ ਗੌਰਵ ਸ਼ਰਮਾ ਅਤੇ ਟਕਸਾ ਫਾਰਮਾਸੁਟੀਕਲਸ ਕੰਪਨੀ ਡੇਰਾਬਸੀ ਦੇ ਐਮਡੀ ਅਯੁਸ਼ ਸ਼ਰਮਾ ਨੂੰ ਲਾਈਫ ਮੈਂਬਰ ਬਣਾਇਆ ਗਿਆ । ਉਨ੍ਹਾਂ ਵਲੋਂ ਰੈਡ ਕਰਾਸ ਸ਼ਾਖਾ ਨੂੰ ਕੋਵਿਡ-19 ਦੌਰਾਨ ਮਾਸਕ, ਸੈਨੀਟਾਇਜਰ, ਅਤੇ ਹੋਰ ਲੋੜੀਂਦਾ ਸਮਾਨ ਮੁਹਈਆ ਕਰਵਾਇਆ ਗਿਆ ਅਤੇ ਸਮੇਂ ਸਮੇਂ ਤੇ ਉਨ੍ਹਾਂ ਵੱਲੋਂ ਰੈਡ ਕਰਾਸ ਦੇ ਕੰਮਾਂ ਵੱਧ ਚੜ ਕੇ ਯੋਗਦਾਨ ਦਿੱਤਾ ਜਾ ਰਿਹਾ ਹੈ। ਗੋਰਵ ਸ਼ਰਮਾ ਅਤੇ ਅਯੂਸ਼ ਸਰਮਾ ਵੱਲੋ 20 ਤੋਂ ਜਿਆਦਾ ਲਾਈਫ ਮੈਂਬਰ ਬਣਾਏ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਪੈਟਰਨ ਮੈਂਬਰ ਦੀ ਫੀਸ 25,300/- ਵਾਇਸ ਪੈਟਰਨ ਮੈਂਬਰ 12300/- ਲਾਈਫ ਮੈਂਬਰ 1,160/- ਰੁਪਏ ਫੀਸ ਹੈ।

## ਅੰਮ੍ਰਿਤਧਾਰੀ ਵਿਦਿਆਰਥੀਆਂ ਲਈ ਵਜ਼ੀਫ਼ਾ ਰਾਸ਼ੀ 2 ਲੱਖ 64 ਹਜ਼ਾਰ ਦਾ ਚੈੱਕ ਜਾਰੀ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਸਥਾਪਿਤ ਬੀਬੀ ਸ਼ਰਨ ਕੌਰ ਖ਼ਾਲਸਾ ਕਾਲਜ ਸ੍ਰੀ ਚਮਕੌਰ ਸਾਹਿਬ ਦੇ ਵੱਖੋ-ਵੱਖਰੀਆਂ ਜਮਾਤਾਂ ਵਿੱਚ ਵਿੱਦਿਆ ਹਾਸਿਲ ਕਰ ਰਹੇ 34 ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਮ੍ਰਿਤਧਾਰੀ ਵਜ਼ੀਫ਼ਾ ਰਾਸ਼ੀ 2 ਲੱਖ 64 ਹਜ਼ਾਰ ਦਾ ਚੈੱਕ ਸੌਂਪਿਆ ਗਿਆ। ਗੁਰਦੁਆਰਾ ਸੁਖਚੈਨਾ ਸਾਹਿਬ ਫਗਵਾੜਾ ਵਿਖੇ ਮਾਣਯੋਗ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਅੰਮ੍ਰਿਤਧਾਰੀ ਵਜ਼ੀਫ਼ਾ ਰਾਸ਼ੀ ਦਾ ਚੈੱਕ ਕਾਲਜ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਨੇ ਪ੍ਰਾਪਤ ਕੀਤਾ। ਕਾਲਜ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਵੱਲੋਂ ਪ੍ਰਧਾਨ ਐਡਵੋਕੇਟ ਧਾਮੀ, ਸਿੱਖਿਆ ਸਕੱਤਰ ਸੁਖਮਿੰਦਰ ਸਿੰਘ ਦਾ ਇਸ ਸਹਿਯੋਗ ਲਈ ਧੰਨਵਾਦ ਕੀਤਾ। ਇਸ ਮੌਕੇ ਸਕੱਤਰ ਵਿੱਦਿਆ ਸੁਖਮਿੰਦਰ ਸਿੰਘ, ਸ਼੍ਰੋਮਣੀ ਕਮੇਟੀ ਦੇ ਮੈਂਬਰ , ਧਰਮ ਪ੍ਰਚਾਰ ਕਮੇਟੀ ਦੇ ਪ੍ਰਬੰਧਕ, ਵੱਖੋ-ਵੱਖਰੇ ਸਕੂਲਾਂ, ਕਾਲਜਾਂ ਦੇ ਪ੍ਰਿੰਸੀਪਲ, ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ।

## ਨੰਬਰਦਾਰ ਯੂਨੀਅਨ ਵੱਲੋਂ ਵਿਧਾਇਕ ਘੁੰਮਣ ਦਾ ਸਨਮਾਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਇੱਥੇ ਨੰਬਰਦਾਰ ਯੂਨੀਅਨ ਵੱਲੋਂ ਬਲਾਕ ਪ੍ਰਧਾਨ ਦਵਿੰਦਰ ਸਿੰਘ ਦੀ ਅਗਵਾਈ ਹੇਠ ਵਿਧਾਇਕ ਐਡ ਕਰਮਵੀਰ ਘੁੰਮਣ ਨੂੰ ਸਨਮਾਨਿਤ ਕੀਤਾ ਗਿਆ। ਯੂਨੀਅਨ ਦੇ ਜਨਰਲ ਸਕੱਤਰ ਮਲਕੀਤ ਸਿੰਘ ਨੇ ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਪੈਟਰਨ 'ਤੇ ਮਾਣ ਭੱਤੇ 'ਚ ਵਾਧਾ ਕਰਨ, ਨੰਬਰਦਾਰ ਦੀ ਮੌਤ ਹੋਣ ਉਪਰੰਤ ਉਸਦੇ ਪਰਿਵਾਰਕ ਮੈਂਬਰ ਨੂੰ ਹੀ ਪਹਿਲ ਦੇ ਆਧਾਰ 'ਤੇ ਨਿਯੁਕਤ ਅਤੇ ਮੌਤ ਤੋਂ ਤੁਰੰਤ ਨਵਾਂ ਨੰਬਰਦਾਰ ਬਣਾਉਣ, ਟੋਲ ਪਲਾਜ਼ਿਆਂ 'ਤੇ ਟੋਲ ਮੁਆਫ਼ ਕਰਨ, ਪਿੰਡ ਦੇ ਵਿਕਾਸ ਲਈ ਬਣਨ ਵਾਲੀ ਹਰ ਕਮੇਟੀ 'ਚ ਨੰਬਰਦਾਰ ਨੂੰ ਲਾਜ਼ਮੀ ਮੈਂਬਰ ਪਾਉਣ, ਪਿੰਡ ਦੇ ਵਸੀਕੇ ਦੀ ਤਸਦੀਕ ਸਬੰਧਤ ਪਿੰਡ ਦੇ ਨੰਬਰਦਾਰ ਵੱਲੋਂ ਕਰਨਾ ਲਾਜ਼ਮੀ ਕੀਤਾ ਜਾਵੇ, ਨੰਬਰਦਾਰ ਅਤੇ ਉਸ ਦੇ ਪਰਿਵਾਰ ਲਈ ਮੁਫ਼ਤ ਮੈਡੀਕਲ ਸੁਵਿਧਾ ਦਾ ਪ੍ਰਬੰਧ ਕਰਨ ਆਦਿ ਮੰਗਾਂ ਬਾਰੇ ਵਿਧਾਇਕ ਘੁੰਮਣ ਨੂੰ ਜਾਣੂ ਕਰਵਾਇਆ। ਯੂਨੀਅਨ ਵੱਲੋਂ ਉਕਤ ਮੰਗਾਂ ਸਬੰਧੀ ਮੰਗ ਪੱਤਰ ਵੀ ਵਿਧਾਇਕ ਘੁੰਮਣ ਨੂੰ ਸੌਂਪਿਆ।

## ਨਗਰ ਕੌਂਸਲ ਨੇ ਸਵੱਛਤਾ ਮੁਹਿੰਮ ਤਹਿਤ ਮਸ਼ਾਲ ਮਾਰਚ ਕੱਢਿਆ

**ਭੋਗਪੁਰ, (ਗੁਰਪ੍ਰੀਤ ਸਿੰਘ ਭੋਗਲ)** -ਨਗਰ ਕੌਂਸਲ ਭੋਗਪੁਰ ਵੱਲੋਂ ਅਤੇ ਸਰਕਾਰੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਸਾਂਝੇ ਤੌਰ 'ਤੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਚੱਲ ਰਹੇ ਸਵੱਛ ਭਾਰਤ ਮਿਸ਼ਨ 2023 ਦੇ ਤਹਿਤ ਸਵੱਛਤਾ ਮਿਸ਼ਾਲ ਮਾਰਚ ਭੋਗਪੁਰ ਵਿੱਚ ਕੱਢਿਆ ਗਿਆ ਜੋ ਕਿ ਨਗਰ ਕੌਂਸਲ ਭੋਗਪੁਰ ਦਫਤਰ ਤੋਂ ਸ਼ੁਰੂ ਹੋ ਕੇ ਭੋਗਪੁਰ ਜੀ.ਟੀ. ਰੋਡ ਤੋਂ ਤੋਂ ਹੁੰਦਾ ਹੋਇਆ ਰੇਲਵੇ ਰੋਡ ਤੋਂ ਵਾਪਸ ਲਿਆਂਦਾ ਗਿਆ। ਇਹ ਸਵੱਛਤਾ ਮਿਸ਼ਾਲ ਮਾਰਚ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਰਾਜੀਵ ਓਬਰਾਏ ਦੀ ਦੇਖ-ਰੇਖ ਹੇਠ ਮਨਾਇਆ ਗਿਆ। ਇਸ ਵਿੱਚ ਦਿਨੇਸ਼ ਕੁਮਾਰ (ਸੈਨੇਟਰੀ ਇੰਸਪੈਕਟਰ), ਸੁਨੀਤਾ ਰਾਣੀ (ਸੀ ਐੱਫ), ਸੋਮਪਾਲ ਲੈਕਚਰਾਰ, ਰਾਜੇਸ਼ ਕੁਮਾਰ, ਸੁਰਿੰਦਰ ਕੁਮਾਰ ਭੋਗਪੁਰ ਸਕੂਲ ਦਾ ਸਟਾਫ ਅਤੇ ਦਫਤਰ ਦੇ ਸਮੂਹ ਸਟਾਫ ਨਾਲ ਵਿਦਿਆਰਥੀ ਵੀ ਇਸ ਵਿੱਚ ਸ਼ਾਮਲ ਹੋਏ।

## ਨਾਇਬ ਤਹਿਸੀਲਦਾਰ ਦਾ ਨਿੱਘਾ ਸਵਾਗਤ

**ਸੁਲਤਾਨਪੁਰ ਲੋਧੀ, ( ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)** ਪੰਜਾਬ ਸਰਕਾਰ ਵਲੋਂ ਕਪੂਰਥਲਾ ਜ਼ਿਲ੍ਹੇ ਨਾਲ ਸਬੰਧਿਤ ਕਾਨੂੰਗੋ ਕੁਲਵਿੰਦਰ ਸਿੰਘ ਨੂੰ ਤਰੱਕੀ ਦੇ ਕੇ ਨਾਇਬ ਤਹਿਸੀਲਦਾਰ ਬਣਾਇਆ ਗਿਆ ਹੈ। ਨਾਇਬ ਤਹਿਸੀਲਦਾਰ ਬਣ ਉਪਰੰਤ ਤਹਿਸੀਲ ਕੰਪਲੈਕਸ ਸੁਲਤਾਨਪੁਰ ਲੋਧੀ ਵਿਖੇ ਪਹੁੰਚਣ ਤੇ ਕੁਲਵਿੰਦਰ ਸਿੰਘ ਨਾਇਬ ਤਹਿਸੀਲਦਾਰ ਦਾ ਪਟਵਾਰ ਯੂਨੀਅਨ ਅਤੇ ਕਾਨੂੰਗੋ ਯੂਨੀਅਨ ਬਲਾਕ ਸੁਲਤਾਨਪੁਰ ਲੋਧੀ ਵੱਲੋਂ ਉਨ੍ਹਾਂ ਨੂੰ ਗੁਲਦਸਤਾ ਭੇਟ ਕਰਕੇ ਸਨਮਾਨਿਤ ਕੀਤਾ ਗਿਆ ਅਤੇ ਵਧਾਈਆਂ ਦਿੱਤੀਆਂ ਗਈਆਂ। ਉਨ੍ਹਾਂ ਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਇਸ ਮੌਕੇ ਨਾਇਬ ਤਹਿਸੀਲਦਾਰ ਕੁਲਵਿੰਦਰ ਸਿੰਘ ਨੇ ਕਿਹਾ ਕਿ ਮੈਂ ਪੂਰੀ ਤਨਦੇਹੀ ਅਤੇ ਸਮਪਰਨ ਭਾਵਨਾ ਨਾਲ ਆਪਣੀ ਡਿਊਟੀ ਨਿਭਾਵਾਂਗਾ। ਇਸ ਮੌਕੇ ਪਟਵਾਰ ਯੂਨੀਅਨ ਸੁਲਤਾਨਪੁਰ ਲੋਧੀ ਦੇ ਪ੍ਰਧਾਨ ਗੁਰਭੇਜ ਸਿੰਘ, ਸੁਖਦੇਵ ਸਿੰਘ ਜਰਨਲ ਸਕੱਤਰ, ਗੁਰਸਾਬ ਸਿੰਘ ਸੀਨੀਅਰ ਮੀਤ ਪ੍ਰਧਾਨ, ਇੰਦਰਜੀਤ ਸਿੰਘ ਖਜਾਨਚੀ, ਸੁਖਵਿੰਦਰ ਰਾਮ ਪਟਵਾਰੀ, ਮਨੋਹਰ ਸਿੰਘ ਕਾਨੂੰਗੋ, ਬਲਵਿੰਦਰ ਸਿੰਘ ਵਨੀਕਾ ਨਵੀਸ ਅਤੇ ਵੱਡੀ ਗਿਣਤੀ ਵਿਚ ਪਟਵਾਰ ਯੂਨੀਅਨ ਅਤੇ ਕਾਨੂੰਗੋ ਯੂਨੀਅਨ ਦੇ ਮੈਂਬਰ ਤੇ ਹੋਰ ਅਧਿਕਾਰੀ ਵੀ ਹਾਜਰ ਸਨ ।

## ਪੁਲਸ ਨੇ ਕੀਤਾ ਫਲੈਗ ਮਾਰਚ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**-ਸ਼ਹਿਰ ਵਿਚ ਥਾਣਾ ਮੁਖੀ ਰਛਪਾਲ ਸਿੰਘ ਤੇ ਪੰਜਾਬ ਪੁਲਸ ਦੇ ਜਵਾਨਾਂ ਵੱਲੋਂ ਅਮਨ-ਸ਼ਾਂਤੀ ਨੂੰ ਬਰਕਰਾਰ ਰੱਖਣ ਲਈ ਭੋਗਪੁਰ ਦੇ ਬਜਾਰਾਂ, ਬੱਸ ਸਟੈਂਡ, ਰੇਲਵੇ ਸਟੇਸ਼ਨ ਤੇ ਸੜਕਾਂ 'ਤੇ ਫਲੈਗ ਮਾਰਚ ਕੱਢਿਆ ਗਿਆ ਤੇ ਵੱਖ-ਵੱਖ ਥਾਂਵਾਂ ਦੀ ਚੈਕਿੰਗ ਕੀਤੀ। ਇਸ ਮੌਕੇ ਫਲੈਗ ਮਾਰਚ ਕਰਦੇ ਹੋਏ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਵੀ ਕੀਤੀ। ਬਾਹਰਲੇ ਸੂਬਿਆਂ ਵਿੱਚੋਂ ਆ ਕੇ ਰਹਿਣ ਵਾਲੇ ਵਿਅਕਤੀਆਂ ਦੇ ਵੇਰਵੇ ਪੁਲਸ ਕੋਲ ਦੇਣ ਦੀ ਗੱਲ ਕਰਦਿਆਂ ਕਿਹਾ ਕਿ ਅਣਗਹਿਲੀ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਵੱਡੀ ਗਿਣਤੀ 'ਚ ਪੁਲਸ ਤੇ ਫੌਜ ਦੇ ਜਵਾਨ ਸ਼ਾਮਲ ਸਨ।

## ਪੀ ਸੀ ਐੱਮ ਐੱਸ ਡੀ ਕਾਲਜ 'ਚ ਟ੍ਰੀ ਪਲਾਂਟੇਸ਼ਨ ਡਰਾਈਵ ਚਲਾਈ

**ਜਲੰਧਰ ( ਇਕਬਾਲ ਸਿੰਘ ਉੱਭੀ )** ਪੀ ਸੀ ਐਮ ਐਸ.ਡੀ. ਕਾਲਜ ਫਾਰ ਵੂਮੈਨ ਦੇ ਗ੍ਰੀਨ ਐਂਡ ਇਨਵਾਇਰਮੈਂਟ ਆਡਿਟ ਸੈੱਲ ਨੇ ਬੂਟੇ ਲਗਾਉਣ ਦੀ ਮੁਹਿੰਮ ਦਾ ਆਯੋਜਨ ਕਰਕੇ ਨਵਰਾਤਰੀ ਮਨਾਈ । ਕਾਲਜ ਕੈਂਪਸ ਵਿੱਚ ਬੂਟੇ ਲਗਾਏ ਗਏ ਅਤੇ ਇਸ ਸਮਾਗਮ ਵਿੱਚ ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਇਸ ਸਮਾਗਮ ਦਾ ਉਦੇਸ਼ ਸਾਡੇ ਦੇਸ਼ ਦੇ ਹਰਿਆਵਲ ਨੂੰ ਵਧਾਉਣ ਲਈ ਲੋਕਾਂ ਵਿੱਚ ਉਤਸ਼ਾਹ ਅਤੇ ਜਾਗਰੂਕਤਾ ਪੈਦਾ ਕਰਨਾ ਸੀ। ਪ੍ਰਧਾਨ ਨਰੇਸ਼ ਕੁਮਾਰ ਬੁਧੀਆ, ਸੀਨੀਅਰ ਮੀਤ-ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰਾਂ ਅਤੇ ਪ੍ਰਿੰਸੀਪਲ ਪ੍ਰੋ. ਡਾ. ਪੂਜਾ ਪਰਾਸ਼ਰ ਨੇ ਬੂਟੇ ਲਗਾਉਣ ਦੀ ਮੁਹਿੰਮ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਫੈਕਲਟੀ ਦੇ ਯਤਨਾਂ ਦੀ ਸ਼ਲਾਘਾ ਕੀਤੀ।

## ਵਾਰਡ ਨੰਬਰ 37 'ਚ ਚਲਾਈ 103ਵੀਂ ਮਹੀਨਾਵਾਰ ਸਫ਼ਾਈ ਮੁਹਿੰਮ

**ਫਗਵਾੜਾ ( ਡਾ. ਰਮਨ )** ਨਗਰ ਕੌਂਸਲ ਦੇ ਸਾਬਕਾ ਚੇਅਰਮੈਨ ਮਲਕੀਅਤ ਸਿੰਘ ਰਘਬੋਤਰਾ ਦੀ ਅਗਵਾਈ ਹੇਠ ਸ਼ਹਿਰ ਦੇ ਵਾਰਡ ਨੰਬਰ 37 ਵਿੱਚ 103ਵੀਂ ਮਾਸਿਕ ਸਫਾਈ ਮੁਹਿੰਮ ਚਲਾਈ ਗਈ। ਇਸ ਦੌਰਾਨ ਕਾਰਪੋਰੇਸ਼ਨ ਫਗਵਾੜਾ ਦੇ ਸਫ਼ਾਈ ਕਰਮਚਾਰੀਆਂ ਦੇ ਸਹਿਯੋਗ ਨਾਲ ਮੁਹੱਲਾ ਪ੍ਰੇਮ ਨਗਰ, ਮਾਸਟਰ ਸਾਧੂ ਰਾਮ ਨਗਰ ਅਤੇ ਖੇੜਾ ਰੋਡ ਵਿਖੇ ਗਲੀਆਂ-ਨਾਲੀਆਂ ਦੀ ਸਫ਼ਾਈ ਕੀਤੀ ਗਈ। ਨਿਗਮ ਫਗਵਾੜਾ ਦੇ ਕਰਮਚਾਰੀਆਂ ਸਮੇਤ ਪ੍ਰੇਮ ਨਗਰ ਸੇਵਾ ਸੁਸਾਇਟੀ ਦੇ ਪ੍ਰਧਾਨ ਸੁਧੀਰ ਸ਼ਰਮਾ ਅਤੇ ਸਕੱਤਰ ਸੁਰਿੰਦਰ ਪਾਲ ਸਮੇਤ ਮੁਹੱਲਾ ਨਿਵਾਸੀਆਂ ਨੇ ਸਫਾਈ ਮੁਹਿੰਮ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਇਆ। ਰਘਬੋਤਰਾ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ 2014 ਵਿੱਚ ਗਾਂਧੀ ਜਯੰਤੀ ਮੌਕੇ ਦੇਸ਼ ਭਰ ਵਿੱਚ ਸ਼ੁਰੂ ਕੀਤੀ ਗਈ ਸਫਾਈ ਮੁਹਿੰਮ ਨੂੰ ਵਾਰਡ ਵਿੱਚ ਅੱਗੇ ਵਧਾਇਆ ਜਾ ਰਿਹਾ ਹੈ। ਉਨ੍ਹਾਂ ਸਫ਼ਾਈ ਦੀ ਮਹੱਤਤਾ ਬਾਰੇ ਦੱਸਦਿਆਂ ਸਮੂਹ ਵਾਰਡ ਵਾਸੀਆਂ ਨੂੰ ਆਪਣਾ ਆਲਾ-ਦੁਆਲਾ ਸਾਫ਼ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਸਫ਼ਾਈ ਤੰਦਰੁਸਤ ਜੀਵਨ ਦੀ ਕੁੰਜੀ ਹੈ, ਤੰਦਰੁਸਤ ਰਹਿਣ ਲਈ ਆਪਣੇ ਆਲੇ-ਦੁਆਲੇ ਨੂੰ ਸਾਫ਼ ਰੱਖਣਾ ਬਹੁਤ ਜ਼ਰੂਰੀ ਹੈ। ਇਸ ਮੌਕੇ ਬ੍ਰਿਜ ਭੂਸ਼ਣ, ਅਨਿਲ ਭੱਲਾ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

## ਜਸਬੀਰ ਸੰਘਾ ਤੇ ਬਖ਼ਸ਼ ਸੰਘਾ ਨੂੰ ਸਦਮਾ

**ਮੁਹਾਲੀ (ਗੁਰਜੀਤ ਬਿੱਲਾ)**— ਐਡਮਿੰਟਨ ਕੈਨੇਡਾ ਸਥਿਤ ਰੰਗਕਰਮੀ ਅਤੇ ਸਾਹਿਤਕ ਜੋੜੀ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦ ਜਸਬੀਰ ਸੰਘਾ ਦੇ ਪਿਤਾ ਅਤੇ ਬਖ਼ਸ਼ ਸੰਘਾ ਦੇ ਸਹੁਰਾ ਦਰਸ਼ਨ ਸਿੰਘ ਸੰਘਾ ਦਾ 94 ਸਾਲ ਦੀ ਉਮਰ ਭੋਗ ਕੇ ਦੇਹਾਂਤ ਹੋ ਗਿਆ। ਸੰਘਾ ਪਿੰਡ ਮਾਧੋਪੁਰ ਨੇੜੇ ਭੋਗਪੁਰ ਜ਼ਿਲ੍ਹਾ ਜਲੰਧਰ ਨਾਲ ਸਬੰਧਤ ਸਨ। ਪਿਛਲੇ ਕਈ ਦਹਾਕਿਆਂ ਤੋਂ ਆਪਣੇ ਪੁੱਤ-ਨੂੰਹ ਕੋਲ ਐਡਮਿੰਟਨ ਰਹਿ ਰਹੇ ਸਨ। ਉਹ ਆਪਣੇ ਪੁੱਤ-ਨੂੰਹ ਨੂੰ ਰੰਗਮੰਚੀ ਅਤੇ ਸਾਹਿਤਕ ਸਰਗਰਮੀਆਂ ਲਈ ਹਮੇਸ਼ਾ ਉਤਸ਼ਾਹਿਤ ਕਰਦੇ ਸਨ। ਪੰਜਾਬੀ ਲੇਖਕ ਰਿਪੁਦਮਨ ਸਿੰਘ ਰੂਪ, ਇਪਟਾ, ਪੰਜਾਬ ਦੇ ਪ੍ਰਧਾਨ ਸੰਜੀਵਨ ਸਿੰਘ,ਜਨਰਲ ਸੱਕਤਰ ਇੰਦਰਜੀਤ ਰੂਪੋਵਾਲੀ, ਇਪਟਾ, ਚੰਡੀਗੜ੍ਹ ਦੇ ਪ੍ਰਧਾਨ ਬਲਕਾਰ ਸਿੱਧੂ ਤੇ ਜਨਰਲ ਸੱਕਤਰ ਕਮਲ ਨੈਣ ਸਿੰਘ ਸੇਖੋਂ, ਅਤੇ ਸਰਘੀ ਪਰਵਾਰ ਦੇ ਰੰਗਕਰਮੀ ਰੰਜੀਵਨ ਸਿੰਘ, ਸੰਜੀਵ ਦੀਵਾਕ 'ਕੁੱਕੂ' ਅਤੇ ਰਿੱਤੂਰਾਗ ਨੇ ਸੰਘਾ ਪਰਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ।

31-March-PAGE-9.qxd 3/30/2023 10:43 PM Page 1



# ਦੰਗਾ ਪੀੜਤਾਂ ਦੇ ਨਾਂਅ 'ਤੇ ਹੋਏ ਘਪਲੇ ਦੀ ਜਾਂਚ ਹੋਵੇ : ਸਤਨਾਮ ਦਾਊਂ

**ਖਰੜ : 29 ਮਾਰਚ (ਹਰਨਾਮ ਸਿੰਘ ਡੱਲਾ)**-ਦਿੱਲੀ ਸਿੱਖ ਕਤਲੇਆਮ ਤੋਂ ਬਾਅਦ ਪੰਜਾਬੀਆਂ ਖਾਸਕਰ ਧਰਮ ਦੇ ਅਧਾਰ ਉੱਤੇ ਕਤਲੇਆਮ ਅਤੇ ਲੁੱਟ ਖਸੁੱਟ ਨਾਲ ਪੂਰਾ ਦੇਸ਼ ਹਿੱਲ ਗਿਆ ਸੀ। ਲੱਖਾਂ ਲੋਕ ਬੇਘਰ ਹੋ ਕੇ ਪੰਜਾਬ ਵਿੱਚ ਸ਼ਰਨ ਲੈਣ ਲਈ ਮਜਬੂਰ ਹੋ ਗਏ ਸਨ। ਜਿਨ੍ਹਾਂ ਨੇ ਪੰਜਾਬ ਸਰਕਾਰ ਤੋਂ ਮੁੜ ਵਸੇਬੇ ਦੀ ਮੰਗ ਕੀਤੀ ਸੀ।

ਅਪਣੇ ਪ੍ਰਵਾਰਕ ਮੈਂਬਰਾਂ ਦੇ ਵਿਛੋੜੇ ਅਤੇ ਅਰਬਾਂ ਰੁਪਏ ਦੀਆਂ ਜਾਇਦਾਦਾਂ ਦੀ ਲੁੱਟ ਖਸੁੱਟ ਤੋਂ ਬਾਅਦ ਇਹਨਾਂ ਲੋਕਾਂ ਨੂੰ ਵਸਾਉਣ ਲਈ ਪੰਜਾਬ ਸਰਕਾਰ ਵਲੋਂ ਵੱਖ ਵੱਖ ਸ਼ਹਿਰਾਂ ਵਿੱਚ ਰਿਹਾਇਸ਼ੀ,ਕਮਰਸ਼ੀਅਲ ਅਤੇ ਉਦਯੋਗਿਕ ਜਾਇਦਾਦਾਂ ਅਲਾਟ ਕਰਨ ਲਈ ਗਮਾਡਾ,ਗਲਾਡਾ, ਪੁੱਡਾ ਅਤੇ ਪਟਿਆਲਾ ਡਿਵੈਲਪਮੈਂਟ ਅਥਾਰਟੀ ਆਦਿ ਨੂੰ ਅਧਿਕਾਰ ਦਿੱਤੇ ਸਨ ਕਿ ਦੰਗਾ ਪੀੜਤਾਂ ਨੂੰ ਮੁੜ ਵਸੇਬੇ ਲਈ ਜਾਇਦਾਦਾਂ ਅਲਾਟ ਕੀਤੀਆਂ ਜਾਣ। ਪਰ ਹਾਲੇ ਤੱਕ ਬਹੁਤ ਸਾਰੇ ਅਸਲ ਦੰਗਾ ਪੀੜਤ, ਪੰਜਾਬ ਦੀ ਅਫਸਰਸ਼ਾਹੀ, ਰਾਜਨੀਤੀਵਾਨਾਂ ਅਤੇ ਸਬੰਧਤ ਮਹਿਕਮੇ ਦੇ ਅਧਿਕਾਰੀਆਂ ਤੋਂ ਪੀੜਤ ਚਲੇ ਆ ਰਹੇ ਹਨ। ਇਸ ਗੱਲ ਦਾ ਖੁਲਾਸਾ ਉੱਘੇ ਸਮਾਜ ਸੇਵੀ ਅਤੇ ਪੰਜਾਬ ਅਗੇਂਸਟ ਕੁਰੱਪਸ਼ਨ ਦੇ ਪ੍ਰਧਾਨ ਸਤਨਾਮ ਸਿੰਘ ਦਾਊਂ ਨੇ ਪੁੱਡਾ ਭਵਨ ਮੋਹਾਲੀ ਦੇ ਗੇਟ ਅੱਗੇ ਕੀਤੀ ਗਈ ਪ੍ਰੈੱਸ ਕਾਨਫਰੰਸ ਵਿੱਚ ਕੀਤਾ ਹੈ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਚੀਫ ਵਿਜੀਲੈਂਸ ਅਫਸਰ ਪੰਜਾਬ ਅਤੇ ਮੁੱਖ ਸਕੱਤਰ ਪੰਜਾਬ ਨੂੰ ਲਿਖੇ ਪੱਤਰ ਦੇ ਹਵਾਲੇ ਨਾਲ ਵੀ ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਗਮਾਡਾ ਦੇ ਅਫਸਰਾਂ ਅਤੇ ਕਰਮਚਾਰੀਆਂ ਦੀ ਮਿਲੀ ਭੁਗਤ ਨਾਲ ਦੰਗਾ ਪੀੜਤਾਂ ਦੇ ਨਾਂਅ ਉੱਤੇ ਦਸ ਹਜਾਰ ਜਾਇਦਾਦਾਂ ਦਾ ਘਪਲਾ ਹੋਇਆ ਹੈ। ਉਨ੍ਹਾਂ ਕਿਹਾ ਕਿ ਹਾਲੇ ਦੋ ਕੁ ਹਫਤੇ ਪਹਿਲਾਂ ਹੀ ਪੰਜਾਬ ਸਰਕਾਰ ਨੇ ਸਕੈਮ ਵਾਲੀਆਂ 25 ਜਾਇਦਾਦਾਂ ਦਾ ਪਤਾ ਲਗਾ ਕੇ ਲੋਕਾਂ ਨੂੰ ਵੇਚੀਆਂ ਹਨ, ਜਿਹਨਾਂ ਦੇ 930 ਕਰੋੜ ਰੁਪਏ ਸਰਕਾਰੀ ਖਜਾਨੇ ਵਿੱਚ ਜਮ੍ਹਾਂ ਕੀਤੇ ਜਾ ਚੁੱਕੇ ਹਨ।



ਇਸ ਤੋਂ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਪਿਛਲੇ 39 ਸਾਲਾਂ ਤੋਂ ਪੁਰਾਣੇ ਇਸ ਸਕੈਮ ਨਾਲ ਕਿੰਨੇ ਸਰਕਾਰੀ ਅਫਸਰ, ਰਾਜਨੀਤਕ ਪਾਰਟੀਆਂ ਦੇ ਆਗੂ ਅਤੇ ਦੰਗਾ ਪੀੜਤਾਂ ਦੇ ਅਖੌਤੀ ਲੀਡਰ ਕਿੰਨਾਂ ਧਨ ਡਕਾਰ ਚੁੱਕੇ ਹੋਣਗੇ। ਪੰਜਾਬ ਦੀਆਂ ਪਿਛਲੀਆਂ ਸਰਕਾਰਾਂ ਸਮੇਂ ਇਨ੍ਹਾਂ ਦੰਗਾ ਪੀੜਤਾਂ ਨੂੰ ਰਾਹਤ ਦੇਣ ਦੀ ਵਿਜਾਏ ਜਾਹਲੀ ਸਰਟੀਫਿਕੇਟ ਬਣਾ ਕੇ ਸਰਕਾਰੀ ਅਫਸਰਾਂ ਅਤੇ ਕਰਮਚਾਰੀਆਂ ਨੇ ਇਹਨਾਂ ਰਿਹਾਇਸ਼ੀ, ਕਮਰਸ਼ੀਅਲ ਅਤੇ ਉਦਯੋਗਿਕ ਜਾਇਦਾਦਾਂ ਉੱਤੇ ਕਬਜੇ ਕੀਤੇ ਹੋਏ ਹਨ ਜਾਂ ਉਨ੍ਹਾਂ ਤੋਂ ਮਿਲਦੇ ਕਰਾਏ ਨਾਲ ਮਾਲਾ ਮਾਲ ਹੋ ਰਹੇ ਹਨ। ਇਸ ਤਰ੍ਹਾਂ ਸਰਕਾਰੀ ਅਫਸਰਾਂ, ਰਾਜਨੀਤਕ ਪਾਰਟੀਆਂ ਦੇ ਆਗੂਆਂ ਅਤੇ ਅਖੌਤੀ ਦੰਗਾ ਪੀੜਤ ਲੀਡਰਾਂ ਨੇ ਸਰਕਾਰੀ ਖਜਾਨੇ ਦੀ ਤਿਜੌਰੀ ਵਿੱਚ ਛੇਕ ਕਰਕੇ ਅਰਬਾਂ ਰੁਪਏ ਬਰਬਾਦ ਕੀਤੇ ਹਨ। ਇਸ ਬਹੁਤ ਕਰੋੜੀ ਸਕੈਮ ਨੂੰ ਦਬਾਉਣ ਦੀ ਨੀਅਤ ਨਾਲ ਰਾਜਸੀ ਆਗੂਆਂ ਤੇ ਮਾਫੀਆ ਦੇ ਦਬਾਅ ਨਾਲ ਮੰਗੀ ਗਈ ਜਾਣਕਾਰੀਆਂ ਮੁਹੱਈਆ ਨਹੀਂ ਕਰਵਾਈਆਂ ਗਈਆਂ ਜਾਂ ਗਲਤ ਜਾਣਕਾਰੀ ਦਿੱਤੀ ਗਈ। ਇਸ ਤੋਂ ਬਾਅਦ ਪੁੱਡਾ ਤੋਂ ਆਰ ਟੀ ਆਈ ਕਾਨੂੰਨ 2005 ਰਾਹੀਂ ਮੰਗੀ ਗਈ ਜਾਣਕਾਰੀ ਵੀ ਦਬਾ ਦਿੱਤੀ ਗਈ। ਇੱਥੋਂ ਤਕ ਕਿ ਆਰ ਟੀ ਆਈ ਕਮਿਸ਼ਨਰ ਪੰਜਾਬ ਦੇ ਦਫਤਰ ਵਲੋਂ ਵੀ ਇਹ ਜਾਣਕਾਰੀ ਨਾ ਦੇਣ ਦੀ ਨੀਅਤ ਨਾਲ ਸਤਨਾਮ ਸਿੰਘ ਦਾਊਂ ਨੂੰ ਝੂਠ ਬੋਲਿਆ ਗਿਆ ਕਿ ਤੁਸੀਂ ਇਸ ਦਫਤਰ ਵਲੋਂ ਸੱਦੇ ਜਾਣ ਉੱਤੇ ਆਪਣਾ ਪੱਖ ਪੇਸ਼ ਕਰਨ ਲਈ ਆਏ ਹੀ ਨਹੀਂ,ਇਸ ਕਰਕੇ ਤੁਹਾਡੀ ਦਰਖਾਸਤ ਦਫਤਰ ਦਾਖਲ ਕਰ ਦਿੱਤੀ ਗਈ ਹੈ। ਇਸ ਤਰ੍ਹਾਂ ਦਾਊਂ ਨੇ ਆਰ ਟੀ ਆਈ ਦੀ ਕਾਰਜ ਸ਼ੈਲੀ ਉੱਤੇ ਵੀ ਸਵਾਲ ਉਠਾਏ ਹਨ। ਦਾਊਂ ਨੇ ਕਿਹਾ ਕਿ ਇਸ ਘਪਲੇ ਦੀ ਨਿਰਪੱਖ ਜਾਂਚ ਤੋਂ ਬਾਅਦ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਕਾਨੂੰਨ ਅਨੁਸਾਰ ਸਜਾਵਾਂ ਦਿੱਤੀਆਂ ਜਾਣ।

## ਐੱਸ ਸੀ ਕਮਿਸ਼ਨ ਮੈਂਬਰਾਂ ਦੀ ਗਿਣਤੀ ਤੇ ਕਾਰਜ-ਕਾਲ ਘਟਾਉਣਾ ਸਮਾਜ ਨਾਲ ਵੱਡਾ ਧੋਖਾ : ਪ੍ਰਸ਼ੋਤਮ ਅਹੀਰ



**ਹੁਸ਼ਿਆਰਪੁਰ (ਓ ਪੀ ਰਾਣਾ)**-ਪ੍ਰਸ਼ੋਤਮ ਰਾਜ ਅਹੀਰ ਸੂਬਾ ਪ੍ਰਧਾਨ ਲੇਬਰ ਵਿੰਗ ਸੰਯੁਕਤ ਸਮਾਜ ਮੋਰਚਾ ਪੰਜਾਬ ਨੇ ਆਪ ਸਰਕਾਰ ਵਲੋਂ ਐਸ ਸੀ ਕਮਿਸ਼ਨ ਦੇ ਮੈਂਬਰਾਂ ਤੇ ਕਾਰਜਕਾਲ ਘਟਾਉਣ ਦੀ ਕੜੇ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਐਸ ਸੀ ਕਮਿਸ਼ਨ ਇਕ ਸੋਸ਼ਲ ਵੈਲਫੇਅਰ ਲਈ ਹੈ ਤੇ ਉਨ੍ਹਾਂ ਨੂੰ ਸੰਪੂਰਨ ਨਿਆਂ ਪ੍ਰਬੰਧ ਲਈ ਹੈ, ਜਿਵੇਂ ਅੱਜ ਕੱਲ੍ਹ ਦੇ ਹਲਾਤਾਂ ਵਿੱਚ ਐਸੀ ਸਮਾਜ ਨਾਲ ਲੱਗਭਗ ਹਰ ਦੂਜੇ ਤੀਜੇ ਦਿਨ ਕੋਈ ਨਾ ਕੋਈ ਘਟਨਾ ਚਾਹੇ ਸਰਕਾਰੀ ਅਦਾਰੇ ਵਿੱਚ ਹੋਵੇ ਜਾਂ ਬਾਹਰ ਇਵੇਂ ਹੀ ਭੇਦ-ਭਾਵ ਦੀ ਵਿਤਕਰੇ ਦੀ ਘਟਨਾ ਸਾਹਮਣੇ ਆ ਹੀ ਜਾਂਦੀ ਹੈ, ਤੇ ਜਦੋਂ ਸੁਣਵਾਈ ਨਹੀਂ ਹੁੰਦੀ ਤਾਂ ਫਿਰ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਜਾਂਦੀ ਤੇ ਕਮਿਸ਼ਨ ਦੇ ਦਬਾਅ ਹੇਠ ਪ੍ਰਸ਼ਾਸਨ ਨੂੰ ਬਣਦੀ ਕਾਰਵਾਈ ਕਰਨੀ ਪੈਂਦੀ ਹੈ, ਸੋ ਮੈਂਬਰਾਂ ਦੀ ਗਿਣਤੀ ਨੂੰ ਘੱਟ ਕਰਨਾ ਮਤਲਬ ਸਰਕਾਰ ਐਸ ਸੀ ਸਮਾਜ ਨੂੰ ਨਜ਼ਰਅੰਦਾਜ਼ ਕਰ ਰਹੀ ਹੈ ਤੇ ਕਮਿਸ਼ਨ ਨੂੰ ਵੀ ਪੂਰੀ ਤਰ੍ਹਾਂ ਕਮਜ਼ੋਰ ਕਰ ਰਹੀ ਹੈ। ਪਹਿਲਾਂ ਏ ਜੀ ਦਫਤਰ ਵਿਚ ਨਿਯੁਕਤੀਆਂ ਵਿਚ ਕਟੌਤੀ ਕੀਤੀ ਤੇ ਹੁਣ ਐਸ ਸੀ ਕਮਿਸ਼ਨ ਦੇ ਮੈਂਬਰਾਂ ਵਿੱਚ ਤੇ ਹੋਰ ਵੀ ਸਮਾਜ ਦੇ ਬਹੁਤ ਸਾਰੇ ਮਸਲੇ ਅਜੇ ਗੱਲਾਂ ਵਿਚ ਹੀ ਹਨ ਜਿਨ੍ਹਾਂ ਨੂੰ ਹੱਲ ਨਹੀਂ ਕੀਤਾ ਗਿਆ। ਇਸ ਸਭ ਤੋਂ ਸਿੱਧ ਹੁੰਦਾ ਹੈ ਕਿ ਸਰਕਾਰ ਦੀ ਨੀਅਤ ਸਮਾਜ ਪ੍ਰਤੀ ਸਾਫ ਨਹੀਂ ਹੈ ਸੋ ਸਰਕਾਰ ਨੂੰ ਜਲਦੀ ਇਹ ਨੋਟੀਫਿਕੇਸ਼ਨ ਵਾਪਸ ਲੈਣਾ ਚਾਹੀਦਾ ਹੈ। ਜਿੰਨੇ ਮੈਂਬਰ ਕਮਿਸ਼ਨ ਵਿੱਚ ਘੱਟ ਹੋਣਗੇ ਉਨਾਂ ਹੀ ਸਮਾਜ ਦੇ ਮਸਲਿਆਂ ਉਪਰ ਘੱਟ ਕੰਮ ਹੋਵੇਗਾ ਤੇ ਵਿਤਕਰਾ ਤੇ ਜੁਲਮ ਗਰੀਬ ਸਮਾਜ ਉਪਰ ਵਧਣਗੇ,ਅਸੀਂ ਇਸ ਨੋਟੀਫਿਕੇਸ਼ਨ ਦੀ ਘੋਰ ਨਿੰਦਾ ਕਰਦੇ ਹਾਂ।

## ਦਲਿਤ ਪਿਛੋਕੜ ਵਾਲੇ ਈਸਾਈਆਂ ਤੇ ਮੁਸਲਮਾਨਾਂ ਲਈ ਰਾਖਵਾਂਕਰਨ ਲਾਗੂ ਕੀਤਾ ਜਾਵੇ : ਜੌਰਜ




**ਸ਼ਾਹਕੋਟ (ਗਿਆਨ ਸੈਦਪੁਰੀ)** ਨੈਸ਼ਨਲ ਕੌਂਸਿਲ ਆਫ ਦਲਿਤ ਕ੍ਰਿਸਚਨ ਦੇ ਪੰਜਾਬ ਤੋਂ ਮੈਂਬਰ ਮਾਸਟਰ ਰਾਜੂ ਜੌਰਜ ਨੇ ਦੱਸਿਆ ਕਿ ਦੇਸ਼ ਭਰ ਤੋਂ ਆਏ ਦਲਿਤ ਇਸਾਈ ਅਤੇ ਮੁਸਲਿਮ ਆਗੂਆਂ ਨੇ ਦਿੱਲੀ ਦੇ ਯੰਤਰ ਮੰਤਰ ਵਿਖੇ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ। ਇਸ ਪ੍ਰਦਰਸ਼ਨ ਵਿੱਚ ਮੰਗ ਕੀਤੀ ਗਈ ਕਿ ਦਲਿਤ ਮੂਲ ਦੇ ਇਸਾਈਆਂ ਅਤੇ ਮੁਸਲਮਾਨਾਂ ਨੂੰ ਸੰਵਿਧਾਨ ਦੇ ਆਰਟੀਕਲ 341 ਤਹਿਤ ਰਾਖਵਾਂਕਰਨ ਦਿੱਤਾ ਜਾਵੇ। ਇਸ ਰੋਸ ਰੈਲੀ ਵਿੱਚ ਦੱਖਣ ਭਾਰਤ ਦੇ ਮੈਂਬਰ ਪਾਰਲੀਮੈਂਟ ਉਚੇਚੇ ਤੌਰ 'ਤੇ ਸ਼ਾਮਲ ਹੋਏ। ਉਨ੍ਹਾਂ ਨੇ ਮੰਗ ਕੀਤੀ ਕਿ ਰਾਸ਼ਟਰਪਤੀ ਦੇ ਹੁਕਮ ਨੰਬਰ 1950 ਦੇ ਪੈਰ੍ਹਾ ਨੰਬਰ ਤਿੰਨ ਨੂੰ ਹਟਾਇਆ ਜਾਵੇ। ਇਸ ਪੈਰ੍ਹੇ ਰਾਹੀ ਦਲਿਤ ਮੂਲ ਦੇ ਇਸਾਈਆਂ ਅਤੇ ਮੁਸਲਮਾਨਾਂ ਨੂੰ ਰਾਖਵੇਂਕਰਨ ਦੇ ਅਧਿਕਾਰ ਤੋਂ ਵੰਚਿਤ ਰੱਖਿਆ ਹੋਇਆ ਹੈ। ਆਗੂਆਂ ਨੇ ਜਸਟਿਸ ਰੰਗਾਨਾਥ ਮਿਸ਼ਰਾ ਦੀ ਰਿਪੋਰਟ ਲਾਗੂ ਕਰਨ ਦੀ ਵੀ ਮੰਗ ਕੀਤੀ। ਰਾਜੂ ਜੌਰਜ ਨੇ ਦੱਸਿਆ ਕਿ ਦਿੱਲੀ ਦੇ ਰੋਸ ਵਿਖਾਵੇ ਵਿੱਚ ਫਾਦਰ ਵਿਲੀਅਮ ਸਹੋਤਾ, ਯੂਨੀਅਨ ਪੀਟਰ, ਵਿਲੀਅਮ ਜੱਟਾ, ਡਾ. ਅਰਨੌਲਡ, ਪੂਰਨ ਸਫਰੀ, ਰੋਹਿਤ ਖੋਖਰ, ਜੌਹਨ ਕੋਟਲੀ, ਲਾਲ ਮਸੀਹ ਸਰਕਪੁਰ ਦੀ ਅਗਵਾਈ ਵਿੱਚ ਪੰਜਾਬ ਤੋਂ ਇੱਕ ਵੱਡਾ ਕਾਫਲਾ ਪਹੁੰਚਿਆ। ਕੌਮੀ ਆਗੂਆਂ ਵਿੱਚ ਵੀ. ਜੇ ਜੌਰਜ, ਡਾ. ਮਾਈਕਲ ਮਾਰਟਿਨ, ਪ੍ਰੋ: ਐਮੂ ਮੈਰੀਜਨ, ਐਡਵੋਕੇਟ ਫਰੈਂਕਲਿਨ ਸੀਜਰ ਥੋਮਸ, ਮਨੀਰ ਮਸੀਹ ਪੁਰਾਣਾ ਸਾਲਾ ਅਤੇ ਜੌਨੀ ਸਹੋਤਾ ਸ਼ਾਮਲ ਹੋਏ।

## ਤਾਨਾਸ਼ਾਹੀ 'ਚ ਮੋਦੀ ਸਰਕਾਰ ਨੇ ਅੰਗਰੇਜ਼ਾਂ ਨੂੰ ਵੀ ਪਿੱਛੇ ਛੱਡ ਦਿੱਤਾ : ਹਰਭਜਨ ਸਿੰਘ ਈਟੀਓ




**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**- ਆਮ ਆਦਮੀ ਪਾਰਟੀ (ਆਪ) ਨੇ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਦੇ ਤਾਨਾਸ਼ਾਹੀ ਰਵੱਈਏ ਦੀ ਸਖਤ ਆਲੋਚਨਾ ਕਰਦਿਆਂ ਕਿਹਾ ਕਿ ਅੱਜ ਹਰ ਭਾਰਤੀ ਦੀ ਆਵਾਜ ਹੈ 'ਮੋਦੀ ਹਟਾਓ, ਦੇਸ਼ ਬਚਾਓ'। ਭਾਜਪਾ ਸਰਕਾਰ ਨੇ ਸਾਡੇ ਦੇਸ਼, ਸੰਵਿਧਾਨ ਅਤੇ ਲੋਕਾਂ ਨੂੰ ਹਰ ਪੱਖੋਂ ਫੇਲ੍ਹ ਕੀਤਾ ਹੈ ਤਾਂ ਦੇਸ਼ ਨੂੰ ਬਚਾਉਣ ਲਈ ਮੋਦੀ ਨੂੰ ਸੱਤਾ ਤੋਂ ਹਟਾਉਣਾ ਹੀ ਪਵੇਗਾ। ਵੀਰਵਾਰ ਨੂੰ ਜਲੰਧਰ ਵਿਖੇ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਕਿਹਾ ਕਿ ਸਾਡੇ ਸ਼ਹੀਦਾਂ ਨੇ ਦੇਸ਼ ਨੂੰ ਸਿਰਫ ਅੰਗਰੇਜਾਂ ਤੋਂ ਹੀ ਨਹੀਂ ਬਲਕਿ ਅਨਪੜ੍ਹਤਾ, ਸਮਾਜਿਕ ਵੰਡ ਅਤੇ ਬੇਇਨਸਾਫੀ ਤੋਂ ਵੀ ਮੁਕਤ ਕਰਵਾਉਣ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ, ਲਾਲਾ ਲਾਜਪਤ ਰਾਏ, ਬੀ ਕੇ ਦੱਤ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਤਾਂ ਜੋ ਸਾਡੇ ਦੇਸ਼ ਦੇ ਲੋਕਾਂ ਨੂੰ ਸਿੱਖਿਆ, ਸਿਹਤ ਸਹੂਲਤਾਂ, ਰੁਜਗਾਰ, ਬਰਾਬਰੀ ਅਤੇ ਵਿਚਾਰ ਪ੍ਰਗਟਾਵੇ ਦੀ ਆਜਾਦੀ ਮਿਲ ਸਕੇ। ਇਸ ਪ੍ਰੈਸ ਕਾਨਫਰੰਸ ਦੌਰਾਨ ਜਲੰਧਰ ਦੇ ਸੈਂਟਰਲ ਤੋਂ ਵਿਧਾਇਕ ਰਮਨ ਅਰੋੜਾ ਅਤੇ ਪੰਜਾਬ ਦੇ ਸੰਯੁਕਤ ਸਕੱਤਰ ਆਤਮ ਪ੍ਰਕਾਸ਼ ਬਬਲੂ ਵੀ ਮੌਜੂਦ ਸਨ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਭਾਜਪਾ ਦੀ ਤਾਨਾਸ਼ਾਹ ਸਰਕਾਰ ਨੇ ਅੰਗਰੇਜਾਂ ਦੇ ਰਾਜ ਨੂੰ ਵੀ ਪਿੱਛੇ ਛੱਡ ਦਿੱਤਾ ਅਤੇ ਸਿਰਫ ਕੁਝ ਪੋਸਟਰ ਲਗਾਉਣ ਕਰਕੇ 138 ਐਫਆਈਆਰਜ ਦਰਜ ਕਰ ਦਿੱਤੀਆਂ। ਇਹ ਮੋਦੀ ਸਰਕਾਰ ਦਾ ਤਾਨਾਸ਼ਾਹੀ ਰਵੱਈਆ ਹੈ। ਵਿਦਿਆਰਥੀ, ਨੌਜਵਾਨ, ਕਿਸਾਨ, ਵਪਾਰੀ, ਔਰਤਾਂ, ਕੋਈ ਵੀ ਵਰਗ ਮੋਦੀ ਸਰਕਾਰ ਵਿੱਚ ਸੁਰੱਖਿਅਤ ਮਹਿਸੂਸ ਨਹੀਂ ਕਰ ਰਿਹਾ। ਉਨ੍ਹਾਂ ਨੂੰ ਭਾਜਪਾ ਵਿੱਚ ਕੋਈ ਭਵਿੱਖ ਨਜਰ ਨਹੀਂ ਆਉਂਦਾ। ਬੇਰੋਜਗਾਰੀ ਦਰ, ਭ੍ਰਿਸ਼ਟਾਚਾਰ ਅਤੇ ਮਹਿੰਗਾਈ ਨੂੰ ਕਾਬੂ ਕਰਨ ਵਿੱਚ ਮੋਦੀ ਸਰਕਾਰ ਪੂਰੀ ਤਰ੍ਹਾਂ ਨਾਕਾਮ ਰਹੀ ਹੈ। ਇਸ ਲਈ ਅਜਿਹੀ ਸਰਕਾਰ ਨੂੰ ਦੇਸ਼ ਵਿਚ ਬਣੇ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ।

'ਆਪ' ਮੰਤਰੀ ਨੇ ਕਿਹਾ ਕਿ ਮੋਦੀ ਦੇ ਰਾਜ 'ਚ ਸਿਰਫ ਪੂੰਜੀਪਤੀ ਹੀ ਵਧ-ਫੁੱਲ ਰਹੇ ਹਨ। ਉਨ੍ਹਾਂ ਨੇ ਪੀ ਐਮ ਮੋਦੀ ਨੂੰ ਸਵਾਲ ਕਰਦੇ ਹੋਏ ਕਿਹਾ ਕਿ ਕੀ ਉਹ ਆਪਣੇ ਦੋਸਤ ਅਡਾਨੀ ਦੇ ਘੁਟਾਲਿਆਂ ਦੀ ਜਾਂਚ ਕਰਨਗੇ ? ਵਿਰੋਧੀ ਧਿਰ ਦੇ ਨੇਤਾਵਾਂ ਦੀ ਆਵਾਜ ਨੂੰ ਦਬਾਉਣ ਅਤੇ ਉਨ੍ਹਾਂ ਨੂੰ ਸੀਬੀਆਈ ਅਤੇ ਈਡੀ ਦੀਆਂ ਧਮਕੀਆਂ ਦੇਣ ਲਈ ਭਾਜਪਾ ਸਰਕਾਰ 'ਤੇ ਪਲਟਵਾਰ ਕਰਦਿਆਂ ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਦੇ ਆਗੂ ਵੀ ਚੁਣੇ ਹੋਏ ਨੁਮਾਇੰਦੇ ਹਨ ਜਿਨ੍ਹਾਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਪੂਰਾ ਅਧਿਕਾਰ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਦੀ ਬਿਹਤਰੀ ਲਈ ਕੰਮ ਕਰਨ ਵਾਲਾ ਮਨੀਸ ਸਿਸੋਦੀਆ ਵਰਗਾ ਆਗੂ ਅੱਜ ਜੇਲ੍ਹ ਵਿੱਚ ਹੈ ਪਰ ਭਾਜਪਾ ਦੇ ਕਈ ਭ੍ਰਿਸ਼ਟ ਆਗੂ ਸਰੇਆਮ ਘੁੰਮ ਰਹੇ ਹਨ। ਉਨ੍ਹਾਂ ਕਿਹਾ ਕਿ ਸਾਡੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਸਾਡੇ ਮੁੱਖ ਮੰਤਰੀ ਭਗਵੰਤ ਮਾਨ ਨੇ ਹਰ ਬੱਚੇ ਨੂੰ ਸਿੱਖਿਅਤ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ ਹੈ। ਚੰਗੀ ਸਿੱਖਿਆ ਲਈ ਦਿੱਲੀ ਅਤੇ ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਵਿਸ਼ਵ ਪੱਧਰੀ ਬਣਾ ਰਹੇ ਹਨ, ਕਿਉਂਕਿ ਪਿਛਲੇ 75 ਸਾਲਾਂ ਵਿੱਚ ਪਿਛਲੀਆਂ ਸਰਕਾਰਾਂ ਨੇ ਸਾਡੇ ਸ਼ਹੀਦਾਂ ਦੇ ਸੁਪਨਿਆਂ ਨੂੰ ਤੋੜਨ ਤੋਂ ਇਲਾਵਾ ਕੁਝ ਨਹੀਂ ਕੀਤਾ। ਈਟੀਓ ਨੇ ਕਿਹਾ ਕਿ ਉਹ ਮੀਡੀਆ ਰਾਹੀਂ ਮੋਦੀ ਨੂੰ ਦੱਸਣਾ ਚਾਹੁੰਦੇ ਹਨ ਕਿ ਸਾਡਾ ਸੰਵਿਧਾਨ ਅਸੀਂ ਭਾਰਤ ਦੇ ਲੋਕ ਨਾਲ ਸ਼ੁਰੂ ਹੁੰਦਾ ਹੈ, ਇਸ ਲਈ ਇਹ ਦੇਸ਼ ਇੱਥੋਂ ਦੇ ਲੋਕਾਂ ਦਾ ਹੈ। ਧਾਰਾ 32 ਦੇ ਸਬੰਧ ਵਿੱਚ ਡਾ: ਬੀ.ਆਰ. ਅੰਬੇਡਕਰ ਨੇ ਕਿਹਾ ਕਿ ਇਹ ਸਾਡੇ ਸੰਵਿਧਾਨ ਦੀ ਆਤਮਾ ਹੈ ਅਤੇ ਹਰ ਨਾਗਰਿਕ ਨੂੰ ਬੋਲਣ ਅਤੇ ਵਿਚਾਰ ਪ੍ਰਗਟ ਕਰਨ ਦਾ ਅਧਿਕਾਰ ਹੈ। ਅਸੀਂ ਕਿਸੇ ਵੀ ਕੀਮਤ 'ਤੇ ਭਾਜਪਾ ਨੂੰ ਸੰਵਿਧਾਨ ਦੀਆਂ ਧੱਜੀਆਂ ਨਹੀਂ ਉਡਾਉਣ ਦੇਵਾਂਗੇ।

## ਮਰਨਾਈਆਂ ਦੇ ਡੇਰੇ 'ਤੇ ਗੱਡੀ ਛੱਡ ਫਰਾਰ ਹੋਇਆਂ ਦੀ ਉੱਘ-ਸੁੱਘ ਨਹੀਂ ਮਿਲੀ

**ਮਹਿਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਮੰਗਲਵਾਰ ਦੇਰ ਰਾਤ ਅੰਮ੍ਰਿਤਪਾਲ ਸਿੰਘ ਨੂੰ ਫਗਵਾੜਾ-ਹੁਸ਼ਿਆਰਪੁਰ ਹਾਈਵੇਅ 'ਤੇ ਸਥਿਤ ਪਿੰਡ ਮਰਨਾਈਆ ਕਲਾਂ 'ਚ ਦੇਖਣ ਦਾ ਦਾਅਵਾ ਕੀਤਾ ਗਿਆ। ਜਿਵੇਂ ਹੀ ਪੁਲਸ ਕੋਲ ਇਹ ਸੂਚਨਾ ਪਹੁੰਚੀ ਤਾਂ ਪੰਜਾਬ ਪੁਲਸ ਦੀ ਫੋਰਸ ਅਤੇ ਸੀ.ਆਰ.ਪੀ.ਐੱਫ. ਦੇ ਜਵਾਨਾਂ ਨੇ ਪਿੰਡ ਨੂੰ ਘੇਰਾ ਪਾ ਲਿਆ। ਦੱਸਿਆ ਜਾ ਰਿਹਾ ਹੈ ਕਿ ਇਸ ਇਨੋਵਾ ਕਾਰ 'ਚ ਅੰਮ੍ਰਿਤਪਾਲ ਸਿੰਘ ਦੇ ਸਵਾਰ ਹੋਣ ਦਾ ਸ਼ੱਕ ਪਾਇਆ ਗਿਆ ਸੀ। ਹਾਲਾਂਕਿ ਇਹ ਸੂਚਨਾ ਕਿਸ ਨੇ ਦਿੱਤੀ, ਇਸ ਬਾਰੇ ਕੋਈ ਠੋਸ ਜਵਾਬ ਨਹੀਂ ਮਿਲ ਰਿਹਾ ਪਰ ਪੁਲਸ ਨੇ ਕਾਫੀ ਦੇਰ ਤੱਕ ਪਿੰਡ 'ਚ ਤਲਾਸ਼ੀ ਮੁਹਿੰਮ ਚਲਾਈ ਪਰ ਅੰਮ੍ਰਿਤਪਾਲ ਸਿੰਘ ਦਾ ਕੋਈ ਸੁਰਾਗ ਨਹੀਂ ਮਿਲਿਆ। ਪਿੰਡ ਮਰਨਾਈਆਂ 'ਚ ਮੰਗਲਵਾਰ ਦੀ ਸ਼ਾਮ ਦੋ ਸ਼ੱਕੀ ਵਿਅਕਤੀ ਇਨੋਵਾ ਕਾਰ ਛੱਡ ਕੇ ਫਰਾਰ ਹੋ ਗਏ। ਪੁਲਸ ਉਨ੍ਹਾਂ ਦਾ ਪਿੱਛਾ ਕਰ ਰਹੀ ਸੀ ਪਰ ਪਿੰਡ 'ਚ ਦਾਖਲ ਹੋਣ 'ਤੇ ਕੋਈ ਰਸਤਾ ਨਾ ਮਿਲਣ 'ਤੇ ਦੋਵੇਂ ਸ਼ੱਕੀ ਵਿਅਕਤੀ ਇਨੋਵਾ ਗੱਡੀ ਨੂੰ ਗੁਰਦੁਆਰਾ ਸਾਹਿਬ ਦੇ ਕੋਲ ਛੱਡ ਕੇ ਫਰਾਰ ਹੋ ਗਏ। ਪੁਲਸ ਨੂੰ ਸ਼ੱਕ ਹੈ ਕਿ ਭਗੌੜਾ ਖਾਲਿਸਤਾਨ ਸਮਰਥਕ ਅੰਮ੍ਰਿਤਪਾਲ ਸਿੰਘ ਅਤੇ ਉਸ ਦਾ ਸਾਥੀ ਪੱਪਲਪ੍ਰੀਤ ਹੋ ਸਕਦੇ ਹਨ। ਡੀਆਈਜੀ ਸਵਪਨ ਸ਼ਰਮਾ, ਐੱਸਐੱਸਪੀ ਸਰਤਾਜ ਸਿੰਘ ਚਾਹਲ ਵੀ ਮੌਕੇ 'ਤੇ ਪੁੱਜੇ ਅਤੇ ਸਥਿਤੀ ਦਾ ਜਾਇਜ਼ਾ ਲਿਆ। ਪਿੰਡ ਨੂੰ ਸੀਲ ਕਰ ਦਿੱਤਾ ਗਿਆ ਹੈ ਅਤੇ ਚਾਰ ਜ਼ਿਲ੍ਹਿਆਂ ਕਪੂਰਥਲਾ, ਨਵਾਂਸ਼ਹਿਰ, ਜਲੰਧਰ ਅਤੇ ਹੁਸ਼ਿਆਰਪੁਰ ਦੀ ਪੁਲਸ ਦੇ ਨਾਲ-ਨਾਲ ਵੱਡੀ ਗਿਣਤੀ 'ਚ ਨੀਮ ਫੌਜੀ ਬਲਾਂ ਦੇ ਜਵਾਨ ਵੀ ਤਾਇਨਾਤ ਕੀਤੇ ਗਏ ਹਨ। ਪਿੰਡ ਦੇ ਇਕ-ਇਕ ਇੰਚ ਦੀ ਤਲਾਸ਼ੀ ਲਈ ਜਾ ਰਹੀ ਹੈ। ਪਲਿਸ ਮੁਲਾਜਮ ਖੇਤਾਂ ਵਿੱਚ ਜਾ ਕੇ ਸ਼ੱਕੀ ਵਿਅਕਤੀਆਂ ਦੀ ਭਾਲ ਕਰ ਰਹੇ ਸਨ। ਦੇਰ ਰਾਤ 11 ਵਜੇ ਤੱਕ ਤਲਾਸ਼ੀ ਮੁਹਿੰਮ ਜਾਰੀ ਰਹੀ ਪਰ ਕੋਈ ਸਫਲਤਾ ਨਹੀਂ ਮਿਲੀ। ਪੁਲਸ ਵੱਲੋਂ ਆਸੇ ਪਾਸੇ ਦੇ ਕਾਫੀ ਪਿੰਡਾਂ ਵਿੱਚ ਵੀ ਸਰਚ ਅਪ੍ਰੇਸ਼ਨ ਚਲਾਇਆ ਅਤੇ ਘਰ-ਘਰ ਦੀ ਤਲਾਸ਼ੀ ਲਈ ਗਈ , ਇਲਾਕੇ ਦੇ ਲਾਗਲੇ ਪਿੰਡਾਂ ਲੱਗੇ ਕੈਮਰਿਆਂ ਦੀ ਫੁਟੇਜ ਵੀ ਦੇਖੀ ਗਈ ਪਰ ਪੁਲਸ ਕਿਸੇ ਨਤੀਜੇ 'ਤੇ ਨਹੀ ਪਹੁੰਚ ਪਾਈ । ਪੁਲਸ ਦਾ ਸਰਚ ਅਪ੍ਰੇਸ਼ਨ ਅਜੇ ਵੀ ਜਾਰੀ ਹੈ।

## ਸੇਂਟ ਸੋਲਜਰ ਹੋਟਲ ਮੈਨੇਜਮੈਂਟ 'ਚ ਨਵਰਾਤਰੇ ਫੂਡ 'ਤੇ ਵਰਕਸ਼ਾਪ

**ਜਲੰਧਰ ( ਇਕਬਾਲ ਸਿੰਘ ਉੱਭੀ )** ਸੇਂਟ ਸੋਲਜਰ ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ ਐਂਡ ਕੇਟਰਿੰਗ ਟੈਕਨਾਲੋਜੀ 'ਚ ਨਵਰਾਤਰੇ ਦਾ ਸ਼ੁੱਭ ਮੌਕਾ ਉਤਸ਼ਾਹ ਨਾਲ ਮਨਾਇਆ ਗਿਆ। ਜਿਸ ਵਿੱਚ ਸੰਸਥਾ ਵੱਲੋਂ ਸ਼ੈੱਫ ਮਨੀਸ਼ ਅਤੇ ਸ਼ੈੱਫ ਅਖਿਲ ਦੀ ਦੇਖ-ਰੇਖ ਵਿੱਚ ਨਵਰਾਤਰਿਆਂ ਦੌਰਾਨ ਸਾਤਵਿਕ ਭੋਜਨ ਬਾਰੇ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਵਿੱਚ ਸਟਾਫ਼ ਅਤੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਪ੍ਰਿੰਸੀਪਲ ਸੰਦੀਪ ਲੋਹਾਨੀ ਨੇ ਵਿਦਿਆਰਥੀਆਂ ਨੂੰ ਸਾਤਵਿਕ ਭੋਜਨ ਅਤੇ ਵਰਤ ਰੱਖਣ ਦੇ ਸਰੀਰ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਦੱਸਿਆ। ਵਿਦਿਆਰਥੀਆਂ ਅਮੀਸ਼ਾ, ਜਸ਼ਨਦੀਪ, ਸਾਹਿਲ, ਪੀਯੂਸ਼, ਸ਼ੁਭਮ, ਦਮਨ, ਚੇਤਨ, ਰਜਤ, ਗਗਨਦੀਪ, ਅੰਮ੍ਰਿਤਪਾਲ ਆਦਿ ਨੇ ਆਪਣੇ ਅਧਿਆਪਕਾਂ ਨਾਲ ਨਵਰਾਤਰੀ ਭੋਜਨ ਜਿਵੇਂ ਕਿ ਕੁੱਟੂ ਕਾ ਡੋਸਾ, ਸਿੰਘੇਰੇ ਕਾ ਆਟੇ ਦਾ ਸਮੋਸਾ, ਆਲੂ ਕੜ੍ਹੀ, ਪੁਦੀਨੇ ਦੇ ਦਹੀਂ ਦੀਪ ਕੋਫਤੇ, ਵ੍ਰਤ ਵਾਲੇ ਚੌਲਾਂ ਦਾ ਢੋਕਲਾ, ਵ੍ਰਤ ਵਾਲੇ ਪਨੀਰ ਰੋਲ, ਕੁੱਟੂ ਦਾ ਚੀਲਾ, ਖੀਰਾ ਪਕੌੜਾ, ਡਰਾਈ ਫਰੂਟ ਕੇਲੇ ਦੀ ਲੱਸੀ, ਸ਼ਰਬਤ, ਮਿਕਸਡ ਫਰੂਟ ਸਮੂਦੀ, ਡੇਟਸ ਮਿਲਕਸ਼ੇਕ, ਕੇਲਾ ਅਖਰੋਟ ਲੱਸੀ, ਸਾਬੂਦਾਨਾ ਖੀਰ, ਪੂਰੀ ਕੁੱਟੂ, ਨਾਰੀਅਲ, ਸਵੀਟ ਦੀ ਲੱਡੂ, ਚਾਟ, ਰਾਈਸ ਪੁਲਾਓ, ਕੱਦੂ ਦੀ ਸਬਜ਼ੀ ਆਦਿ ਤਿਆਰ ਕੀਤੇ ਜਿਸ ਨੂੰ ਬਾਅਦ ਵਿੱਚ ਐਚ.ਓ.ਡੀ ਕੀਰਤੀ, ਗੌਤਮ ਸੋਢੀ, ਯਸ਼ ਮਿਸ਼ਰਾ, ਰੋਹਿਤ, ਰਮਨ, ਗਗਨ, ਰਵੀ ਅਤੇ ਵਿਨੈ ਦੁਆਰਾ ਖੂਬਸੂਰਤੀ ਨਾਲ ਉਨ੍ਹਾਂ ਪਕਵਾਨਾਂ ਨੂੰ ਪ੍ਰਦਰਸ਼ਿਤ ਕੀਤਾ ਗਿਆ। ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਸਭ ਨੂੰ ਨਵਰਾਤਰਿਆਂ ਦੀ ਵਧਾਈ ਦਿੱਤੀ ਅਤੇ ਸੰਸਥਾ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ।

## ਸੰਗਤਾਂ ਹੁੰਮ-ਹੁਮਾ ਕੇ ਚੂਹੜਵਾਲੀ ਪਹੁੰਚਣ



**ਹੁਸ਼ਿਆਰਪੁਰ (ਓ.ਪੀ.ਰਾਣਾ)** ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ (ਰਜਿ.) ਪੰਜਾਬ ਦੇ ਚੇਅਰਮੈਨ ਸੰਤ ਸਰਵਣ ਦਾਸ ਜੀ ਬੋਹਨ,ਸੰਤ ਨਿਰਮਲ ਦਾਸ ਬਾਬੇਜੌੜੇ ਪਧਾਨ,ਸੰਤ ਇੰਦਰ ਦਾਸ ਸੇਖੇ ਜਨਰਲ ਸਕੱਤਰ,ਸੰਤ ਪਰਮਜੀਤ ਦਾਸ ਕੈਸ਼ੀਅਰ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ 31 ਮਾਰਚ ਨੂੰ ਸਵੇਰੇ ਅੱਠ ਵਜੇ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ ਰਜਿ.ਚੂਹੜਵਾਲੀ (ਜਲੰਧਰ) ਤੋਂ ਆਰੰਭ ਹੋਣ ਵਾਲੀ ਇਤਿਹਾਸਕ ਦਮੜੀ ਸ਼ੋਭਾ ਯਾਤਰਾ ਵਿੱਚ ਸੰਗਤਾਂ ਹੁੰਮ ਹੁਮਾਕੇ ਪਹੁੰਚਣ। ਉਨਾਂ ਕਿਹਾ ਯਾਤਰਾ ਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਪਹਿਲੀ ਅਪ੍ਰੈਲ ਨੂੰ ਹਰਿਦੁਆਰ ਵਿਖੇ ਵਿਸ਼ਾਲ ਸ਼ੋਭਾ ਯਾਤਰਾ ਹੋਵੇਗੀ ਅਤੇ ਸੰਗਤਾਂ ਗੁਰੂ ਰਵਿਦਾਸ ਘਾਟ 'ਤੇ ਇਸ਼ਨਾਨ ਕਰਨੀਆਂ, 2 ਅਪ੍ਰੈਲ ਨੂੰ ਆਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਸ੍ਰੀ ਗੁਰੂ ਰਵਿਦਾਸ ਪ੍ਰਕਾਸ਼ ਪੁਰਬ ਦੇ ਸਮਾਗਮ ਹੋਣਗੇ। ਉਨਾਂ ਵੱਖ ਵੱਖ ਸੰਪ੍ਰਦਾਵਾਂ,ਡੇਰਿਆਂ ਦੇ ਸੰਤਾਂ ਮਹਾਂਪੁਰਸ਼ਾਂ, ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸ਼ਖਸ਼ੀਅਤਾਂ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਹੁੰਮ ਹੁਮਾਕੇ ਪਹੁੰਚਣ ਦੀ ਅਪੀਲ ਕੀਤੀ। ਇਸ ਸਮੇਂ ਸੁਸਾਇਟੀ ਦੇ ਮਹਾਂਪੁਰਸ਼ਾਂ ਨੇ ਪੁਲਸ ਪ੍ਰਸ਼ਾਸ਼ਨ ਨੂੰ ਅਪੀਲ ਕੀਤੀ ਕਿ ਸੰਗਤਾਂ ਦੀ ਭਾਰੀ ਆਮਦ ਨੂੰ ਦੇਖਦਿਆਂ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਜਾਣ। ਉਨਾਂ ਕਿਹਾ ਕਿ ਪੰਜਾਬ ਹੀ ਨਹੀਂ ਬਲਕਿ ਦੇਸ਼ ਵਿਦੇਸ਼ ਦੀਆਂ ਸੰਗਤਾਂ ਇਸ ਮਹਾਨ ਸ਼ੋਭਾ ਯਾਤਰਾ ਵਿੱਚ ਸ਼ਾਮਲ ਹੁੰਦੀਆਂ ਹਨ ਅਤੇ ਇਹ ਭਾਰਤ ਦੀ ਇਕ ਵਿਸ਼ਾਲ ਤੇ ਮਹਾਨ ਯਾਤਰਾ ਹੈ। ਉਨਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਆਪਸੀ ਭਾਈਚਾਰਾ,ਏਕਤਾ ਤੇ ਪਿਆਰ ਬਣਾ ਕੇ ਰੱਖਣ। ਸ਼ੋਭਾ ਯਾਤਰਾ ਦਾ ਸੰਕਲਪ "ਬੇਗਮਪੁਰਾ ਸ਼ਹਿਰ" ਹੈ ਜਿਸਦੀ ਕਲਪਨਾ ਸਤਿਗੁਰੂ ਰਵਿਦਾਸ ਜੀ ਬਾਣੀ ਰਾਹੀਂ ਕਰਦੇ ਹਨ।

## ਆਈ ਆਈ ਟੀ ਦਾ ਸੀਵਰੇਜ ਦਾ ਪਾਣੀ ਬੁਦਕੀ ਨਦੀ ਦੇ ਕਾਜਵੇ ਤੋਂ ਬੰਦ ਕਰਵਾਇਆ

**ਰੋਪੜ (ਬਿੰਦਰਾ)** ਟ੍ਰੇਡ ਯੂਨੀਅਨ ਆਗੂ ਤੇ ਸਮਾਜ ਸੇਵੀ ਸੁਖਦੇਵ ਸਿੰਘ ਸੁਰਤਾਪੁਰੀ ਨੇ ਦੱਸਿਆ ਕਿ ਆਈ ਆਈ ਟੀ ਰੋਪੜ ਦੇ ਸੀਵਰੇਜ ਦਾ ਪਾਣੀ ਬੁਦਕੀ ਨਦੀ ਤੇ ਬਣੇ ਕਾਜਵੇ ਤੋਂ ਉੱਪਰ ਤੋਂ ਲੰਘ ਰਿਹਾ ਸੀ ਜਿਸਦੇ ਕਾਰਨ ਇਸ ਚਲਦੇ ਗੰਦੇ ਪਾਣੀ ਵਿਚੋਂ ਲੋਕੀਂ ਲੰਘਦੇ ਸਨ, ਕਈ ਗਿਰ ਜਾਂਦੇ ਸਨ । ਗੰਦੇ ਪਾਣੀ ਦੇ ਛਿੱਟੇ ਪੈਂਦੇ ਸਨ। ਇਸ ਸੰਬੰਧੀ ਇਲਾਕੇ ਦੇ ਲੋਕ ਇਕਠੇ ਹੋ ਕੇ ਡਿਪਟੀ ਕਮਿਸ਼ਨਰ ਸ੍ਰੀ ਮਤੀ ਪ੍ਰੀਤੀ ਯਾਦਵ ਡਿਪਟੀ ਕਮਿਸ਼ਨਰ ਅਤੇ ਸ੍ਰੀਮਤੀ ਹਰਜੋਤ ਕੌਰ ਏ ਡੀ ਸੀ ਨੂੰ ਮਿਲ ਕੇ ਇਸ ਸਮੱਸਿਆ ਨੂੰ ਹੱਲ ਕਰਨ ਦੀ ਮੰਗ ਕੀਤੀ। ਇਕ ਮੰਗ ਪੱਤਰ ਦਿੱਤਾ ਗਿਆ ਜਿਸ 'ਤੇ ਕਾਰਵਾਈ ਕਰਦਿਆਂ ਇਨ੍ਹਾਂ ਅਧਿਕਾਰੀਆਂ ਨੇ ਐਕਸੀਅਨ ਲੋਕ ਨਿਰਮਾਣ ਵਿਭਾਗ ਰੋਪੜ ਤੋਂ ਰਿਪੋਰਟ ਲੈ ਕੇ ਡਾਇਰੈਕਟਰ ਆਈ ਆਈ ਟੀ ਰੋਪੜ ਨੂੰ ਪੱਤਰ ਲਿਖ ਕੇ ਇਹ ਪਾਣੀ ਬੰਦ ਕਰਨ ਦੀ ਹਦਾਇਤ ਕੀਤੀ। ਡਾਇਰੈਕਟਰ ਆਈ ਆਈ ਟੀ ਰੋਪੜ ਨੇ ਇੰਜੀਨੀਅਰ ਵਿੰਗ ਨੂੰ ਇਹ ਪਾਣੀ ਤੁਰੰਤ ਬੰਦ ਕਰਨ ਦੀ ਹਦਾਇਤ ਕੀਤੀ। ਇੰਜੀਨੀਅਰ ਵਿੰਗ ਵਲੋਂ ਇਸ ਪਾਣੀ ਨੂੰ ਬੰਦ ਕਰ ਦਿੱਤਾ ਗਿਆ। ਚੇਤੇ ਰਹੇ ਕਿ ਇਥੋਂ ਹਜਾਰਾਂ ਵਿਅਕਤੀ ਰੋਜਾਨਾ ਲੰਘ ਕੇ ਆਪਣੇ ਕੰਮਕਾਜ ਲਈ ਜਾਂਦੇ ਹਨ। ਸੁਖਦੇਵ ਸਿੰਘ ਸੁਰਤਾਪੁਰੀ, ਦਵਿੰਦਰ ਸਿੰਘ, ਕੁਲਵੰਤ ਸਿੰਘ, ਗੁਰਮਤਿ ਸਿੰਘ ਕਾਕਾ ਸੁਰਿੰਦਰ ਸਿੰਘ,ਨਿਰਮਲ ਸਿੰਘ ਅਸਰਪੁਰ, ਜਸਵੀਰ ਸਿੰਘ ਪੰਚ, ਤਰਨਜੀਤ ਕੌਰ ਪੰਚ, ਸਤਨਾਮ ਸਤੂ,ਵਿੱਜ ਵਿਰਕ, ਦਵਿੰਦਰ ਸਿੰਘ ਚੁਪਕੀ, ਗੁਰਜੀਤ ਸਿੰਘ ਅਤੇ ਹੋਰ ਇਲਾਕਾ ਨਿਵਾਸੀਆਂ ਨੇ ਡਿਪਟੀ ਕਮਿਸ਼ਨਰ,ਏ ਡੀ ਸੀ, ਡਾਇਰੈਕਟਰ ਆਈ ਆਈ ਟੀ ਦਾ ਧਨਵਾਦ ਕਰਦਿਆਂ ਮੰਗ ਕੀਤੀ ਹੈ ਕਿ ਬੁਦਕੀ ਨਦੀ ਅਤੇ ਸੀਸਵਾਂ ਨਦੀ ਦੇ ਕਾਜਵੇ ਉਤੇ ਪੁਲ ਬਣਾਏ ਜਾਣ, ਕਿਉਂਕਿ ਬਰਸਾਤ ਦੇ ਮੌਸਮ ਵਿਚ ਇਲਾਕੇ ਦੇ ਲੋਕਾਂ ਨੂੰ ਰੋਪੜ ਜਾਣ ਲਈ 15 ਕਿਲੋਮੀਟਰ ਦਾ ਫਾਲਤੂ ਸਫਰ ਕਰਨਾ ਪੈਂਦਾ ਹੈ। ਇਲਾਕਾ ਨਿਵਾਸੀਆਂ ਨੇ ਜਲਦੀ ਤੋਂ ਜਲਦੀ ਪੁਲ ਬਣਾਉਣ ਦੀ ਮੰਗ ਕੀਤੀ।

## ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਲਈ ਯੋਗਦਾਨ ਪਾਉਣ ਵਾਲੇ ਪ੍ਰਵਾਸੀ ਭਾਰਤੀ ਸਨਮਾਨਤ

**ਟਾਂਡਾ ਉੜਮੁੜ,( ਜਸਵਿੰਦਰ ਸੰਧੂ ,ਉਂਕਾਰ ਸਿੰਘ )**-ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਖੁੱਡਾ ਦੀ ਬਣ ਰਹੀ ਨਵੀਂ ਇਮਾਰਤ ਦੀ ਉਸਾਰੀ ਵਿੱਚ 51 ਹਜਾਰ ਰੁਪਏ ਦੀ ਮਾਇਕ ਸੇਵਾ ਦਾ ਯੋਗਦਾਨ ਪਾਉਣ ਵਾਲੇ ਪਰਵਾਸੀ ਭਾਰਤੀ ਹਰਦੇਵ ਸਿੰਘ ਅਸਟ੍ਰੇਲੀਆ ਸਪੁੱਤਰ ਸਵ. ਮਾਸਟਰ ਸਤਪਾਲ ਸਿੰਘ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨਤ ਕੀਤਾ ਗਿਆ। ਕਮੇਟੀ ਪ੍ਰਧਾਨ ਮਾਸਟਰ ਕੇਵਲ ਸਿੰਘ ਹੈਡ ਗ੍ਰੰਥੀ ਜਥੇਦਾਰ ਰਤਨ ਸਿੰਘ, ਪ੍ਰਬੰਧਕ ਸੇਵਾਦਾਰ ਲਸਕਰ ਸਿੰਘ ਖੁੱਡਾ ਨੇ ਸਨਮਾਨਤ ਕਰਦਿਆ ਕਿਹਾ ਕਿ ਡੇਰਾ ਗੁਰੂਸਰ ਖੁੱਡਾ ਦੇ ਮੁੱਖ ਸੇਵਾਦਾਰ ਸੰਤ ਬਾਬਾ ਤੇਜਾ ਸਿੰਘ ਜੀ ਦੀ ਦੇਖ-ਰੇਖ ਹੇਠ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਗਰ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਤਿਆਰ ਕੀਤੀ ਜਾ ਰਹੀ ਇਮਾਰਤ ਉਸਾਰੀ ਅਧੀਨ ਹੈ ਅਤੇ ਇਸ ਵਿੱਚ ਦਾਨੀ ਸੱਜਣਾ ਦੇ ਸਹਿਯੋਗ ਨਾਲ ਪਿਛਲੇ ਸਮੇਂ ਤੋਂ ਉਸਾਰੀ ਦੀ ਅਰੰਭਤਾ ਕੀਤੀ ਗਈ ਸੀ। ਇਸ ਮੌਕੇ ਹਰਦੇਵ ਸਿੰਘ ਤੇ ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਨੂੰ ਸਨਮਾਨਤ ਕਰਦਿਆ ਪ੍ਰਬੰਧਕ ਸੇਵਾਦਾਰਾਂ ਨੇ ਧੰਨਵਾਦ ਕੀਤਾ ਤੇ ਕਿਹਾ ਕਿ ਅਜਿਹੇ ਵੱਡੇ ਕਾਰਜ ਸਾਰਿਆਂ ਦੇ ਸਹਿਯੋਗ ਨਾਲ ਹੀ ਸੰਭਵ ਹਨ। ਇਸ ਮੌਕੇ ਕਮੇਟੀ ਪ੍ਰਧਾਨ ਮਾਸਟਰ ਕੇਵਲ ਸਿੰਘ ਅਤੇ ਲਸਕਰ ਸਿੰਘ ਖੁੱਡਾ ਨੇ ਹੋਰਨਾ ਸੰਗਤਾਂ ਨੂੰ ਵੀ ਇਸ ਕਾਰਜ ਵਿਚ ਵਧ ਚੜ੍ਹ ਕੇ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਅਮਰੀਕ ਸਿੰਘ, ਮਲਕੀਤ ਸਿੰਘ, ਸਤਨਾਮ ਸਿੰਘ, ਮਨੋਹਰ ਸਿੰਘ, ਕਿਸਨ ਸਿੰਘ ਸਹੋਤਾ, ਬਲਕਾਰ ਸਿੰਘ, ਬਹਾਦਰ ਸਿੰਘ, ਜਗਜੀਤ ਸਿੰਘ ਆਦਿ ਵੀ ਹਾਜਰ ਸਨ।

## ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਨੇ ਦਿੱਤਾ ਐੱਸ ਡੀ ਐੱਮ ਨੂੰ ਮੰਗ ਪੱਤਰ

**ਫਿਲੌਰ (ਨਿਰਮਲ)**- ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਵੱਲੋਂ ਬੇ-ਮੌਸਮੀ ਬਰਸਾਤ ਦੇ ਕਾਰਨ ਕਣਕ ਅਤੇ ਹੋਰ ਫਸਲਾਂ ਦੇ ਨੁਕਸਾਨ ਅਤੇ ਅੰਮ੍ਰਿਤਪਾਲ ਦੇ ਸਬੰਧ ਵਿੱਚ ਜਿੰਨੇ ਬੇਦੋਸ਼ੇ ਨੌਜਵਾਨ ਫੜ੍ਹੇ ਹਨ ਉਨ੍ਹਾਂ ਨੂੰ ਤੁਰੰਤ ਰਿਹਾਅ ਕਰਨ ਸਬੰਧ ਡੀ.ਐਸ.ਪੀ ਫਿਲੌਰ ਜਗਦੀਸ਼ ਰਾਜ ਰਾਹੀਂ ਐਸ.ਡੀ.ਐਮ ਫਿਲੌਰ ਨੂੰ ਮੰਗ ਪੱਤਰ ਦਿੱਤਾ। ਜਿਸ ਦੌਰਾਨ ਉਨ੍ਹਾਂ ਮੰਗ ਕੀਤੀ ਕਿ ਬੇਮੌਸਮੀ ਬਰਸਾਤ ਹੋਣ ਕਰਕੇ ਫਸਲਾ ਦਾ ਕਾਫੀ ਜ਼ਿਆਦਾ ਨੁਕਸਾਨ ਹੋਇਆ ਹੈ, ਇਸ ਨੁਕਸਾਨ ਵਿਚ ਕਣਕ, ਆਲੂ, ਮੱਕੀ, ਸੂਰਜਮੁਖੀ, ਮੈਥਾਂ ਅਤੇ ਹੋਰ ਸਬਜੀਆਂ ਦਾ ਕਾਫੀ ਜਿਆਦਾ ਨੁਕਸਾਨ ਹੋਇਆ ਹੈ। ਜਿਸ ਦਾ ਪੰਜਾਬ ਸਰਕਾਰ ਨੇ ਮੁਆਵਜਾ ਦੇਣ ਦਾ ਐਲਾਨ ਕੀਤਾ ਹੈ। ਭਾਰਤੀ ਕਿਸਾਨ ਯੂਨੀਆਨ (ਕਾਦੀਆਂ) ਮੰਗ ਕਰਦੀ ਹੈ ਕਿ ਪਟਵਾਰੀਆਂ ਨੂੰ ਸਖਤ ਹਦਾਇਤ ਕੀਤੀ ਜਾਵੇ ਕਿ ਜਲਦ ਤੋਂ ਜਲਦ ਗਿਰਦਾਵਰੀ ਕੀਤੀ ਜਾਵੇ। ਭਾਰਤੀ ਕਿਸਾਨ ਯੂਨੀਅਨ ਮੰਗ ਕਰਦੀ ਹੈ ਕਿ ਕਿਸਾਨਾਂ ਨੂੰ 30 ਹਜਾਰ ਪ੍ਰਤੀ ਏਕੜ ਮੁਆਵਜਾ ਜਾਂ 1000 ਰੁ. ਪ੍ਰਤੀ ਕੁਇੰਟਲ ਬੋਨਸ ਦੇ ਰੂਪ ਵਿੱਚ ਦਿੱਤਾ ਜਾਵੇ। ਜੋ ਪਿਛਲੇ ਦਿਨਾਂ ਤੋਂ ਅੰਮ੍ਰਿਤਪਾਲ ਦੇ ਸਬੰਧ ਵਿੱਚ ਘਟਨਾਕ੍ਰਮ ਚੱਲ ਰਿਹਾ ਹੈ ਉਸ ਦੇ ਸਬੰਧ ਵਿੱਚ ਬੇਦੋਸ਼ੇ ਨੌਜਵਾਨ ਜੋ ਬੇਕਸੂਰ ਹਨ ਜਿਨ੍ਹਾਂ ਵਿਚੋਂ ਬਹੁਤ ਸਾਰੇ ਵਿਦਿਆਰਥੀ ਵੀ ਹਨ। ਉਨ੍ਹਾਂ ਸਾਰਿਆ ਨੂੰ ਸਰਕਾਰ ਤੁਰੰਤ ਰਿਹਾਅ ਕਰੇ। ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਸਰਕਾਰ ਤੋਂ ਮੰਗ ਕਰਦੀ ਹੈ ਕਿ ਇਹ ਸਾਡੀਆਂ ਮੰਗਾਂ ਸਰਕਾਰ ਜਲਦੀ ਤੋਂ ਜਲਦੀ ਪੂਰੀਆਂ ਕਰੇ। ਅਗਰ ਸਰਕਾਰ ਕਿਸਾਨਾਂ ਦੀ ਮੰਗਾਂ ਜਲਦੀ ਤੋਂ ਜਲਦੀ ਨਹੀ ਮੰਨਦੀ ਤਾਂ ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ। ਇਸ ਮੌਕੇ 'ਤੇ ਪ੍ਰਧਾਨ ਅਮਰੀਕ ਸਿੰਘ, ਸਵਰਨ ਸਿੰਘ ਅਕਲਪੁਰੀ, ਜਰਨੈਲ ਸਿੰਘ ਮੋਤੀਪੁਰ ਖਾਲਸਾ, ਲਖਵਿੰਦਰ ਸਿੰਘ, ਕਮਲਜੀਤ ਸਿੰਘ ਮੋਤੀਪੁਰ ਖਾਲਸਾ, ਮੱਖਣ ਸਿੰਘ ਲੇਹਲ ਕਲਾ, ਸਤਨਾਮ ਸਿੰਘ, ਹਰਜੀਤ ਸਿੰਘ, ਮੋਹਣ ਸਿੰਘ, ਅਮਰਜੀਤ ਸਿੰਘ, ਚੰਨਣ ਸਿੰਘ, ਸੁਰਿੰਦਰ ਸਿੰਘ, ਪ੍ਰਭਜੋਤ ਸਿੰਘ, ਸੁਖਵਿੰਦਰ ਸਿੰਘ, ਰੇਵਲ ਸਿੰਘ, ਸੁਖਵਿੰਦਰ ਸਿੰਘ, ਪਰਮਿੰਦਰ ਸਿੰਘ, ਰਜਿੰਦਰ ਸਿੰਘ, ਸੁਖਵਿੰਦਰ ਸਿੰਘ, ਸੁਰਜੀਤ ਸਿੰਘ, ਸਤਨਾਮ ਸਿੰਘ, ਮੋਹਣ ਸਿੰਘ, ਗੁਰਪਾਲ ਸਿੰਘ ਅਤੇ ਹੋਰ ਸਨ।



## ਐੱਸ ਸੀ ਕਮਿਸ਼ਨ ਮੈਂਬਰਾਂ ਦੀ ਗਿਣਤੀ ਘੱਟ ਕਰਨਾ ਬਹੁਜਨ ਸਮਾਜ ਨਾਲ ਵੱਡਾ ਧੋਖਾ : ਕਰੀਮਪੁਰੀ



**ਹੁਸ਼ਿਆਰਪੁਰ (ਓ. ਪੀ. ਰਾਣਾ)** ਬਹੁਜਨ ਸਮਾਜ ਪਾਰਟੀ ਪੰਜਾਬ ਦੇ ਇੰਚਾਰਜ ਸਾਬਕਾ ਰਾਜ ਸਭਾ ਮੈਂਬਰ ਡਾ.ਅਵਤਾਰ ਸਿੰਘ ਕਰੀਮਪੁਰੀ ਨੇ ਵਿਸ਼ੇਸ਼ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ ਆਪਣਾ ਦਲਿਤ ਅਤੇ ਸਿੱਖ ਵਿਰੋਧੀ ਏਜੰਡਾ ਆਪ ਦੀ ਸਰਕਾਰ ਰਾਹੀਂ ਲਾਗੂ ਕਰ ਰਹੀ ਹੈ। ਪੰਜਾਬ ਵਿੱਚ ਵਾਪਰੀਆਂ ਤਾਜਾ ਘਟਨਾਵਾਂ ਅਤੇ ਆਪ ਸਰਕਾਰ ਵਲੋਂ ਦਲਿਤ ਸਮਾਜ ਖਿਲਾਫ ਲਏ ਜਾ ਫੈਸਲਿਆਂ ਤੋਂ ਬਾਅਦ ਆਪ ਤੇ ਭਾਜਪਾ ਦੀ ਸਾਂਝ ਜੱਗ ਜਾਹਰ ਹੋ ਗਈ ਹੈ। ਐਸ. ਕਮਿਸ਼ਨ ਮੈਂਬਰਾਂ ਦੀ ਗਿਣਤੀ 10 ਤੋਂ ਘਟਾ ਕੇ ਚਾਰ ਕਰਨਾ ਬਹੁਜਨ ਸਮਾਜ ਨਾਲ ਵੱਡਾ ਧੋਖਾ ਹੈ। ਡਾ.ਕਰੀਮਪੁਰੀ ਨੇ ਪੰਜਾਬ ਵਿੱਚ ਵਾਪਰੀਆਂ ਤਾਜਾ ਘਟਨਾਵਾਂ 'ਤੇ ਚਿੰਤਾ ਜਾਹਰ ਕਰਦਿਆਂ ਕਿਹਾ ਕਿ ਪੰਜਾਬ ਨੇ ਪਿਛਲੇ ਚਾਰ ਦਹਾਕਿਆਂ ਦੌਰਾਨ ਭਾਰੀ ਸੰਤਾਪ ਹੰਢਾਇਆ ਹੈ,ਕਰੋਨਾ ਦੀ ਕਰੋਪੀ,ਨੋਟਬੰਦੀ ਅਤੇ ਜੀ.ਐਸ.ਟੀ ਲਾਗੂ ਕਰਨ ਦੇ ਫੈਸਲਿਆਂ ਨਾਲ ਛੋਟੇ ਕਾਰੋਬਾਰ ਤਬਾਹ ਹੋ ਗਏ ਹਨ। ਉਨਾਂ ਕਿਹਾ ਮਹਿੰਗਾਈ,ਬੇਰੁਜਗਾਰੀ ਅਤੇ ਨਸ਼ਿਆਂ ਨੇ ਵੱਡੀ ਮਾਰੂ ਤਬਾਹੀ ਲਿਆਂਦੀ ਹੈ। ਡਾ.ਕਰੀਮਪੁਰੀ ਨੇ ਕਿਹਾ ਕਿ ਪੰਜਾਬ ਵਿੱਚ ਸਿੱਖ ਨੌਜਵਾਨਾਂ ਜਿਨ੍ਹਾਂ ਦਾ ਕੋਈ ਅਪਰਾਧਿਕ ਪਿਛੋਕੜ ਨਹੀਂ ਹੈ ਉਨਾਂ ਤੇ ਰਾਸ਼ਟਰੀ ਸੁਰੱਖਿਆ ਐਕਟ (ਐਨ ਐਸ ਏ) ਲਗਾਕੇ ਪੰਜਾਬ ਤੋਂ ਬਾਹਰ ਅਸਾਮ ਦੀ ਜੇਲ ਵਿੱਚ ਭੇਜਣਾ ਚਿੰਤਾ ਦਾ ਵਿਸ਼ਾ ਹੈ। ਉਨਾਂ ਕਿਹਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਜਿਨ੍ਹਾਂ ਕੋਲ ਜੇਲ੍ਹ ਵਿਭਾਗ ਦਾ ਚਾਰਜ ਵੀ ਹੈ, ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਹ ਇਨ੍ਹਾਂ ਨੌਜਵਾਨਾਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿੱਚ ਕਿਉਂ ਨਹੀਂ ਰੱਖ ਰਹੇ,ਪੰਜਾਬ ਦੇ ਇਨ੍ਹਾਂ ਨੌਜਵਾਨਾਂ ਨੂੰ ਦੂਜੇ ਰਾਜਾਂ ਵਿੱਚ ਕਿਉਂ ਭੇਜਿਆ ਜਾ ਰਿਹਾ ਹੈ, ਜਿਥੇ ਉਨਾਂ ਦੇ ਪਰਵਾਰਕ ਮੈਂਬਰ ਉਨਾਂ ਨਾਲ ਪਹੁੰਚ ਵੀ ਨਾ ਕਰ ਸਕਣ। ਡਾ.ਕਰੀਮਪੁਰੀ ਨੇ ਕਿਹਾ ਕਿ ਇਸ ਤੋਂ ਸ਼ਪੱਸ਼ਟ ਹੈ ਕਿ ਆਪ ਅਤੇ ਭਾਜਪਾ ਰਲਕੇ ਸਿੱਖਾਂ ਤੇ ਦਮਨਕਾਰੀ ਨੀਤੀਆਂ ਲਾਗੂ ਕਰ ਰਹੇ ਹਨ ਅਤੇ ਭਾਜਪਾ ਘੱਟ ਗਿਣਤੀਆਂ ਤੇ ਦਮਨਕਾਰੀ ਏਜੰਡਾ ਆਪ ਰਾਹੀਂ ਲਾਗੂ ਕਰ ਰਹੀ ਹੈ। ਉਨਾਂ ਕਿਹਾ ਆਪ ਅਤੇ ਭਾਜਪਾ ਸਰਕਾਰਾਂ ਨੂੰ ਕਨੂੰਨ ਮੁਤਾਬਕ ਮਨੁੱਖੀ ਅੀਧਕਾਰਾਂ ਦੇ ਮੱਦੇਨਜਰ ਹੀ ਕਾਰਵਾਈ ਕਰਨੀ ਚਾਹੀਦੀ ਹੈ। ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਦੇ ਸੰਵਿਧਾਨ ਦੀ ਭਾਵਨਾ ਦੇ ਉਲਟ ਮਨੁੱਖੀ ਅਧਿਕਾਰਾਂ ਦਾ ਘਾਣ ਨਹੀਂ ਕਰਨਾ ਚਾਹੀਦਾ। ਡਾ.ਕਰੀਮਪੁਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਅੰਮ੍ਰਿਤਪਾਲ ਸਿੰਘ ਬਾਰੇ ਸਥਿਤੀ ਸ਼ਪੱਸ਼ਟ ਕਰਨੀ ਚਾਹੀਦੀ ਹੈ। ਪੰਜਾਬ ਸਰਕਾਰ ਨੂੰ ਅਜਿਹੀਆਂ ਕਾਰਵਾਈਆਂ ਤੋਂ ਸੰਕੋਚ ਕਰਨਾ ਚਾਹੀਦਾ ਹੈ ਜਿਸ ਨਾਲ ਪੰਜਾਬ ਦਾ ਸ਼ਾਂਤਮਈ ਮਾਹੌਲ ਖਰਾਬ ਹੋਣ ਦੇ ਖਦਸ਼ੇ ਹਨ। ਉਨਾਂ ਕਿਹਾ ਸਜਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਅਜਾਦੀ ਦੇ ਸੱਤ ਦਹਾਕਿਆਂ ਬਾਅਦ ਵੀ ਅਨੁਸੂਚਿਤ ਜਾਤੀਆਂ,ਪੱਛੜੀਆਂ ਸ਼੍ਰੇਣੀਆਂ ਮਾਨਵੀ ਤੇ ਸੰਵਿਧਾਨਕ ਅਧਿਕਾਰਾਂ ਦੀ ਪ੍ਰਾਪਤੀ ਲਈ ਜੱਦੋ ਜਹਿਦ ਕਰ ਰਹੀਆਂ ਹਨ। ਦੇਸ਼ ਦੇ ਕਰੀਬ 80-85 ਕਰੋੜ ਲੋਕ ਅਜਾਦੀ ਦਾ ਉਹ ਨਿੱਘ ਨਹੀਂ ਮਾਣ ਸਕੇ ਜਿਹੜਾ ਮੁੱਠੀ ਭਰ 15 ਫੀਸਦੀ ਲੋਕਾਂ ਨੇ ਮਾਣਿਆ ਤੇ ਮਾਣ ਰਹੇ ਹਨ। ਇਸਦਾ ਮੁੱਖ ਕਾਰਨ ਬਹੁਜਨ ਸਮਾਜ ਵਿੱਚ ਬੇ-ਇੱਤਫਾਕੀ,ਏਕਤਾ ਦੀ ਘਾਟ ਅਤੇ ਦੁਸ਼ਮਣ ਦੇ ਛਾਤਰ ਦਿਮਾਗ ਦਾ ਗੁੰਮਰਾਹਕੁੰਨ ਪ੍ਰਚਾਰ ਹੈ। ਅੱਜ ਮੀਡੀਆ ਦਾ ਯੁੱਗ ਹੈ,ਦੇਸ਼ ਦੇ ਬਹੁਜਨ ਸਮਾਜ ਖਾਸ ਕਰਕੇ ਦਲਿਤ ਨੌਜਵਾਨਾਂ ਨੂੰ ਆਪਣੇ ਹੀ ਸਮਾਜ, ਆਪਣੇ ਹੀ ਭਰਾਵਾਂ, ਆਪਣੇ ਹੀ ਆਗੂਆਂ ਖਿਲਾਫ ਦੂਸ਼ਣਬਾਜੀ ਤੇ ਘਟੀਆ ਕਿਸਮ ਦੇ ਆਰੋਪ ਲਗਾ ਕੇ "ਪਾੜੋ ਤੇ ਰਾਜ ਕਰੋ" ਦੀ ਨੀਤੀ ਤਹਿਤ ਗੁੰਮਰਾਹ ਕਰ ਰਹੇ ਹਨ। ਰਾਜਸੱਤਾ ਦੇ ਮਾਲਕ ਬਣਨ ਦੇ ਮਿਸ਼ਨ ਨੂੰ ਰੋਕਣ ਲਈ ਜਿਸ ਤਰ੍ਹਾਂ ਮਨੂੰ ਨੇ ਬਹੁਜਨ ਸਮਾਜ ਨੂੰ 6 ਹਜਾਰ ਤੋਂ ਵੱਧ ਜਾਤਾਂ ਵਿੱਚ ਵੰਡ ਕੇ ਰੱਖਿਆ ਹੋਇਆ ਹੈ,ਇਸੇ ਤਰਾਂ ਕਾਂਸ਼ੀ ਰਾਮ ਦੇ "ਜੋ ਬਹੁਜਨ ਕੀ ਬਾਤ ਕਰੇਗਾ ਵੋਹ ਦਿੱਲੀ ਪਰ ਰਾਜ ਕਰੇਗਾ" ਆਰਥਿਕ,ਸਮਾਜਿਕ ਤੇ ਰਾਜਨੀਤਕ ਪ੍ਰਿਵਰਤਨ ਦੇ ਅੰਦੋਲਨ ਨੂੰ ਕਮਜੋਰ ਕਰਨ ਲਈ ਦਲਿਤ ਨੌਜਵਾਨਾਂ ਨੂੰ ਵੱਖ ਵੱਖ ਧਾਰਮਿਕ,ਸਮਾਜਿਕ ਜਥੇਬੰਦੀਆਂ, ਗਰੁੱਪਾਂ, ਧੜਿਆਂ ਵਿੱਚ ਇਕ ਸ਼ਾਜਿਸ਼ ਤਹਿਤ ਵੰਡ ਦਿੱਤਾ ਹੈ। ਉਨਾਂ ਦਲਿਤ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਬਹੁਜਨ ਸਮਾਜ ਪਾਰਟੀ ਗੁਰੂਆਂ,ਰਹਿਬਰਾਂ,ਵਿਦਵਾਨਾਂ ਦੀ ਆਦਿ ਸਮੇਂ ਤੋਂ ਚੱਲੀ ਆ ਰਹੀ ਲਹਿਰ ਹੈ ਸਾਰੇ ਮੱਤਭੇਦ ਭੁਲਾ ਕੇ ਅਤੇ ਛੋਟੀਆਂ ਛੋਟੀਆਂ ਜਥੇਬੰਦੀਆਂ ਤੋਂ ਉੱਪਰ ਉੱਠ ਕੇ ਨੀਲੇ ਝੰਡੇ ਹੇਠ ਇੱਕਠੇ ਹੋ ਕੇ ਸੰਵਿਧਾਨਕ ਹੱਕਾਂ ਅਤੇ ਰਾਜਭਾਗ ਦੀ ਪ੍ਰਾਪਤੀ ਲਈ ਅੰਦੋਲਨ ਵਿੱਚ ਸ਼ਾਮਲ ਹੋ ਜਾਉ।

## ਡਿਪਟੀ ਕਮਿਸ਼ਨਰ ਵੱਲੋਂ ਸਮਾਰਟ ਸਿਟੀ ਪ੍ਰਾਜੈਕਟਾਂ ਦੀ ਪ੍ਰਗਤੀ ਦਾ ਜਾਇਜ਼ਾ

**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)**-ਡਿਪਟੀ ਕਮਿਸ਼ਨਰ ਕਪੂਰਥਲਾ ਵਿਸ਼ੇਸ਼ ਸਾਰੰਗਲ ਵਲੋਂ ਸੁਲਤਾਨਪੁਰ ਲੋਧੀ ਸਮਾਰਟ ਸਿਟੀ ਪ੍ਰਾਜੈਕਟ ਤਹਿਤ ਚੱਲ ਰਹੇ ਵਿਕਾਸ ਕੰਮਾਂ ਦੀ ਸਮੀਖਿਆ ਕੀਤੀ ਗਈ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਬੰਧੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਪਵਿੱਤਰ ਸ਼ਹਿਰ ਵਿਖੇ ਚੱਲ ਰਹੇ ਵਿਕਾਸ ਕੰਮਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਲਈ ਨਿੱਜੀ ਦਿਲਚਸਪੀ ਨਾਲ ਕੰਮ ਕਰਨ । ਉਨ੍ਹਾਂ ਸੁਲਤਾਨਪੁਰ ਲੋਧੀ ਨੂੰ ਬਾਰਾਸਤਾ ਤਲਵੰਡੀ ਚੌਧਰੀਆਂ ਅਤੇ ਰੇਲ ਕੋਚ ਫੈਕਟਰੀ ਰਾਹੀਂ 4 ਮਾਰਗੀ ਸੜਕਾਂ ਨਾਲ ਜੋੜਨ,ਸੀਵਰੇਜ਼ ਟ੍ਰੀਟਮੈਂਟ ਪਲਾਂਟ ਦੀ ਉਸਾਰੀ ਅਤੇ ਪੀਣ ਵਾਲੇ ਪਾਣੀ ਦੀ ਸਪਲਾਈ ਸਬੰਧੀ ਪ੍ਰਾਜੈਕਟਾਂ ਨੂੰ ਤੇਜੀ ਨਾਲ ਮੁਕੰਮਲ ਕਰਨ ਤੇ ਵਿਸ਼ੇਸ਼ ਤਵੱਜੋਂ ਦੇਣ ਦੇ ਹੁਕਮ ਦਿੱਤੇ। ਦੱਸਣਯੋਗ ਹੈ ਕਿ ਲਗਭਗ 74.11 ਕਰੋੜ ਰੁਪਏ ਦੀ ਲਾਗਤ ਨਾਲ ਮੁੰਡੀ ਮੋੜ ਤੋਂ ਸੁਲਤਾਨਪੁਰ ਲੋਧੀ 17.40 ਕਿਲੋਮੀਟਰ ਅਤੇ ਡਡਵਿੰਡੀ ਤੋਂ ਸੁਲਤਾਨਪੁਰ ਲੋਧੀ ਤੱਕ 4 ਮਾਰਗੀ ਸੜਕਾਂ ਬਣਾਉਣ ਦਾ ਕੰਮ ਤੇਜੀ ਨਾਲ ਚੱਲ ਰਿਹਾ ਹੈ, ਜਿਸ ਨਾਲ ਨਾ ਸਿਰਫ਼ ਪਵਿੱਤਰ ਸ਼ਹਿਰ ਨੂੰ ਬਿਹਤਰੀਨ ਸੜਕੀ ਸੰਪਰਕ ਸਥਾਪਿਤ ਹੋਵੇਗਾ,ਸਗੋਂ ਦੁਆਬਾ ਅਤੇ ਮਾਝਾ ਖਿੱਤੇ ਤੋਂ ਮਾਲਵਾ ਜਾਣ ਵਾਲੇ ਲੋਕਾਂ ਨੂੰ ਵੀ ਵੱਡੀ ਸਹੂਲਤ ਮਿਲੇਗੀ। ਉਨ੍ਹਾਂ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਇਨ੍ਹਾਂ ਸੜਕਾਂ ਨੂੰ ਸਮੇਂ ਸਿਰ ਮੁਕੰਮਲ ਕੀਤਾ ਜਾਣਾ ਯਕੀਨੀ ਬਣਾਉਣ ਦੇ ਨਾਲ-ਨਾਲ ਕੰਮ ਦੀ ਗੁਣਵੱਤਾ ਵੱਲ ਵੀ ਵਿਸ਼ੇਸ਼ ਧਿਆਨ ਦੇਣ। ਉਨ੍ਹਾਂ ਨਾਲ ਹੀ ਸਪੱਸ਼ਟ ਨਿਰਦੇਸ਼ ਦਿੱਤੇ ਕਿ ਸੜਕ ਬਣਾਉਣ ਦੇ ਕੰਮ ਵਿਚ ਕਿਸੇ ਕਿਸਮ ਦੀ ਕੁਤਾਹੀ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸਾਰੰਗਲ ਵਲੋਂ ਸਮਾਰਟ ਸਿਟੀ ਪ੍ਰਾਜੈਕਟ ਤਹਿਤ ਸੁਲਤਾਨਪੁਰ ਲੋਧੀ ਵਿਖੇ 14 ਕਰੋੜ ਰੁਪਏ ਦੀ ਲਾਗਤ ਨਾਲ 4 ਸਕੂਲਾਂ ਨੂੰ ਸਮਾਰਟ ਸਕੂਲ ਵਜੋਂ ਸਥਾਪਿਤ ਕੀਤੇ ਜਾਣ ਸਬੰਧੀ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਕੋਲੋਂ ਰਿਪੋਰਟ ਲਈ ਗਈ। ਉਨ੍ਹਾਂ ਕਿਹਾ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ ਅਤੇ ਲੜਕੀਆਂ) ਅਤੇ ਸਮਾਰਟ ਆਂਗਣਵਾੜੀ ਦੀ ਸਥਾਪਨਾ ਸਬੰਧੀ ਤੇਜ਼ੀ ਲਿਆਉਣ ਲਈ ਲੋਕ ਨਿਰਮਾਣ ਵਿਭਾਗ ਅਤੇ ਸਿੱਖਿਆ ਵਿਭਾਗ ਮਿਲਕੇ ਕੰਮ ਕਰਨ। ਸੁਲਤਾਨਪੁਰ ਲੋਧੀ ਤੋਂ ਜੱਬੋਵਾਲ ਰੋਡ ਉੱਪਰ ਸਥਾਪਿਤ ਕੀਤੇ ਜਾ ਰਹੇ ਸੀਵਰੇਜ਼ ਟ੍ਰੀਟਮੈਂਟ ਪਲਾਂਟ ਦੇ ਕੰਮ ਨੂੰ ਤੇਜ਼ ਕਰਨ ਸਬੰਧੀ ਉਨ੍ਹਾਂ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਜੂਨ 2023 ਦੀ ਮਿੱਥੀ ਗਈ ਸਮਾਂ ਸੀਮਾਂ ਤੱਕ ਇਸਨੂੰ ਮੁਕੰਮਲ ਕਰਨ ਤਾਂ ਜੋ ਸ਼ਹਿਰ ਦੇ ਗੰਦੇ ਪਾਣੀ ਨੂੰ ਸਾਫ ਕਰਕੇ ਫਸਲਾਂ ਦੀ ਸਿੰਜਾਈ ਲਈ ਵਰਤਿਆ ਜਾ ਸਕੇ। ਸੇਫ ਸਿਟੀ ਪ੍ਰਾਜੈਕਟ ਤਹਿਤ ਇੰਟਿਗਰੇਟਿਡ ਕਮਾਂਡ ਕੰਟਰੋਲ ਸੈਂਟਰ (ਆਈ.ਸੀ.ਸੀ.ਸੀ.) ਸਬੰਧੀ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਕੰਮ ਜਲਦ ਮੁਕੰਮਲ ਕਰਨ ਦੇ ਹੁਕਮ ਦਿੱਤੇ,ਇਸ ਤਹਿਤ ਸ਼ਹਿਰ ਦੀ ਸੁਰੱਖਿਆ ਲਈ 250 ਸੀ.ਸੀ.ਟੀ.ਵੀ ਕੈਮਰੇ ਲੱਗਣੇ ਹਨ। ਉਨ੍ਹਾਂ ਕਿਲ੍ਹਾ ਸਰਾਏ ਦੀ ਸਾਂਭ ਸੰਭਾਲ ਸਬੰਧੀ ਪੁਰਾਤਤਵ ਵਿਭਾਗ ਦੀ ਕਾਰਗੁਜ਼ਾਰੀ ਦਾ ਵੀ ਜਾਇਜ਼ਾ ਲਿਆ । ਡਿਪਟੀ ਕਮਿਸ਼ਨਰ ਵਲੋਂ ਸਬੰਧਿਤ ਵਿਭਾਗਾਂ ਨੂੰ ਹਫਤਾਵਾਰੀ ਪ੍ਰਗਤੀ ਰਿਪੋਰਟ ਸੌਂਪਣ ਦੇ ਨਿਰਦੇਸ਼ ਵੀ ਦਿੱਤੇ ਗਏ। ਇਸ ਮੌਕੇ ਲੋਕ ਨਿਰਮਾਣ ਵਿਭਾਗ,ਸੀਵਰੇਜ਼ ਬੋਰਡ, ਨਗਰ ਕੌਂਸਲ, ਸਿੱਖਿਆ ਵਿਭਾਗ, ਪੇਡਾ ਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੇ ਵਾਟਰ ਸਪਲਾਈ ਦੇ ਅਧਿਕਾਰੀ ਹਾਜ਼ਰ ਸਨ।

## ਇੰਸਪੈਕਟਰ ਹਰਜਿੰਦਰ ਸਿੰਘ ਨੇ ਨਵੇਂ ਥਾਣਾ ਮੁਖੀ ਵਜੋਂ ਅਹੁਦਾ ਸੰਭਾਲਿਆ



**ਫਿਲੌਰ (ਨਿਰਮਲ)**- ਥਾਣਾ ਫਿਲੌਰ ਦੇ ਨਵੇਂ ਐਸ.ਐਚ.ਓ ਇੰਸਪੈਕਟਰ ਹਰਜਿੰਦਰ ਸਿੰਘ ਨੇ ਆਪਣਾ ਆਹੁਦਾ ਸੰਭਾਲ ਕੇ ਕੰਮ ਸ਼ੁਰੂ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਅਮਨ ਕਾਨੂੰਨ ਦੀ ਹਾਲਤ ਹਰ ਕੀਮਤ 'ਤੇ ਕਾਇਮ ਰੱਖੀ ਜਾਵੇਗੀ। ਗੁੰਡਾ ਅਨਸਰਾਂ, ਨਸ਼ਾ ਵੇਚਣ ਵਾਲਿਆਂ, ਚੋਰੀ ਦੀਆਂ ਵਾਰਦਾਤਾਂ ਠੱਲ੍ਹ ਪਾਉਣ ਲਈ ਇਲਾਕੇ ਦੇ ਲੋਕਾਂ ਤੋਂ ਸਹਿਯੋਗ ਲਿਆ ਜਾਵੇਗਾ ਤਾਂ ਜੋ ਅਮਨ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਿਆ ਜਾ ਸਕੇ ਅਤੇ ਬਜ਼ੁਰਗਾਂ, ਔਰਤਾ ਨੂੰ ਥਾਣੇ ਵਿੱਚ ਆਉਣ 'ਤੇ ਆਦਰ ਸਤਿਕਾਰ ਦਿੱਤਾ ਜਾਵੇਗਾ ਤੇ ਹਰ ਵਿਅਕਤੀ ਦੀ ਗੱਲ ਸੁਣ ਕੇ ਉਸ ਨੂੰ ਇਨਸਾਫ ਦੇਣ ਦੀ ਕੋਸ਼ਿਸ਼ ਕਰਾਂਗਾ। ਉਨ੍ਹਾਂ ਇਲਾਕੇ ਦੇ ਪਤਵੰਤੇ ਸੱਜਣਾਂ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆ ਤੋਂ ਸਹਿਯੋਗ ਦੇਣ ਦੀ ਅਪੀਲ ਕੀਤੀ।

## ਟੈਂਪੂ-ਟ੍ਰੈਵਲ ਚਾਲਕ ਨਾਲ ਮਾਰਕੁਟਾਈ ਕਰਨ ਵਾਲਿਆਂ ਖ਼ਿਲਾਫ਼ ਮਾਮਲਾ ਦਰਜ

**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਬੱਸ ਸਟੈਂਡ ਟਾਂਡਾ ਤੇ ਬੀਤੀ 21 ਮਾਰਚ ਨੂੰ ਹੋਏ ਲੜਾਈ-ਝਗੜੇ ਦੇ ਇਸ ਸਬੰਧ ਵਿਚ ਟਾਂਡਾ ਪੁਲਸ ਨੇ ਇਕ ਟੈਂਪੂ ਟ੍ਰੈਵਲ ਚਾਲਕ ਨਾਲ ਮਾਰ-ਕੁਟਾਈ ਕਰਨ ਵਾਲੇ 6 ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਇਹ ਮਾਮਲਾ ਮਾਰ-ਕੁਟਾਈ ਦਾ ਸ਼ਿਕਾਰ ਹੋਏ ਟੈਂਪੂ-ਟ੍ਰੈਵਲ ਚਾਲਕ ਗੁਰਦੀਪ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਫਿਰੋਜ ਰੋਲੀਆਂ ਦੇ ਬਿਆਨਾਂ ਦੇ ਆਧਾਰ 'ਤੇ ਬਿੱਲਾ ਵਾਸੀ ਮੂਨਕਾਂ, ਅਮਨ ਵਾਸੀ ਮਾਨਪੁਰ ਤੇ ਤਿੰਨ-ਚਾਰ ਅਣਪਛਾਤੇ ਵਿਅਕਤੀਆਂ ਤੇ ਦਰਜ ਕੀਤਾ ਹੈ। ਪੁਲਸ ਕੋਲ ਦਰਜ ਕਰਵਾਏ ਗਏ ਬਿਆਨਾਂ ਵਿੱਚ ਗੁਰਦੀਪ ਸਿੰਘ ਨੇ ਦੱਸਿਆ ਕਿ ਉਹ ਟੈਂਪੂ ਟਰੈਵਲਰ ਚਲਾਉਣ ਦਾ ਕੰਮ ਕਰਦਾ ਹੈ ਬੀਤੀ 21 ਮਾਰਚ ਨੂੰ ਜਦੋਂ ਉਹ ਟੈਂਪੂ-ਟ੍ਰੈਵਲ ਨੂੰ ਲੈ ਕੇ ਬੱਸ ਸਟੈਂਡ ਵਿੱਚ ਮੌਜੂਦ ਸੀ ਤਾਂ ਪੁਰਾਣੀ ਰੰਜਿਸ ਦੇ ਚਲਦਿਆਂ ਬਿਲਾ ਅਤੇ ਅਮਨ ਨੇ ਆਪਣੇ ਤਿੰਨ-ਚਾਰ ਹੋਰ ਸਾਥੀਆਂ ਨਾਲ ਮਿਲ ਕੇ ਉਸ 'ਤੇ ਹਮਲਾ ਕਰਦਿਆਂ ਮਾਰ-ਕੁਟਾਈ ਕੀਤੀ ਅਤੇ ਤੇਜਧਾਰ ਹਥਿਆਰਾਂ ਨਾਲ ਜਖਮੀ ਕਰ ਦਿੱਤਾ। ਟਾਂਡਾ ਪੁਲਸ ਨੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਤਿੰਨ ਗੱਡੀਆਂ ਦੀ ਹੋਈ ਟੱਕਰ

**ਫਿਲੌਰ (ਨਿਰਮਲ)**- ਨਵਾਂਸ਼ਹਿਰ ਰੋਡ 'ਤੇ ਪਿੰਡ ਗੜ੍ਹਾ ਨੇੜੇ 3 ਗੱਡੀਆਂ ਆਪਸ ਵਿੱਚ ਟਕਰਾ ਗਈਆਂ। ਬਲੈਰੋ ਕਾਰ ਦਾ ਡ੍ਰਾਈਵਰ ਹਰਮੇਸ਼ ਲਾਲ ਨੇ ਦੱਸਿਆ ਕਿ ਉਹ ਫਿਲੌਰ ਤੋਂ ਗੜ੍ਹਸ਼ੰਕਰ ਨੂੰ ਜਾ ਰਿਹਾ ਸੀ ਤਾਂ ਇੱਕ ਅਲਟੋ ਗੱਡੀ ਨੇ ਗਲਤ ਸਾਈਡ ਤੋਂ ਆ ਕੇ ਸਾਹਮਣੇ ਤੋਂ ਟੱਕਰ ਮਾਰ ਦਿੱਤੀ। ਇਸੇ ਦੌਰਾਨ ਪਿੱਛੋਂ ਆ ਰਹੀ ਇੱਕ ਬੀਟ ਕਾਰ ਵੀ ਬਲੈਰੋ ਵਿੱਚ ਟਕਰਾ ਗਈ। ਹਾਦਸੇ ਦੌਰਾਨ ਤਿੰਨੋਂ ਗੱਡੀਆਂ ਦਾ ਨੁਕਸਾਨ ਹੋ ਗਿਆ ਤੇ ਗੱਡੀਆਂ ਵਿੱਚ ਸਵਾਰ ਵਿਅਕਤੀਆਂ ਦੇ ਮਾਮੂਲੀ ਸੱਟਾਂ ਵੱਜੀਅ, ਜਿਨ੍ਹਾਂ ਨੂੰ ਹਸਪਤਾਲ ਫਿਲੌਰ ਵਿਖੇ ਦਾਖ਼ਲ ਕਰਵਾਇਆ ਗਿਆ। ਮੌਕੇ 'ਤੇ ਥਾਣਾ ਫਿਲੌਰ ਦੀ ਪੁਲਸ ਨੇ ਪਹੁੰਚ ਕੇ ਕਾਰਵਾਈ ਸ਼ੁਰੂ ਕਰ ਦਿੱਤੀ।

## ਗੁਰੂ ਨਾਨਕ ਸਟਡੀ ਸੈਂਟਰ ਦੀ ਵਿਦਿਆਰਥਣ ਨੇ ਪ੍ਰਾਪਤ ਕੀਤੇ 7 ਬੈਂਡ



**ਮਹਿਤਪੁਰ (ਰਾਜਾ )** ਸ਼ਹਿਰ ਤੇ ਇਲਾਕੇ ਦੀ ਨਾਮਵਰ ਆਈਲੈਟਸ ਸੰਸਥਾ ਗੁਰੂ ਨਾਨਕ ਸਟੱਡੀ ਸੈਂਟਰ ਇੰਗਲਿਸ਼ ਸਕੂਲ ਦੇ ਅਨੇਕਾਂ ਵਿਦਿਆਰਥੀ ਮਨਚਾਹੇ ਬੈਂਡ ਪ੍ਰਾਪਤ ਕਰਕੇ ਵੱਖ ਵੱਖ ਦੇਸ਼ਾਂ 'ਚ ਜਾਣ ਦਾ ਸੁਪਨਾ ਪੂਰਾ ਕਰ ਰਹੇ ਹਨ। ਇਸੇ ਤਰ੍ਹਾਂ ਗੁਰੂ ਨਾਨਕ ਸਟੱਡੀ ਸੈਂਟਰ ਮਹਿਤਪੁਰ ਦੀ ਵਿਦਿਆਰਥਣ ਬਵਨਵੀਰ ਕੌਰ ਪੁੱਤਰੀ ਤੀਰਥ ਸਿੰਘ ਵਾਸੀ ਪਿੰਡ ਪਰਜੀਆ ਕਲਾਂ ਨੇ ਆਈਲੈਟਸ 'ਚੋਂ 7 ਬੈਂਡ ਪ੍ਰਾਪਤ ਕਰਕੇ ਸੰਸਥਾ ਦਾ ਨਾਂਅ ਰੋਸ਼ਨ ਕੀਤਾ ਹੈ। ਇਸ ਮੌਕੇ ਸੰਸਥਾ ਮੁਖੀ ਸਿਮਰਨ ਕੌਰ ਨੇ ਦੱਸਿਆ ਕਿ ਸੰਸਥਾ ਦੇ ਮਿਹਨਤੀ ਸਟਾਫ ਜੋ ਵਿਦਿਆਰਥੀਆਂ ਨੂੰ ਵੱਖਰੇ ਤਰੀਕੇ ਨਾਲ ਮਿਹਨਤ ਕਰਵਾਉਂਦੇ ਹਨ ਜਿਸ ਸਦਕਾ ਵਿਦਿਆਰਥਣ ਨੇ ਵਧੀਆ ਬੈਂਡ ਪ੍ਰਾਪਤ ਕੀਤੇ ਹਨ।

## ਨੌਜਵਾਨਾਂ ਨੇ ਪਹਿਲਾ ਕਬੱਡੀ ਟੂਰਨਾਮੈਂਟ ਕਰਵਾਇਆ

**ਕਰਤਾਰਪੁਰ (ਹਰਮੇਸ਼ ਦੱਤ )** ਕਰਤਾਰਪੁਰ ਦੇ ਲਾਗਲੇ ਪਿੰਡ ਅੰਬੀਆਂ ਤੋਹਫਾ ਦੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਅਤੇ ਪਿੰਡ ਦੇ ਨੌਜਵਾਨਾਂ ਵੱਲੋਂ ਪਹਿਲਾ ਕਬੱਡੀ ਟੂਰਨਾਮੈਂਟ ਕਰਵਾਇਆ ਗਿਆ, ਜਿਸ ਵਿੱਚ ਕਰਤਾਰਪੁਰ ਦੇ ਲਾਗਲੇ ਪਿੰਡਾਂ ਦੇ ਕਬੱਡੀ ਖਿਡਾਰੀਆਂ ਨੇ ਭਾਗ ਲਿਆ। ਟੂਰਨਾਮੈਂਟ ਵਿੱਚ 16 ਦੇ ਕਰੀਬ ਵੱਖ-ਵੱਖ ਟੀਮਾਂ ਨੇ ਭਾਗ ਲਿਆ। ਮੁੱਖ ਮਹਿਮਾਨ ਵਜੋਂ ਐਮ ਐਸ ਵਿਰਦੀ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਫਾਈਨਲ ਮੈਚ ਪਿੰਡ ਅੰਬੀਆਂ ਤੋਹਫਾ ਅਤੇ ਪਿੰਡ ਕੋਟ ਕਰਾਰ ਕਰਾਰ ਖਾਂ ਦੀਆਂ ਟੀਮਾਂ ਵਿਚਾਲੇ ਹੋਇਆ ਜਿਸ ਵਿਚ ਪਿੰਡ ਅੰਬੀਆਂ ਤੋਹਫਾ ਦੀ ਟੀਮ ਜੇਤੂ ਰਹੀ। ਇਸ ਮੌਕੇ ਵਿਜੇ ਕੁਮਾਰ, ਮਲਕੀਤ ਸਿੰਘ, ਅੰਮ੍ਰਿਤਪਾਲ ਸਿੰਘ, ਹਰਮਨ ਪਾਲ, ਰਣਜੋਧ ਸਿੰਘ, ਸੁਰਿੰਦਰ ਪਾਲ, ਕੁਲਜੀਤ ਸਿੰਘ ਝੀਤਾ, ਰਣਜੀਤ ਸਿੰਘ,ਗੁਰਪਾਲ ਸਿੰਘ, ਗੌਰਵ, ਜਸਕਰਣ, ਗੈਰੀ, ਰਾਹੁਲ ਅਤੇ ਅੰਬੀਆਂ ਤੋਹਫਾ ਦੇ ਲਾਗਲੇ ਪਿੰਡਾਂ ਦੇ ਹੋਰ ਵੀ ਨੌਜਵਾਨ ਹਾਜਰ ਸਨ।

## ਡਾ: ਰਾਜਬੀਰ ਸਿੰਘ ਨੂੰ ਸਦਮਾ, ਧਰਮ ਪਤਨੀ ਦਾ ਦਿਹਾਂਤ



**ਮਹਿਤਪੁਰ (ਰਾਜਾ)** ਡਾ. ਰਾਜਬੀਰ ਸਿੰਘ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਹਨਾਂ ਦੀ ਧਰਮ ਪਤਨੀ ਡਾ: ਕੁਲਰਾਜਦੀਪ ਕੌਰ ਨੰਢਾ ਕੋਮਲ ਹਸਪਤਾਲ ਮਹਿਤਪੁਰ ਦਿਲ ਦਾ ਦੌਰਾ ਪੈਣ ਕਾਰਨ ਆਪਣੇ ਸਵਾਸ ਤਿਆਗ ਗਏ। ਡਾ. ਕੁਲਰਾਜਦੀਪ ਕੌਰ ਦਾ ਜਨਮ 21/06/1974 ਨੂੰ ਮਾਸਟਰ ਗੁਲਜਾਰ ਸਿੰਘ ਦੇ ਘਰ ਮਾਤਾ ਬਲਵੀਰ ਕੌਰ ਦੀ ਕੁੱਖੋਂ ਪਿੰਡ ਟਿੱਬਾ ਸੁਲਤਾਨਪੁਰ ਲੋਧੀ ਵਿਖੇ ਹੋਇਆ ਤੇ ਉਹਨਾਂ ਦਾ ਵਿਆਹ ਰਾਜਬੀਰ ਸਿੰਘ ਨੰਢਾ ਮਹਿਤਪੁਰ ਦੇ ਨਾਲ ਹੋਇਆ । ਉਹ ਆਪਣੇ ਪਿੱਛੇ ਆਪਣੇ ਪੁੱਤਰ ਕੋਮਲਪ੍ਰੀਤ ਸਿੰਘ ਉਮਰ 20 ਸਾਲ ਦਾ ਛੱਡ ਗਏ । ਉਹਨਾਂ ਦੀ ਮੌਤ ਨਾਲ ਸਮੁੱਚਾ ਨੰਢਾ , ਥਿੰਦ , ਜੱਜ ਪਰਿਵਾਰ ਨੂੰ ਗਹਿਰਾ ਸਦਮਾ ਪਹੁੰਚਿਆ । ਇਸ ਮੌਕੇ ਵੱਖ ਵੱਖ ਸਮਾਜਿਕ, ਧਾਰਮਿਕ, ਰਾਜਨੀਤਕ ਆਗੂਆਂ ਵੱਲੋਂ ਘਰ ਪਹੁੰਚ ਕੇ ਦੁੱਖ ਸਾਂਝਾ ਕੀਤਾ ਗਿਆ।

## ਛੌਕਰਾਂ ਵਿਖੇ 12ਵਾਂ ਕਬੱਡੀ ਟੂਰਨਾਮੈਂਟ 2 ਨੂੰ



**ਫਿਲੌਰ, (ਨਿਰਮਲ)**- ਸ਼ਹੀਦ ਭਗਤ ਸਿੰਘ ਕਬੱਡੀ ਕਲੱਬ (ਰਜਿ:) ਛੋਕਰਾਂ ਵੱਲੋਂ 12ਵਾਂ ਕਬੱਡੀ ਟੂਰਨਾਮੈਂਟ ਪਿੰਡ ਛੋਕਰਾਂ ਨੇੜੇ ਅੱਪਰਾ, ਤਹਿ ਫਿਲੌਰ, ਜ਼ਿਲ੍ਹਾ ਜਲੰਧਰ ਵਿਖੇ 2 ਅਪ੍ਰੈਲ ਨੂੰ ਕਰਵਾਇਆ ਜਾ ਰਿਹਾ ਹੈ। ਟੂਰਨਾਮੈਂਟ ਦਾ ਉਦਘਾਟਨ ਨਛੱਤਰ ਸਿੰਘ ਯੂ.ਕੇ ਕਰਨਗੇ। ਜਿਸ ਦੌਰਾਨ ਮੁੱਖ ਮਹਿਮਾਨ ਰਾਜਵਿੰਦਰ ਕੌਰ ਥਿਆੜਾ ਚੇਅਰਮੈਨ ਪੰਜਾਬ ਰਾਜ ਕੰਨਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਿਡ, ਸਪੋਕਸਪਰਸਨ ਪੰਜਾਬ, ਅਤੇ ਆਮ ਆਦਮੀ ਪਾਰਟੀ ਦੇ ਜੁਆਇੰਟ ਸਕੱਤਰ ਪੰਜਾਬ ਅਤੇ ਹਲਕਾ ਇੰਚਾਰਜ ਫਿਲੌਰ ਪ੍ਰਿੰਸੀਪਲ ਪ੍ਰੇਮ ਕੁਮਾਰ ਅਤੇ ਵਿਸ਼ੇਸ਼ ਮਹਿਮਾਨ ਜਗਦੀਸ਼ ਰਾਜ ਡੀ.ਐਸ. ਪੀ. ਫਿਲੌਰ ਪਹੁੰਚਣਗੇ ਅਤੇ ਟੂਰਨਾਮੈਂਟ ਦੌਰਾਨ ਇਨਾਮਾਂ ਦੀ ਵੰਡ ਕਰਨਗੇ। ਟੂਰਨਾਮੈਂਟ ਦੌਰਾਨ ਕੁੜੀਆਂ ਦਾ ਸ਼ੋਅ ਮੈਚ ਅਤੇ ਪਾਵਰ ਲਿਫਟਿੰਗ ਪੰਜਾਬ ਲੈਵਲ ਦੇ ਮੁਕਾਬਲੇ ਖਿੱਚ ਦਾ ਕੇਂਦਰ ਹੋਣਗੇ। ਜੇਤੂ ਟੀਮਾਂ ਨੂੰ ਦਿਲ ਖਿਚਵੇਂ ਇਨਾਮ ਦਿੱਤੇ ਜਾਣਗੇ। ਇਹ ਜਾਣਕਾਰੀ ਡਾ. ਬਲਜੀਤ ਸਿੰਘ ਛੋਕਰ ਵੱਲੋਂ ਦਿੱਤੀ ਗਈ।

## ਗ੍ਰੈਜੂਏਸ਼ਨ ਸੈਰਾਮਨੀ ਤੇ ਸਾਲਾਨਾ ਸਮਾਗਮ ਕਰਵਾਇਆ

**ਮਹਿਤਪੁਰ (ਰਾਜਾ)**-ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮਹਿਸਮਪੁਰ ਬਲਾਕ ਨਕੋਦਰ 1 ਵਿਖੇ ਗ੍ਰੈਜੂਏਸ਼ਨ ਸੈਰਾਮਨੀ ਅਤੇ ਸਾਲਾਨਾ ਸਮਾਗਮ ਕਰਵਾਇਆ ਗਿਆ। ਹੈੱਡ ਟੀਚਰ ਦਿਲਬਾਗ ਸਿੰਘ ਨੇ ਆਏ ਹੋਏ ਪਤਵੰਤਿਆਂ ਨੂੰ ਜੀ ਆਇਆ ਆਖਿਆ। ਇਸ ਉਪਰੰਤ ਬੱਚਿਆਂ ਵਲੋਂ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਖੇਡਾਂ ਤੇ ਪੜ੍ਹਾਈ ਵਿਚ ਮੱਲ ਮਾਰਨ ਵਾਲੇ ਵਿਦਿਆਰਥੀਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ 'ਤੇ ਸਰਪੰਚ ਦਲਵੀਰ ਸਿੰਘ, ਜਸਪਾਲ ਸਿੰਘ ਜੌਹਲ,ਪਰਮਜੀਤ ਸਿੰਘ, ਜੀਤ ਰਾਮ ਪੰਚ,ਕੁਲਵਿੰਦਰ ਸਿੰਘ, ਧਰਮਪਾਲ, ਵਿਨਿਤ ਕੁਮਾਰ ਸੀ ਐਚ ਟੀ ਹਰੀਪੁਰ, ਰਾਕੇਸ਼ ਕੁਮਾਰ ਮੁੱਖ ਅਧਿਆਪਕ ਸਰਕਾਰੀ ਹਾਈ ਸਕੂਲ ਮਹਿਸਮਪੁਰ, ਮੈਡਮ ਕੁਲਦੀਪ ਕੌਰ , ਮੈਡਮ ਆਸ਼ਾ ਰਾਣੀ ,ਮੈਡਮ ਰਜਨੀ, ਮੈਡਮ ਰਾਜਵਿੰਦਰ ਕੌਰ, ਕੁੱਕ ਸਰਬਜੀਤ ਤੇ ਕਮਲਜੀਤ ਹਾਜਰ ਸਨ।

## ਸਕੂਲ ਦੇ ਬੱਚਿਆਂ ਤੇ ਮਾਪਿਆਂ ਲਈ ਦੰਦਾਂ ਦਾ ਚੈੱਕਅੱਪ ਕੈਂਪ ਲਗਾਇਆ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੱਬੀ )**-ਸ੍ਰੀ ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਸਕੂਲ ਸਟਾਫ ਤੇ ਚੰਡੀਗੜ੍ਹ ਮਲਟੀਸਪੈਸ਼ਲਟੀ ਡੈਂਟਲ ਕਲੀਨਿਕ ਸ੍ਰੀ ਚਮਕੌਰ ਸਾਹਿਬ ਦੇ ਸਹਿਯੋਗ ਨਾਲ ਸਕੂਲ ਦੇ ਬੱਚਿਆਂ ਤੇ ਮਾਪਿਆਂ ਲਈ ਦੰਦਾ ਦਾ ਚੈੱਕਅਪ ਕੈਂਪ ਲਗਾਇਆ ਗਿਆ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਮਨਜਿੰਦਰ ਸਿੰਘ, ਸੰਜੀਵ ਗਰਗ , ਸ੍ਰੀਮਤੀ ਮਨਦੀਪ ਕੌਰ ਅਤੇ ਮੈਡਮ ਵੰਦਨਾ ਗਰਗ ਨੇ ਸ਼ਿਰਕਤ ਕੀਤੀ ਅਤੇ ਡਾਕਟਰ ਸਚਿਤ ਅਰੋੜਾ ਤੇ ਡਾਕਟਰ ਸਾਕਸ਼ੀ ਅਰੋੜਾ (ਗੋਲਡ ਮੈਡਲਿਸਟ) ਵੱਲੋਂ ਮਾਪਿਆਂ ਅਤੇ ਬੱਚਿਆਂ ਦੇ ਦੰਦਾਂ ਦਾ ਚੈੱਕਅਪ ਕਰਨ ਲਈ ਧੰਨਵਾਦ ਕੀਤਾ। ਸਕੂਲ ਪ੍ਰਿੰਸੀਪਲ ਮੈਡਮ ਪੂਨਮ ਡੋਗਰਾ ਨੇ ਦੱਸਿਆ ਕਿ ਦੰਦਾਂ ਦੇ ਚੈੱਕਅਪ ਦੇ ਪਹਿਲੇ ਦਿਨ ਵੱਡੀ ਗਿਣਤੀ ਵਿੱਚ ਬੱਚਿਆਂ ਤੇ ਮਾਪਿਆਂ ਨੇ ਚੈੱਕਅਪ ਕਰਵਾਇਆ। ਉਨ੍ਹਾਂ ਨੇ ਇਸ ਕੈਂਪ ਨੂੰ ਸਫਲ ਬਣਾਉਣ ਲਈ ਡਾਕਟਰਾਂ ਦੇ ਨਾਲ ਨਾਲ ਸਮੂਹ ਸਟਾਫ ਦਾ ਵੀ ਧੰਨਵਾਦ ਕੀਤਾ। ਇਸ ਮੌਕੇ 'ਤੇ ਅਵਤਾਰ ਸਿੰਘ, ਮੈਡਮ ਸੁੱਖਵਿੰਦਰ ਕੌਰ, ਮੈਡਮ ਜਸਵੀਰ ਕੌਰ,ਮੈਡਮ ਜਸਪ੍ਰੀਤ ਕੌਰ,ਮੈਡਮ ਅਮਨੀਤ ਕੌਰ, ਮੈਡਮ ਪਰਮਜੀਤ ਕੌਰ ਤੇ ਸਮੂਹ ਸਟਾਫ ਮੈਂਬਰ ਹਾਜਰ ਸਨ।

## ਮਾਤਾ ਮਨਸਾ ਦੇਵੀ ਮੰਦਰ ਨਤਮਸਤਕ ਹੋਏ ਗੋਗੀ

**ਫਗਵਾੜਾ ( ਡਾ. ਰਮਨ)** ਸ੍ਰੀ ਦੁਰਗਾ ਅਸ਼ਟਮੀ ਦੇ ਪਵਿੱਤਰ ਦਿਹਾੜੇ ਮੌਕੇ ਆਮ ਆਦਮੀ ਪਾਰਟੀ ਜ਼ਿਲ੍ਹਾ ਕਪੂਰਥਲਾ ਐਸ.ਸੀ. ਵਿੰਗ ਦੇ ਪ੍ਰਧਾਨ ਸੰਤੋਸ਼ ਕੁਮਾਰ ਗੋਗੀ ਨੇ ਮਾਤਾ ਮਨਸਾ ਦੇਵੀ ਮੰਦਿਰ, ਮਨਸਾ ਦੇਵੀ ਨਗਰ ਸਤਨਾਮਪੁਰਾ ਫਗਵਾੜਾ ਵਿਖੇ ਨਤਮਸਤਕ ਹੋ ਕੇ ਮਾਂ ਦੁਰਗਾ ਦਾ ਅਸ਼ੀਰਵਾਦ ਲਿਆ। ਇਸ ਦੌਰਾਨ ਉਹਨਾਂ ਹਾਜਰੀਨ ਸੰਗਤ ਨੂੰ ਸ੍ਰੀ ਦੁਰਗਾ ਅਸ਼ਟਮੀ ਅਤੇ ਭਗਵਾਨ ਸ੍ਰੀ ਰਾਮ ਜੀ ਦੇ ਜਨਮ ਉਤਸਵ ਰਾਮ ਨੌਮੀ ਦੀਆਂ ਸ਼ੁੱਭ ਇੱਛਾਵਾਂ ਦਿੱਤੀਆਂ। ਮੰਦਿਰ ਦੇ ਪ੍ਰਬੰਧਕਾਂ ਵਲੋਂ ਸੰਤੋਸ਼ ਕੁਮਾਰ ਗੋਗੀ ਅਤੇ ਉਹਨਾਂ ਦੇ ਨਾਲ ਪਹੁੰਚੇ ਪਤਵੰਤਿਆਂ ਨੂੰ ਮਾਤਾ ਰਾਣੀ ਦੀ ਚੁਨਰੀ ਭੇਂਟ ਕਰਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਉਹਨਾਂ ਮੰਦਿਰ ਵਿਖੇ ਆਯੋਜਿਤ ਮੇਲੇ ਦੌਰਾਨ ਸ਼ਿਵ ਸ਼ੰਕਰ ਬਲੱਡ ਸੇਵਾ ਵੈਲਫੇਅਰ ਸੁਸਾਇਟੀ ਰਜਿ: ਫਗਵਾੜਾ ਵਲੋਂ ਲਗਾਏ ਖੂਨਦਾਨ ਕੈਂਪ 'ਚ ਸ਼ਿਰਕਤ ਕਰਦਿਆਂ ਸੁਸਾਇਟੀ ਦੇ ਇਸ ਉਪਰਾਲੇ ਦੀ ਵੀ ਭਰਪੂਰ ਸ਼ਲਾਘਾ ਕੀਤੀ। ਉਹਨਾਂ ਦੇ ਨਾਲ ਮੁਨੀਸ਼ ਨਾਗਲਾ, ਵਿੱਕੀ ਸਿੰਘ, ਵਰੁਨ ਨਾਗਲਾ, ਵਿਜੇ ਬੰਗਾ ਗੁਰਦੀਪ ਸਿੰਘ, ਜਤਿੰਦਰ ਨਾਹਰ, ਕਰਮਜੀਤ ਸਿੰਘ ਸੋਢੀ, ਬਲਜੀਤ ਸਿੰਘ, ਸੋਨੀ ਵਾਲੀਆ, ਨਰਿੰਦਰ ਸਿੰਘ ਸੈਣੀ, ਰਾਮਕ੍ਰਿਸ਼ਨ ਭੱਟੀ ਆਦਿ ਵੀ ਹਾਜਰ ਸਨ।

31-March-PAGE-11-Majha-2023.qxd 3/30/2023 10:36 PM Page 1



# ਤਜਵੀਜ਼ਤ ਟੋਲ ਪਲਾਜ਼ੇ ਵਿਰੁੱਧ 88 ਵੇਂ ਦਿਨ ਵੀ ਧਰਨਾ ਜਾਰੀ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਟੋਲ ਪਲਾਜ਼ਾ ਵਿਰੋਧੀ ਐਕਸ਼ਨ ਕਮੇਟੀ ਵੱਲੋਂ ਗੁਰਦਾਸਪੁਰ ਤੋਂ ਡੇਰਾ ਬਾਬਾ ਨਾਨਕ ਰੋਡ ਤੇ ਸਥਿਤ ਪਿੰਡ ਖੈਹਰਾ ਕੋਟਲੀ ਵਿਖੇ ਤਜਵੀਜ਼ਤ ਟੋਲ ਪਲਾਜ਼ਾ ਵਿਰੁੱਧ ਲਾਇਆ ਧਰਨਾ ਅੱਜ 88ਵੇਂ ਦਿਨ ਵੀ ਜਾਰੀ ਰਿਹਾ । ਅੱਜ ਦੇ ਜਥੇ ਦੀ ਅਗਵਾਈ ਪੰਜਾਬ ਕਿਸਾਨ ਯੂਨੀਅਨ ਵੱਲੋਂ ਸਰਬਜੀਤ ਸਿੰਘ ਗੋਸਲ, ਜਰਨੈਲ ਸਿੰਘ ਸਪਰਾਵਾਂ ਅਤੇ ਬਸੀਰ ਗਿੱਲ ਨੇ ਕੀਤੀ। ਅੱਜ ਦੇ ਜਥੇ 'ਚ ਬਸੀਰ ਗਿੱਲ ਮਸਤਕੋਟ, ਮਹਿੰਦਰ ਸਿੰਘ ਲੱਖਣ ਖੁਰਦ, ਗੁਰਵੇਲ ਸਿੰਘ ਭੰਗਵਾ, ਅਸ਼ਵਨੀ ਕੁਮਾਰ, ਗੋਪਾਲ ਚੰਦ, ਸੁਰਜੀਤ ਸਿੰਘ, ਰਾਜਿੰਦਰ ਸਿੰਘ ਸਰਪੰਚ, ਪ੍ਰੇਮ ਲਾਲ, ਜੋਗਿੰਦਰ ਪਾਲ, ਤੇਜਿੰਦਰ ਸਿੰਘ ਪਿੰਡ ਲੱਖਣ ਕਲਾਂ, ਗੁਰਦੀਪ ਸਿੰਘ ਕਾਮਲ ਪੁਰ, ਮੰਗਲ ਸਿੰਘ ਅਟਾਰੀ, ਸਰਬਜੀਤ ਸਿੰਘ , ਰਤਨ ਸਿੰਘ, ਸੁਵਿੰਦਰ ਸਿੰਘ, ਬਲਦੇਵ ਮਸੀਹ, ਯੂਨਸ ਮਸੀਹ ਪਿੰਡ ਗੋਸਲਾਂ, ਬੇਅੰਤ ਪਾਲ ਸਿੰਘ, ਸਤਨਾਮ ਸਿੰਘ, ਬਲਜੀਤ ਸਿੰਘ, ਭਗਤ ਸਿੰਘ, ਕਾਲੂ, ਹੀਰਾ ਸਿੰਘ, ਕੁਲਵੰਤ ਸਿੰਘ, ਸੁੱਚਾ ਸਿੰਘ, ਬਾਬਾ ਅਜੀਤ, ਬਲਵਿੰਦਰ ਸਿੰਘ, ਅਜੀਤ ਸਿੰਘ, ਮੱਖਣ ਸਿੰਘ, ਸੁਰਜੀਤ ਸਿੰਘ, ਅਜੀਤ ਸਿੰਘ ਘੋਂਟ ਪਿੰਡ ਡੇਹਰੀਵਾਲ ਕਿਰਨ, ਸੁਰਜਨ ਸਿੰਘ ਰਾਮਦਿਵਾਲੀ, ਸੁਖਦੇਵ ਸਿੰਘ ਦਬੁਰਜੀ, ਬਲਦੇਵ ਸਿੰਘ ਮੌੜ, ਜਰਨੈਲ ਸਿੰਘ, ਹਰਜਿੰਦਰ ਸਿੰਘ, ਬਲਵਿੰਦਰ ਸਿੰਘ, ਹਰਬੰਸ ਸਿੰਘ, ਬਲਦੇਵ ਸਿੰਘ, ਦਰਸ਼ਨ ਸਿੰਘ, ਦਿਲਬਾਗ ਸਿੰਘ ਪਿੰਡ ਸਪਰਾਵਾਂ, ਸੁਖਰਾਜ ਸਿੰਘ ਸਰਪੰਚ, ਗੁਰਵਿੰਦਰ ਸਿੰਘ, ਅਮਰਦੀਪ ਸਿੰਘ, ਸੁਖਦੇਵ ਸਿੰਘ ਪਿੰਡ ਬੁੱਚੇਨੰਗਲ, ਪਲਵਿੰਦਰ ਸਿੰਘ, ਬਲਬੀਰ ਸਿੰਘ ਗੁਰਦਾਸਪੁਰ, ਬਲਦੇਵ ਸਿੰਘ, ਨਿੱਕਾ ਸਿੰਘ ਜਸਵੰਤ ਸਿੰਘ, ਬਲਬੀਰ ਸਿੰਘ ਬੋਪਾਰਾਏ, ਨਰਿੰਦਰ ਪਾਲ ਕੌਰ ਭੋਪਰ, ਨਰਿੰਦਰ ਸਿੰਘ ਮਿੰਟੂ ਲੱਖਣ ਕਲਾਂ, ਬਲਵੀਰ ਸਿੰਘ ਉਚਾਧਕਾਲਾ ਆਦਿ ਹਾਜ਼ਰ ਸਨ। ਕਿਰਤੀ ਕਿਸਾਨ ਯੂਨੀਅਨ ਵੱਲੋਂ ਸਲਵਿੰਦਰ ਸਿੰਘ ਤਾਜ ਗੋਸਲ, ਬਲਕਾਰ ਸਿੰਘ ਨੜਾਂਵਾਲੀ ਜਮਹੂਰੀ ਕਿਸਾਨ ਸਭਾ ਅਤੇ ਨਰਿੰਦਰ ਪਾਲ ਕੌਰ ਭੋਪਰ ਨੇ ਜਥੇ ਨੂੰ ਸਨਮਾਨਤ ਕੀਤਾ। ਬੀ ਕੇ ਯੂ ਏਕਤਾ ਉਗਰਾਹਾਂ ਵੱਲੋਂ ਅਸ਼ੋਕ ਕੁਮਾਰ ਸ਼ਰਮਾ ਆਦਿ ਨੇ ਜਥੇ ਨੂੰ ਸਨਮਾਨਤ ਕੀਤਾ। ਬੁਲਾਰਿਆਂ ਅਸ਼ਵਨੀ ਕੁਮਾਰ ਲੱਖਣ ਕਲਾਂ, ਬੇਅੰਤ ਪਾਲ ਸਿੰਘ ਡੇਹਰੀਵਾਲ ਕਿਰਨ, ਜਰਨੈਲ ਸਿੰਘ ਸਪਰਾਵਾਂ, ਸਰਬਜੀਤ ਸਿੰਘ ਗੋਸਲ, ਸੁੱਚਾ ਸਿੰਘ ਬਲੱਗਣ, ਬਸੀਰ ਗਿੱਲ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬੇਮੌਸਮੀ ਬਰਸਾਤ ਕਾਰਨ ਕਿਸਾਨਾਂ ਦੀ ਕਣਕ ਦੀ ਫਸਲ ਖਰਾਬ ਹੋ ਚੁੱਕੀ ਹੈ ਪਰ ਇਸ ਮੁੱਦੇ 'ਤੇ ਪੰਜਾਬ ਸਰਕਾਰ ਵੱਲੋਂ ਖਰਾਬੇ ਦੇ ਮੁਆਵਜ਼ੇ ਦਾ ਐਲਾਨ ਕਰਨ ਦੇ ਬਾਵਜੂਦ ਅਜੇ ਤੱਕ ਮਾਲ ਮਹਿਕਮੇ ਵੱਲੋਂ ਪਿੰਡਾਂ 'ਚ ਗਿਰਦਾਵਰੀ ਦੀ ਕੋਈ ਮੁਹਿੰਮ ਨਹੀਂ ਚੱਲ ਰਹੀ। ਇਸ ਸੰਬੰਧੀ ਕਿਸਾਨ ਜਥੇਬੰਦੀਆਂ ਡਿਪਟੀ ਕਮਿਸ਼ਨਰ ਨੂੰ ਮਿਲ ਚੁੱਕੀਆਂ ਹਨ। ਭਵਿੱਖ 'ਚ ਅਸੀਂ ਤਹਿਸੀਲਦਾਰ ਕਲਾਨੌਰ ਅਤੇ ਤਹਿਸੀਲਦਾਰ ਡੇਰਾ ਬਾਬਾ ਨਾਨਕ ਨੂੰ ਮਿਲ ਰਹੇ ਹਾਂ। ਅੰਤ 'ਚ ਬੁਲਾਰਿਆਂ ਨੇ ਕਿਹਾ ਕਿ ਅਸੀਂ ਇਹ ਟੋਲ ਪਲਾਜ਼ਾ ਕਿਸੇ ਵੀ ਹਾਲਤ 'ਚ ਨਹੀਂ ਲੱਗਣ ਦਿਆਂਗੇ।

## ਗਲੋਬਲ ਵਾਰਮਿੰਗ ਨੂੰ ਰੋਕਣਾ ਹਰ ਵਿਅਕਤੀ ਦੀ ਜ਼ਿੰਮੇਵਾਰੀ : ਸੰਦੀਪ ਚੌਧਰੀ

ਅੰਮ੍ਰਿਤਸਰ : ਕੋਈ ਵੀ ਕੋਸ਼ਿਸ਼ ਅਤੇ ਮੁਹਿੰਮ ਉਦੋਂ ਤੱਕ ਸਫਲ ਨਹੀਂ ਹੁੰਦੀ ਜਦੋਂ ਤੱਕ ਉਸ ਵਿੱਚ ਹਰ ਇੱਕ ਵਿਅਕਤੀ ਦੀ ਹਿੱਸੇਦਾਰੀ ਸ਼ਾਮਲ ਨਹੀਂ ਹੁੰਦੀ। ਇਸ ਗੱਲ ਦਾ ਪ੍ਰਗਟਾਵਾ ਮਸ਼ਹੂਰ ਸੇਵ ਅਰਥ ਐਕਟੀਵਿਸਟ ਸੰਦੀਪ ਚੌਧਰੀ ਨੇ ਜਲਵਾਯੂ ਤਬਦੀਲੀ ਬਾਰੇ ਕੀਤਾ। ਸੰਦੀਪ ਚੌਧਰੀ ਦੀ ਅਗਵਾਈ ਵਿੱਚ ਯੈੱਸ ਵਰਲਡ ਐਂਡ ਸੇਵ ਅਰਥ ਮਿਸ਼ਨ ਦੀ ਟੀਮ ਵੱਲੋਂ ਜਲਵਾਯੂ ਪਰਿਵਰਤਨ ਦੇ ਸਬੰਧ ਵਿੱਚ ਇਹ ਗੱਲ ਆਖੀ ਗਈ, ਜਿਸ ਦਾ ਉਦੇਸ਼ ਧਰਤੀ ਉੱਤੇ ਹੋ ਰਹੇ ਗਲੋਬਲ ਵਾਰਮਿੰਗ ਦੇ ਮਾੜੇ ਪ੍ਰਭਾਵਾਂ ਬਾਰੇ ਸਮਾਜ ਦਾ ਧਿਆਨ ਆਕਰਸ਼ਿਤ ਕਰਨਾ ਸੀ। ਸੇਵ ਅਰਥ ਐਕਟੀਵਿਸਟ ਸੰਦੀਪ ਚੌਧਰੀ ਨੇ ਕਿਹਾ ਕਿ ਅੱਜ ਜਲਵਾਯੂ ਤਬਦੀਲੀ ਇੱਕ ਅਜਿਹੀ ਸਮੱਸਿਆ ਹੈ, ਜੋ ਸਮੁੱਚੀ ਮਨੁੱਖ ਜਾਤੀ ਲਈ ਵੱਡਾ ਖਤਰਾ ਬਣ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਸ ਧਰਤੀ ਉੱਤੇ ਰਹਿਣ ਵਾਲੇ ਹਰ ਇੱਕ ਵਿਅਕਤੀ ਦੀ ਜ਼ਿੰਮੇਵਾਰੀ ਹੈ ਕਿ ਉਹ ਕਾਰਬਨ ਦੀ ਵਰਤੋਂ ਨੂੰ ਘੱਟ ਕਰਕੇ ਗਲੋਬਲ ਵਾਰਮਿੰਗ ਨੂੰ ਰੋਕਣ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਦੇਵੇ। ਉਨ੍ਹਾਂ ਨੇ ਯੈੱਸ ਵਰਲਡ ਨਾਂ ਦੀ ਇੱਕ ਸੰਸਥਾ ਸ਼ੁਰੂ ਕੀਤੀ ਜੋ ਧਰਤੀ ਅਤੇ ਵਾਤਾਵਰਨ ਦੇ ਸਬੰਧ ਵਿੱਚ ਜਾਗਰੂਕਤਾ ਫੈਲਾਉਣ ਦਾ ਕੰਮ ਕਰਦੀ ਹੈ।

# ਸਰਕਾਰੀ ਕਣਕ ਨਿਕਲੀ ਬੇਹੱਦ ਖਰਾਬ

## ਲੋਕਾਂ ਨੇ ਕੀਤਾ ਪ੍ਰਦਰਸ਼ਨ ਅਤੇ ਕਣਕ ਲੈਣ ਤੋਂ ਕੀਤਾ ਇਨਕਾਰ



ਕਲਾਨੌਰ (ਮਨਦੀਪ ਕੋਹਲੀ)-ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਕਲਾਨੌਰ 'ਚ ਗਰੀਬ ਅਤੇ ਲੋੜਵੰਦ ਲੋਕਾਂ ਨੂੰ ਮਿਲਣ ਵਾਲੀ ਸਰਕਾਰੀ ਕਣਕ ਨੂੰ ਲੈ ਕੇ ਪਿਛਲੇ ਕੁਝ ਦਿਨਾਂ ਤੋਂ ਕਲਾਨੌਰ ਸ਼ਹਿਰ ਅੰਦਰ ਡੀਪੂ ਹੋਲਡਰਾਂ ਅਤੇ ਫੂਡ ਸਪਲਾਈ ਇੰਸਪੈਕਟਰ ਦੀ ਮਿਲੀਭੁਗਤ ਹੋਣ ਕਾਰਨ ਗਰੀਬ ਲੋਕਾਂ ਦੇ ਖੱਜਲ-ਖੁਆਰ ਹੋਣ ਦੀਆਂ ਖਬਰਾਂ ਵੀ ਸਾਹਮਣੇ ਆ ਰਹੀਆਂ ਸਨ, ਉਥੇ ਹੀ ਅੱਜ ਕਲਾਨੌਰ ਦਾਣਾ ਮੰਡੀ 'ਚ ਇੱਕ ਡੀਪੂ ਹੋਲਡਰ ਵੱਲੋਂ ਬੀ ਪੀ ਐਲ ਕਾਰਡ ਧਾਰਕਾਂ ਨੂੰ ਵੰਡਣ ਲਈ ਸਰਕਾਰੀ ਕਣਕ ਲਿਆਂਦੀ ਗਈ ਸੀ ਪਰ ਜਦ ਲੋਕ ਕਣਕ ਲੈਣ ਲਈ ਪਹੁੰਚੇ ਤਾਂ ਕਣਕ ਬੇਹੱਦ ਖਰਾਬ ਹੋਣ ਕਾਰਨ ਲੋਕਾਂ ਦਾ ਪਾਰਾ ਹਾਈ ਹੋ ਗਿਆ ਤੇ ਲੋਕਾਂ ਨੇ ਡੀਪੂ ਹੋਲਡਰ, ਫੂਡ ਸਪਲਾਈ ਇੰਸਪੈਕਟਰ ਅਤੇ ਪੰਜਾਬ ਸਰਕਾਰ ਖਿਲਾਫ ਪ੍ਰਦਰਸ਼ਨ ਕਰਕੇ ਨਾਅਰੇਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ ਤੇ ਕਣਕ ਲੈਣ ਤੋਂ ਇਨਕਾਰ ਕਰ ਦਿੱਤਾ। ਇਸ ਮੌਕੇ ਖਾਲਸਾ ਪੰਚਾਇਤ ਕਲਾਨੌਰ ਦੇ ਪ੍ਰਧਾਨ ਭਾਈ ਰਜਿੰਦਰ ਸਿੰਘ ਭੰਗੂ ਅਤੇ ਨਿਸ਼ਾਨ ਸਿੰਘ ਆਦਿ ਨੇ ਵੀ ਡੀਪੂ ਹੋਲਡਰਾਂ, ਫੂਡ ਸਪਲਾਈ ਇੰਸਪੈਕਟਰ ਕਿਰਨ ਕੁਮਾਰ, ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਆਮ ਲੋਕਾਂ ਦੀ ਸਰਕਾਰ ਵੱਲੋਂ ਹੀ ਆਮ ਲੋਕਾਂ ਨੂੰ ਹੀ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਸੰਬੰਧੀ ਕੁਝ ਦਿਨ ਪਹਿਲਾਂ ਵੀ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਵਿਖੇ ਲੋਕਾਂ ਦਾ ਭਾਰੀ ਇਕੱਠ ਕਰ ਕੇ ਗਰੀਬ ਲੋਕਾਂ ਨੂੰ ਕਣਕ ਨਾ ਮਿਲਣ, ਪਰਚੀਆਂ ਕੱਟ ਕੇ ਖੱਜਲ-ਖੁਆਰ ਕਰਨ ਸੰਬੰਧੀ ਹਲਕੇ ਦੀ ਨੁਮਾਇੰਦਗੀ ਕਰ ਰਹੇ ਆਗੂ ਗੁਰਦੀਪ ਸਿੰਘ ਰੰਧਾਵਾ ਨੂੰ ਜਾਣੂ ਕਰਵਾਇਆ ਸੀ। ਉਨ੍ਹਾਂ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਸੀ ਕਿ ਸੋਮਵਾਰ ਤੱਕ ਲੋਕਾਂ ਦੀ ਬਕਾਇਆ ਰਹਿੰਦੀ ਕਣਕ ਲੋਕਾਂ ਨੂੰ ਦੇ ਦਿੱਤੀ ਜਾਵੇਗੀ। ਰੰਧਾਵਾ ਨੇ ਇਕੱਠ 'ਚ ਕਿਹਾ ਸੀ ਜਿਹੜਾ ਡੀਪੂ ਹੋਲਡਰ ਲੋਕਾਂ ਨੂੰ ਕਣਕ ਨਹੀਂ ਵੰਡੇਗਾ ਉਸ ਡੀਪੂ ਹੋਲਡਰ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਪਰ ਉਹ ਕਾਰਵਾਈ ਵੀ ਲਾਰਿਆਂ ਤੱਕ ਹੀ ਰਹਿ ਗਈ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਸੜੀ ਗਲੀ ਕਣਕ ਨੂੰ ਵਾਪਸ ਕਰਕੇ ਜਲਦੀ ਤੋਂ ਜਲਦੀ ਹੀ ਸਾਫ ਸੁਥਰੀ ਕਣਕ ਲੋਕਾਂ ਨੂੰ ਮੁਹੱਈਆ ਕਰਵਾਈ ਜਾਵੇ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਭਾਈ ਰਜਿੰਦਰ ਸਿੰਘ ਭੰਗੂ, ਬਾਬਾ ਨਿਸ਼ਾਨ ਸਿੰਘ, ਰਾਜ ਕੁਮਾਰ, ਸੁਖਜਿੰਦਰ ਸਿੰਘ, ਕਾਲਾ ਬਡਿਆਲ, ਪਰਮਜੀਤ ਸਿੰਘ, ਮਨੋਹਰ ਸਿੰਘ , ਸੰਦੀਪ ਸਿੰਘ, ਸੂਬਾ ਸਿੰਘ, ਪਰਮਜੀਤ ਸਿੰਘ, ਨਿਰਮਲ ਸਿੰਘ, ਹੰਸਪਾਲ, ਮੰਗਾ ਖੁੱਲਰ, ਹੈਪੀ ਖੁੱਲਰ, ਵਿੱਕੀ, ਕੁਲਵੰਤ ਸਿੰਘ, ਤਿਲਕ ਸਿੰਘ, ਇੰਦਰਪਾਲ, ਗੁਲਜ਼ਾਰ ਸਿੰਘ, ਬਲਵਿੰਦਰ ਸਿੰਘ ਸਮੇਤ ਸੈਂਕੜੇ ਲੋਕ ਮੌਜੂਦ ਸਨ।

## ਸ਼੍ਰੋਮਣੀ ਕਮੇਟੀ ਨੇ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਤੋਂ ਪਾਸਪੋਰਟ ਮੰਗੇ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਜੂਨ 'ਚ ਪਾਕਿਸਤਾਨ ਭੇਜੇ ਜਾਣ ਵਾਲੇ ਜਥੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਸ਼ਰਧਾਲੂਆਂ ਪਾਸੋਂ ਪਾਸਪੋਰਟਾਂ ਦੀ ਮੰਗ ਕੀਤੀ ਹੈ। ਚਾਹਵਾਨ ਸ਼ਰਧਾਲੂ ਆਪਣੇ ਪਾਸਪੋਰਟ 13 ਅਪ੍ਰੈਲ ਤੱਕ ਸ਼੍ਰੋਮਣੀ ਕਮੇਟੀ ਦਫ਼ਤਰ ਦੇ ਯਾਤਰਾ ਵਿਭਾਗ ਵਿਖੇ ਜਮ੍ਹਾਂ ਕਰਵਾ ਸਕਦੇ ਹਨ। ਸ਼੍ਰੋਮਣੀ ਕਮੇਟੀ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਜੂਨ ਮਹੀਨੇ 'ਚ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਸੰਬੰਧੀ ਪਾਕਿਸਤਾਨ ਵਿਖੇ ਸਿੱਖ ਸ਼ਰਧਾਲੂਆਂ ਦਾ ਜਥਾ ਭੇਜਿਆ ਜਾਵੇਗਾ। ਉਨ੍ਹਾ ਕਿਹਾ ਕਿ ਜਥੇ 'ਚ ਜਾਣ ਦੇ ਚਾਹਵਾਨ ਸ਼ਰਧਾਲੂ ਆਪਣੇ ਪਾਸਪੋਰਟ ਸ਼੍ਰੋਮਣੀ ਕਮੇਟੀ ਦੇ ਹਲਕਾ ਮੈਂਬਰ ਦੀ ਸਿਫਾਰਸ਼ ਸਹਿਤ ਜਮ੍ਹਾਂ ਕਰਵਾਉਣ। ਇਸ ਦੇ ਨਾਲ ਪਛਾਣ ਪੱਤਰ ਵਜੋਂ ਅਧਾਰ ਕਾਰਡ ਜਾਂ ਵੋਟਰ ਕਾਰਡ ਦੀ ਕਾਪੀ ਵੀ ਦਿੱਤੀ ਜਾਵੇ। ਉਨ੍ਹਾ ਕਿਹਾ ਕਿ ਸ਼ਰਧਾਲੂ ਆਪਣੇ ਪਾਸਪੋਰਟ ਸਮੇਂ ਸਿਰ ਜਮ੍ਹਾਂ ਕਰਵਾਉਣ ਤਾਂ ਜੋ ਅਗਲੀ ਕਾਰਵਾਈ ਲਈ ਸਰਕਾਰ ਨੂੰ ਭੇਜੇ ਜਾ ਸਕਣ।

## ਸੈਣੀ ਸਮਾਜ ਸਭਾ ਵੱਲੋਂ ਫ੍ਰੀ ਮੈਗਾ ਮੈਡੀਕਲ ਚੈੱਕਅੱਪ ਕੈਂਪ



**ਦੀਨਾਨਗਰ ( ਬਲਵਿੰਦਰ ਸਿੰਘ ਬਿੱਲਾ)**--ਸੈਣੀ ਸਮਾਜ ਸਭਾ ਬਲਾਕ ਦੀਨਾਨਗਰ ਦੀ ਇੱਕ ਬੈਠਕ ਦੀਨਾਨਗਰ ਵਿਖੇ ਸਭਾ ਦੇ ਪ੍ਰਧਾਨ ਅਤੇ ਸਾਬਕਾ ਈ ਟੀ ਓ ਜਗਦੀਸ਼ ਰਾਜ ਸੈਣੀ ਦੀ ਪ੍ਰਧਾਨਗੀ ਹੇਠ ਹੋਈ। ਬੈਠਕ 'ਚ ਸੈਣੀ ਸਮਾਜ ਨੂੰ ਇਕਜੁੱਟ ਕਰਨ ਅਤੇ ਦੀਨਾਨਗਰ ਦੇ ਸਰਹੱਦੀ ਖੇਤਰ 'ਚ ਫ੍ਰੀ ਮੈਗਾ ਮੈਡੀਕਲ ਚੈੱਕਅੱਪ ਕੈਂਪ ਲਗਾਉਣ ਸੰਬੰਧੀ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ। ਬੈਠਕ 'ਚ ਸਭਾ ਦੇ ਪ੍ਰਧਾਨ ਜਗਦੀਸ਼ ਸੈਣੀ ਨੇ ਕਿਹਾ ਕਿ ਸੈਣੀ ਸਮਾਜ ਨੂੰ ਇਕਜੁੱਟ ਕਰਨ ਅਤੇ ਸੈਣੀ ਸਮਾਜ ਦੇ ਜ਼ਰੂਰਤਮੰਦ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ, ਸਰਹੱਦੀ ਖੇਤਰ 'ਚ ਰਹਿਣ ਵਾਲੇ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਅਤੇ ਸਮਾਜ ਸੇਵੀ ਕਾਰਜ ਕਰਨਾ ਹੀ ਸੈਣੀ ਸਮਾਜ ਦਾ ਮੁੱਖ ਟੀਚਾ ਹੈ। ਉਨ੍ਹਾ ਕਿਹਾ ਕਿ ਬੈਠਕ 'ਚ ਸਭਾ ਦੇ ਆਗੂਆਂ ਵੱਲੋਂ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਦੀਨਾਨਗਰ ਦੇ ਸਰਹੱਦੀ ਖੇਤਰ 'ਚ ਫ੍ਰੀ ਮੈਗਾ ਮੈਡੀਕਲ ਚੈੱਕਅੱਪ ਕੈਂਪ ਲਗਾਉਣ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਰਘੁਬੀਰ ਸਿੰਘ ਸੈਣੀ, ਜਨਰਲ ਸਕੱਤਰ ਪਰਮਿੰਦਰ ਸਿੰਘ ਬਿੱਟੂ, ਮੀਤ ਪ੍ਰਧਾਨ ਸਤਪਾਲ ਸੈਣੀ, ਸੁਸ਼ੀਲ ਸੈਣੀ, ਜੈ ਸਿੰਘ ਸੈਣੀ, ਪਰਸ਼ੋਤਮ ਕਮਾਂਡੋ, ਜਤਿੰਦਰ ਸੈਣੀ, ਇਸ਼ਵਰ ਸੈਣੀ, ਹਰਦੀਪ ਸਿੰਘ, ਸਤਨਾਮ ਸਿੰਘ, ਜਤਿੰਦਰ ਸਿੰਘ, ਸੰਜੀਵ ਸੈਣੀ, ਗੁਰਨਾਮ ਸਿੰਘ ਸੈਣੀ, ਸੋਨੂੰ ਸੈਣੀ ਸਣੇ ਸੈਣੀ ਸਮਾਜ ਦੇ ਕਈ ਆਗੂ ਅਤੇ ਪਤਵੰਤੇ ਹਾਜ਼ਰ ਸਨ।

## ਚੀਮਾ ਨੇ ਕਾਰਜਕਾਰੀ ਪ੍ਰਿੰਸੀਪਲ ਵਜੋਂ ਸੰਭਾਲਿਆ ਅਹੁਦਾ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਬਾਬਾ ਉੱਤਮ ਸਿੰਘ ਵੱਲੋਂ ਸਥਾਪਤ ਅਤੇ ਬਾਬਾ ਸੇਵਾ ਸਿੰਘ ਦੀ ਸਰਪ੍ਰਸਤੀ ਹੇਠ ਚੱਲ ਰਹੇ ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ 'ਚ ਕੰਪਿਊਟਰ ਸਾਇੰਸ ਵਿਭਾਗ ਦੇ ਪ੍ਰੋਫੈਸਰ ਸੁਖਜਿੰਦਰ ਸਿੰਘ ਚੀਮਾ ਨੇ ਕਾਰਜਕਾਰੀ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲਿਆ। ਪ੍ਰਿੰ. ਨੇ ਸਮੂਹ ਸਟਾਫ਼ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਾਲਜ ਦੀਆਂ ਸਮੁੱਚੀਆਂ ਵਰਤਮਾਨ ਗਤੀਵਿਧੀਆਂ ਅਤੇ ਭਵਿੱਖਤ ਯੋਜਨਾਵਾਂ ਨੂੰ ਸਾਰਿਆਂ ਦੇ ਸਹਿਯੋਗ ਸਦਕਾ ਹੀ ਨੇਪਰੇ ਚਾੜ੍ਹਿਆ ਜਾ ਸਕਦਾ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਕਾਲਜ ਦਾ ਹਰੇਕ ਕਾਰਜ ਪੂਰੀ ਤਨਦੇਹੀ ਅਤੇ ਪ੍ਰਤੀਬੱਧਤਾ ਨਾਲ ਨਿਭਾਉਣਾ ਚਾਹੀਦਾ ਹੈ। ਇਸ ਮੌਕੇ ਡਾ. ਕੰਵਲਜੀਤ ਸਿੰਘ, ਪ੍ਰੋ. ਰੋਹਿਤ ਸ਼ਰਮਾ, ਪ੍ਰੋ. ਸਰਤਾਜ ਸਿੰਘ ਛੀਨਾ, ਪ੍ਰੋ. ਜਤਿੰਦਰ ਸਿੰਘ, ਪ੍ਰੋ. ਜਸਪਾਲ ਸਿੰਘ, ਡਾ.ਰਮਨਦੀਪ ਕੌਰ ਅਤੇ ਸਮੂਹ ਸਟਾਫ਼ ਨੇ ਪ੍ਰੋਫੈਸਰ ਸੁਖਜਿੰਦਰ ਸਿੰਘ ਚੀਮਾ ਨੂੰ ਅਹੁਦਾ ਸੰਭਾਲਣ 'ਤੇ ਸ਼ੁੱਭਕਾਮਨਾਵਾਂ ਦਿੱਤੀਆਂ।

## ਜੇਲ੍ਹ 'ਚ ਹਵਾਲਾਤੀ ਵੱਲੋਂ ਫਾਹਾ ਲੈ ਕੇ ਖੁਦਕੁਸ਼ੀ

**ਸਾਗਰ ਅਰੋੜਾ** (ਤਰਨ ਤਾਰਨ)-ਕੇਂਦਰੀ ਜੇਲ੍ਹ ਗੋਇੰਦਵਾਲ ਸਾਹਿਬ ਅੰਦਰ ਇੱਕ ਹਵਾਲਾਤੀ ਵੱਲੋਂ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਗਈ। ਮ੍ਰਿਤਕ ਹਵਾਲਾਤੀ ਦੀ ਸ਼ਨਾਖਤ ਬਲਵਿੰਦਰ ਸਿੰਘ ਪੁੱਤਰ ਨੇਜਾ ਸਿੰਘ ਪਿੰਡ ਮੱਲ੍ਹਮੋਹਰੀ ਦੱਸੀ ਜਾ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਹਵਾਲਾਤੀ ਦੀ ਡੈੱਡ ਬਾਡੀ ਨੂੰ ਅੱਜ ਸਵੇਰੇ ਸਿਵਲ ਹਸਪਤਾਲ ਤਰਨ ਤਾਰਨ ਭੇਜਿਆ ਗਿਆ ਹੈ।

## ਰਿਤਿਕ ਅਰੋੜਾ ਸਨਮਾਨਤ



ਤਰਨ ਤਾਰਨ (ਸਾਗਰਦੀਪ ਸਿੰਘ ਅਰੋੜਾ)-ਨੈਸ਼ਨਲ ਸਟੂਡੈਂਟ ਆਫ ਇੰਡੀਆ ਐਨ ਯੂ ਐਸ ਆਈ ਦੇ ਪੰਜਾਬ ਮੀਤ ਪ੍ਰਧਾਨ ਰਿਤਿਕ ਅਰੋੜਾ ਨੇ ਸ੍ਰੀ ਰਾਮ ਨੌਮੀ 'ਤੇ ਦੇਸ਼ ਵਾਸੀਆਂ ਨੂੰ ਵਧਾਈ ਦਿੰਦਿਆਂ ਸਭ ਨੂੰ ਸ੍ਰੀ ਰਾਮ ਚੰਦਰ ਦੇ ਜੀਵਨ ਤੋਂ ਪ੍ਰੇਰਨਾ ਲੈਣ ਲਈ ਸੰਦੇਸ਼ ਦਿੱਤਾ। ਸ੍ਰੀ ਠਾਕੁਰ ਦੁਆਰਾ ਮਦਨ ਮੋਹਨ ਮੰਦਰ ਵਿਖੇ ਪਹੁੰਚੇ ਰਿਤਿਕ ਅਰੋੜਾ ਦਾ ਮੰਦਰ ਕਮੇਟੀ ਵੱਲੋਂ ਪ੍ਰਮੋਦ ਕੁਮਾਰ ਬਿੱਟੂ ਸ਼ਾਹ, ਲਲਿਤ ਸ਼ਰਮਾ, ਦਿਨੇਸ਼ ਜੋਸ਼ੀ, ਐਡਵੋਕੇਟ ਰਕੇਸ਼ ਰਮਨ ਅਰੋੜਾ ਤੇ ਅਭਿਸ਼ੇਕ ਜੋਸ਼ੀ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਮੰਦਰ ਦੇ ਪ੍ਰਬੰਧਕ ਕਮੇਟੀ ਮੈਂਬਰਾਂ ਦੱਸਿਆ ਕਿ ਭਗਵਾਨ ਸ੍ਰੀ ਰਾਮ ਚੰਦਰ ਦੇ ਜਨਮ ਉਤਸਵ ਮੌਕੇ ਸ਼ਹਿਰ ਦੇ ਵੱਖ ਵੱਖ ਮੰਦਰਾਂ 'ਚ ਧਾਰਮਕ ਸਮਾਗਮ ਕਰਵਾਏ ਜਾ ਰਹੇ ਹਨ, ਜਿਸ 'ਚ ਸ਼ਹਿਰ ਦੀਆਂ ਸਾਰੀਆਂ ਧਾਰਮਕ ਤੇ ਸਮਾਜਕ ਸੰਸਥਾਵਾਂ ਵੱਲੋਂ ਸਹਿਯੋਗ ਦਿੱਤਾ ਜਾ ਰਿਹਾ ਹੈ।

## ਗੁ: ਬਾਬਾ ਜੱਲਣ ਦਾਸ ਦਾ ਦੋ ਰੋਜ਼ਾ ਵਿਸਾਖੀ ਜੋੜ ਮੇਲਾ 14-15 ਨੂੰ : ਬਾਬਾ ਨਿਰਮਲ ਸਿੰਘ



ਝਬਾਲ, ਸਰਾਏ ਅਮਾਨਤ ਖਾਂ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ/ਮੱਖਣ ਮਨੋਜ )-ਹਿੰਦ-ਪਾਕਿ ਸਰਹੱਦ ਤੇ ਕੰਡਿਆਲੀ ਤਾਰ ਨੇੜੇ ਵੱਸੇ ਪਿੰਡ ਨੌਸ਼ਹਿਰਾ ਢਾਲਾ ਵਿਖੇ ਸਥਿਤ ਪ੍ਰਸਿੱਧ ਧਾਰਮਿਕ ਤੇ ਪਵਿੱਤਰ ਅਸਥਾਨ ਗੁਰਦੁਆਰਾ ਬਾਬਾ ਜੱਲਣ ਦਾਸ ਦਾ ਦੋ ਰੋਜ਼ਾ ਵਿਸਾਖੀ ਜੋੜ ਮੇਲਾ 14-15 ਅਪ੍ਰੈਲ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਨਿਰਮਲ ਸਿੰਘ ਸੰਧੂ ਨੌਸ਼ਹਿਰਾ ਢਾਲਾ ਨੇ ਦੱਸਿਆ ਕਿ ਨਗਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਮਨਾਏ ਜਾ ਰਹੇ ਮੇਲੇ ਮੌਕੇ ਪਹਿਲੇ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਖਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਪੰਥ ਦੇ ਪ੍ਰਸਿੱਧ ਰਾਗੀ, ਢਾਡੀ ਤੇ ਕਵੀਸ਼ਰੀ ਜਥਿਆਂ ਤੋਂ ਇਲਾਵਾ ਧਾਰਮਿਕ ਤੇ ਰਾਜਸੀ ਸ਼ਖਸੀਅਤਾਂ ਪੁੱਜਣਗੀਆਂ। ਸ਼ਾਮ ਨੂੰ ਬਲਦਾਂ ਦੀਆਂ ਦੌੜਾਂ ਅਤੇ ਦੂਸਰੇ ਦਿਨ ਧਾਰਮਿਕ ਦੀਵਾਨ ਸਮੇਤ ਸ਼ਾਮ ਨੂੰ ਪ੍ਰਸਿੱਧ ਕਬੱਡੀ ਟੀਮਾਂ ਵਿਚਕਾਰ ਕਬੱਡੀ ਮੈਚ ਕਰਵਾਏ ਜਾਣਗੇ। ਇਸ ਮੌਕੇ ਉੱਘੇ ਰਾਜਨੀਤਕ ਆਗੂ ਦਵਿੰਦਰ ਸਿੰਘ ਸੰਧੂ (ਲਾਲੀ ਢਾਲਾ), ਭਾਈ ਜਸਵਿੰਦਰ ਸਿੰਘ ਸੰਧੂ, ਸਰਪੰਚ ਕੇਹਰ ਸਿੰਘ ਆਧੀ, ਸਰਪੰਚ ਰਾਣਾ ਆਧੀ, ਸਰਪੰਚ ਮੰਨਾ ਬਾਵਾ ਢਾਲਾ, ਹਰਪਾਲ ਸਿੰਘ, ਟੈਕਸੀ ਯੂਨੀਅਨ ਝਬਾਲ ਪ੍ਰਧਾਨ ਸੋਨੂੰ ਝਬਾਲ, ਸ਼ੈਲੀ ਸੋਹਲ, ਗੁਰਭਾਗ ਸਿੰਘ ਸੋਹਲ ਆਦਿ ਵੀ ਮੌਜੂਦ ਸਨ।

## ਸੰਯੁਕਤ ਕਿਸਾਨ ਮੋਰਚੇ ਦਾ ਵਫ਼ਦ ਡਿਪਟੀ ਕਮਿਸ਼ਨਰ ਨੂੰ ਮਿਲਿਆ



ਗੁਰਦਾਸਪੁਰ (ਜਨਕ ਮਹਾਜਨ)-ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਗੁਰਦਾਸਪੁਰ ਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਵਲੋਂ ਇਕ ਵਫ਼ਦ ਡਿਪਟੀ ਕਮਿਸ਼ਨਰ ਨੂੰ ਮਿਲਿਆ। ਵਫ਼ਦ ਨੇ ਕਿਹਾ ਕਿ ਪਿਛਲੇ ਦਿਨੀਂ ਪਈਆਂ ਭਾਰੀ ਬਾਰਸ਼ਾਂ ਕਾਰਨ ਕਣਕਾਂ ਦਾ ਬਹੁਤ ਨੁਕਸਾਨ ਹੋਇਆ ਹੈ। ਉਨ੍ਹਾਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਜਲਦੀ ਤੋਂ ਜਲਦੀ ਇਸ ਨੁਕਸਾਨ ਦੀ ਭਰਪਾਈ ਲਈ ਗਿਰਦਾਵਰੀਆਂ ਦੇ ਹੁਕਮ ਦਿੱਤੇ ਜਾਣ ਤਾਂ ਕਿ ਕਿਸਾਨਾਂ ਨੂੰ ਪੰਜਾਬ ਸਰਕਾਰ ਤੋਂ ਮੁਆਵਜ਼ਾ ਦਿਵਾਇਆ ਜਾ ਸਕੇ।

ਉਨ੍ਹਾਂ ਕਿਹਾ ਕਿ ਮੁਆਵਜ਼ੇ ਦੀ ਰਾਸ਼ੀ ਘੱਟ ਤੋਂ ਘੱਟ ਦੁੱਗਣੀ ਕੀਤੀ ਜਾਵੇ। ਇਸ ਮੌਕੇ ਗੁਲਜ਼ਾਰ ਸਿੰਘ, ਤਰਲੋਕ ਸਿੰਘ, ਮੱਖਣ ਸਿੰਘ ਕੁਹਾੜ, ਸੁਖਦੇਵ ਸਿੰਘ ਭਾਗੋਕਾਵਾਂ, ਬਚਨ ਸਿੰਘ, ਮੇਜਰ ਸਿੰਘ, ਨਰਿੰਦਰ ਸਿੰਘ, ਮੰਗਤ ਸਿੰਘ, ਅਸ਼ਵਨੀ ਕੁਮਾਰ, ਕੁਲਵਿੰਦਰ, ਬਲਬੀਰ ਸਿੰਘ, ਜਰਨੈਲ ਸਿੰਘ, ਜਗਜੀਤ ਸਿੰਘ, ਕਬੀਰ, ਪਲਵਿੰਦਰ, ਬਲਬੀਰ ਬਿੱਲਾ ਆਦਿ ਹਾਜ਼ਰ ਸਨ।

# ਧਾਰਮਕ ਪ੍ਰੀਖਿਆ 'ਚ ਅੱਵਲ ਵਿਦਿਆਰਥੀ ਸਨਮਾਨਤ



ਧਾਰੀਵਾਲ/ ਕਾਦੀਆਂ (ਮਨਦੀਪ ਸਿੰਘ ਵਿੱਕੀ)-ਵਿਦਿਆਰਥੀ ਵਰਗ ਨੂੰ ਗੁਰਮਤਿ ਨਾਲ ਜੋੜਨ ਦੇ ਮੰਤਵ ਨਾਲ ਕਰਵਾਈ ਜਾਂਦੀ ਧਾਰਮਕ ਪ੍ਰੀਖਿਆ 'ਚੋਂ ਸਿੱਖ ਨੈਸ਼ਨਲ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਦੇ ਦਰਜਾ ਦੂਜਾ ਦੇ ਤਿੰਨ ਵਿਦਿਆਰਥੀਆਂ ਵੱਲੋਂ ਅੱਵਲ ਰਹਿ ਕੇ 2100-2100 ਰੁਪਏ ਦਾ ਵਜ਼ੀਫਾ ਇਨਾਮ ਵਜੋਂ ਹਾਸਲ ਕੀਤਾ। ਇਨ੍ਹਾਂ ਤਿੰਨੋਂ ਵਿਦਿਆਰਥੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਲਕਾ ਬਟਾਲਾ ਤੋਂ ਨੁਮਾਇੰਦੇ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਵੱਲੋਂ ਸਕੂਲ ਕੈਂਪਸ ਅੰਦਰ ਪਹੁੰਚ ਕੇ ਸਨਮਾਨਤ ਕੀਤਾ ਗਿਆ। ਸਕੂਲ ਪ੍ਰਿੰਸੀਪਲ ਡਾ. ਹਰਪ੍ਰੀਤ ਸਿੰਘ ਹੁੰਦਲ ਨੇ ਦੱਸਿਆ ਕਿ ਰੌਬਿਨਪ੍ਰੀਤ ਕੌਰ, ਰੋਜਨਪ੍ਰੀਤ ਸਿੰਘ ਤੇ ਜਸਨਪ੍ਰੀਤ ਸਿੰਘ ਵੱਲੋਂ ਦਰਜਾ ਦੂਜਾ ਦੀ ਧਾਰਮਕ ਪ੍ਰੀਖਿਆ ਦਿੱਤੀ ਸੀ ਤੇ ਇਲਾਕੇ ਦੇ ਸਕੂਲਾਂ 'ਚੋਂ ਅੱਵਲ ਰਹਿ ਕੇ 2100 ਰੁਪਏ ਹਰੇਕ ਵਿਦਿਆਰਥੀ ਨੂੰ ਇਨਾਮ ਵਜੋਂ ਪ੍ਰਾਪਤ ਹੋਏ । ਇਸ ਮੌਕੇ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਨੇ ਤਿੰਨੋਂ ਵਿਦਿਆਰਥੀਆਂ ਨੂੰ ਮੁਬਾਰਕਬਾਦ ਭੇਟ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਨੂੰ ਗੁਰਮਤਿ ਨਾਲ ਜੋੜਨ ਦਾ ਵੱਡਾ ਉਪਰਾਲਾ ਹਰ ਸਾਲ ਕਰ ਰਹੀ ਹੈ।

ਧਾਰਮਕ ਇਮਤਿਹਾਨ ਤੋਂ ਇਲਾਵਾ ਸੁੰਦਰ ਦਸਤਾਰ ਸਜਾਉਣ, ਗੁਰਬਾਣੀ ਕੰਠ, ਕੀਰਤਨ ਸਿਖਲਾਈ ਪ੍ਰੀਖਿਆ 'ਚੋਂ ਵਜ਼ੀਫੇ ਪ੍ਰਾਪਤ ਕਰ ਰਹੇ ਹਨ। ਵਿਦਿਆਰਥੀਆਂ ਦੇ ਸਨਮਾਨ ਮੌਕੇ ਪ੍ਰਿੰ. ਡਾ. ਹਰਪ੍ਰੀਤ ਸਿੰਘ ਹੁੰਦਲ, ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ, ਪ੍ਰਚਾਰਕ ਭਾਈ ਮਨਜੀਤ ਸਿੰਘ ਕਾਦੀਆਂ, ਪ੍ਰੋ. ਕੁਲਵਿੰਦਰ ਸਿੰਘ, ਇੰਚਾਰਜ ਦਲਜੀਤ ਕੌਰ, ਰਵਿੰਦਰ ਸਿੰਘ, ਪ੍ਰੋ.ਸਤਵਿੰਦਰ ਸਿੰਘ ਕਾਹਲੋਂ ਆਦਿ ਹਾਜ਼ਰ ਸਨ।

## ਸਕਿਲ ਇੰਡੀਆ ਨੇ ਨਿਊ ਪਾਰਲੀਮੈਂਟ ਪ੍ਰੋਜੈਕਟ 'ਚ ਸ਼ਾਮਲ 910 ਕਾਰਪੈਂਟਰਾਂ ਨੂੰ ਕੀਤਾ ਪ੍ਰਮਾਣਿਤ

ਚੰਡੀਗੜ੍ਹ: 'ਆਤਮਨਿਰਭਰ ਭਾਰਤ' ਦੀ ਉੱਤਮ ਉਦਾਹਰਣ ਵਜੋਂ ਭਾਰਤ ਨੂੰ ਮਾਣ ਹੈ ਕਿ ਨਵੀਂ ਪਾਰਲੀਮੈਂਟ, ਮੌਜੂਦਾ ਲੋਕਤੰਤਰ ਦਾ ਮੰਦਿਰ ਜੋ ਜਲਦੀ ਹੀ 100 ਸਾਲ ਪੂਰੇ ਕਰ ਰਿਹਾ ਹੈ, ਨੂੰ ਸਾਡੇ ਆਪਣੇ ਲੋਕਾਂ ਦੁਆਰਾ ਬਣਾਇਆ ਜਾ ਰਿਹਾ ਹੈ। ਇਨ੍ਹਾਂ ਕਾਮਿਆਂ ਦੇ ਯਤਨਾਂ ਨੂੰ ਮਾਨਤਾ ਦਿੰਦੇ ਹੋਏ ਹੁਨਰ ਵਿਕਾਸ ਅਤੇ ਉੱਦਮਤਾ ਮੰਤਰਾਲੇ (ਐੱਮਐੱਸਡੀਈ) ਦੀ ਅਗਵਾਈ ਹੇਠ ਕੰਮ ਕਰ ਰਹੀ ਫਰਨੀਚਰ ਅਤੇ ਫਿਟਿੰਗ ਸਕਿੱਲ ਕੌਂਸਲ (ਐੱਫਐੱਫਐੱਸਸੀ) ਨੇ ਐੱਨਡੀਐੱਮਸੀ ਅਧਿਕਾਰ ਖੇਤਰ ਅਤੇ ਨਰਸੀ ਸਮੂਹ ਦੇ ਸਹਿਯੋਗ ਨਾਲ ਆਰਪੀਐੱਲ ਮਾਨਤਾ ਦੇ ਤਹਿਤ 910 ਕਾਰਪੈਂਟਰਾਂ ਨੂੰ ਸਿਖਲਾਈ ਦਿੱਤੀ ਹੈ ਅਤੇ ਪ੍ਰਮਾਣਿਤ ਕੀਤਾ ਹੈ। ਇਸ ਪ੍ਰੋਜੈਕਟ ਦਾ ਉਦੇਸ਼ ਤਰਖਾਣਾਂ ਦੀ ਹੁਨਰ ਸਿਖਲਾਈ ਨੂੰ ਵਧਾਉਣਾ ਹੈ।

ਡਾ. ਕ੍ਰਿਸ਼ਨ ਕੁਮਾਰ ਦਿਵੇਦੀ, ਸੰਯੁਕਤ ਸਕੱਤਰ, ਹੁਨਰ ਵਿਕਾਸ ਅਤੇ ਉੱਦਮਤਾ ਮੰਤਰਾਲੇ (ਐੱਮਐੱਸਡੀਈ) ਨੇ ਕਿਹਾ ਕਿ ਸੰਸਦ ਭਵਨ ਭਾਰਤ ਦੀ ਅਮੀਰ ਲੋਕਤੰਤਰੀ ਵਿਰਾਸਤ ਦਾ ਪ੍ਰਤੀਕ ਹੈ ਅਤੇ ਇਹ ਭਾਰਤ ਦੀ ਬਹਾਦਰੀ ਅਤੇ ਮਾਣ ਦਾ ਪ੍ਰਤੀਕ ਹੈ। ਅੱਜ ਦਾ ਸਮਾਰੋਹ ਸਾਡੇ ਕਾਰਪੈਂਟਰਾਂ ਨੂੰ ਸਭ ਤੋਂ ਵਧੀਆ ਸਿਖਲਾਈ, ਰਸਮੀ ਪ੍ਰਮਾਣੀਕਰਣ ਪ੍ਰਦਾਨ ਕਰਕੇ ਉਨ੍ਹਾਂ ਨੂੰ ਸਸ਼ਕਤ ਬਣਾਉਣ ਲਈ ਇੱਕ ਮਹੱਤਵਪੂਰਨ ਮੀਲ ਪੱਥਰ ਹੈ।

# ਪਬਲਿਕ ਸਕੂਲ ਝਬਾਲ 'ਚ ਕਰਵਾਈ ਗ੍ਰੈਜੂਏਸ਼ਨ ਸੈਰੇਮਨੀ



ਝਬਾਲ (ਸੋਨੀ)-ਚੀਫ ਖਾਲਸਾ ਦੀਵਾਨ ਦੀ ਯੋਗ ਸਰਪਰਸਤੀ ਹੇਠ ਚੱਲ ਰਹੀ ਇਲਾਕੇ ਦੇ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ,ਝਬਾਲ ਵਿਖੇ ਪਹਿਲੀ ਅਤੇ ਪੰਜਵੀਂ ਜਮਾਤ ਦੀ ਗ੍ਰੈਜੂਏਸ਼ਨ ਸੈਰੇਮਨੀ ਕਰਵਾਈ ਗਈ । ਜਿਸ ਵਿੱਚ ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਸੇਠੀ, ਰਮਨੀਕ ਸਿੰਘ ਫਰੀਡਮ, ਜਤਿੰਦਰਬੀਰ ਸਿੰਘ ਬਹਿਲ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਬੱਚਿਆਂ ਦੇ ਮਾਤਾ-ਪਿਤਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ।

ਛੋਟੇ-ਛੋਟੇ ਬੱਚਿਆਂ ਨੇ ਸਵਾਗਤੀ ਗੀਤ ਗਾਇਨ ਕਰਕੇ ਮਹਿਮਾਨਾਂ ਅਤੇ ਮਾਪਿਆਂ ਨੂੰ ਜੀ ਆਇਆਂ ਆਖਿਆ । ਕਮੇਡੀ ਸਕਿੱਟ, ਰੱਬ ਜਿਹੇ ਟੀਚਰ ਅਤੇ ਸੰਮੀ ਨਾਚ ਨੇ ਸਭ ਦਾ ਮਨ ਮੋਹ ਲਿਆ । ਦਾਜ ਦੀ ਸਮੱਸਿਆ ਸਕਿੱਟ ਨੇ ਬਹੁਤ ਵਧੀਆ ਸੁਨੇਹਾ ਮਾਪਿਆਂ ਤੱਕ ਪਹੁੰਚਾਇਆ ।

ਅੰਤ ਵਿੱਚ ਆਏ ਹੋਏ ਮਹਿਮਾਨਾਂ ਅਤੇ ਸਕੂਲ ਦੇ ਪ੍ਰਿੰਸੀਪਲ ਉਰਮਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਡਿਗਰੀਆਂ ਦੇ ਕੇ ਸਨਮਾਨਤ ਕੀਤਾ । ਸਕੂਲ ਦੇ ਪ੍ਰਿੰਸੀਪਲ ਨੇ ਮਹਿਮਾਨਾਂ ਅਤੇ ਮਾਪਿਆਂ ਦਾ ਧੰਨਵਾਦ ਕੀਤਾ।

# ਸ੍ਰੀ ਰਾਮ ਨੌਮੀ ਦੇ ਸ਼ੁੱਭ ਮੌਕੇ 'ਤੇ ਵਿਸ਼ਾਲ ਸ਼ੋਭਾ ਯਾਤਰਾ



ਧਾਰੀਵਾਲ (ਮਨਦੀਪ ਸਿੰਘ ਵਿੱਕੀ) - ਅੱਜ ਸ੍ਰੀ ਰਾਮ ਨੌਮੀ ਦੇ ਪਵਿੱਤਰ ਦਿਹਾੜੇ ਮੌਕੇ ਸ੍ਰੀ ਰਘੂਨਾਥ ਮੰਦਰ ਕਮੇਟੀ ਧਾਰੀਵਾਲ ਵੱਲੋਂ ਸ਼ਹਿਰ ਨਿਵਾਸੀਆਂ ਦੇ ਸਹਿਯੋਗ ਨਾਲ ਇੱਕ ਵਿਸ਼ਾਲ ਸ਼ੋਭਾ ਯਾਤਰਾ ਦਾ ਆਯੋਜਨ ਕੀਤਾ ਗਿਆ। ਸ਼ੋਭਾ ਯਾਤਰਾ ਦੇ ਸੁਆਗਤ ਲਈ ਸ਼ਰਧਾਲੂਆਂ ਵੱਲੋਂ ਵੱਖ-ਵੱਖ ਥਾਵਾਂ 'ਤੇ ਸਵਾਗਤੀ ਗੇਟ ਬਣਾਏ ਅਤੇ ਸੰਗਤ ਲਈ ਲੰਗਰ ਲਗਾਏ ਗਏ। ਇਹ ਸ਼ੋਭਾ ਯਾਤਰਾ ਸ੍ਰੀ ਰਘੂਨਾਥ ਮੰਦਰ ਧਾਰੀਵਾਲ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਬਜ਼ਾਰਾਂ ਵਿੱਚੋਂ ਹੁੰਦੀ ਹੋਈ ਮੁੜ ਵਾਪਸ ਅਰੰਭਿਕ ਸਥਾਨ 'ਤੇ ਸਮਾਪਤ ਹੋਈ। ਸ਼ੋਭਾ ਯਾਤਰਾ ਦੌਰਾਨ ਗੱਤਕਾ ਪਾਰਟੀਆਂ ਨੇ ਆਪਣੇ ਜੌਹਰ ਦਿਖਾਏ। ਇਸ ਮੌਕੇ ਸਲਾਰੀਆ ਜਨਸੇਵਾ ਫਾਊਂਡੇਸ਼ਨ ਦੇ ਚੇਅਰਮੈਨ ਸਵਰਨ ਸਲਾਰੀਆ ਨੇ ਵਿਸ਼ੇਸ਼ ਤੌਰ 'ਤੇ ਸ਼ੋਭਾ ਯਾਤਰਾ ਦਾ ਸਵਾਗਤ ਕੀਤਾ। ਸ਼ੋਭਾ ਯਾਤਰਾ ਵਿੱਚ ਬਾਬਾ ਕਮਲ ਦਾਸ ਗੱਦੀ ਲੇਹਲ ਦੇ ਗੱਦੀਨਸ਼ੀਨ ਮਹੰਤ ਜਾਨਕੀ ਦਾਸ, ਮਹੰਤ ਰਾਮ ਕਿਸ਼ਨ ਸ਼ਰਨ, ਭਾਜਪਾ ਮੰਡਲ ਧਾਰੀਵਾਲ ਦੇ ਸਾਬਕਾ ਪ੍ਰਧਾਨ ਨਵਨੀਤ ਵਿੱਜ, ਸੁਰਿੰਦਰ ਸ਼ਰਮਾ, ਸਰਵਨ ਸੂਦ, ਕਮਲ ਠਾਕੁਰ, ਸੰਨੀ ਮਹਾਜਨ, ਸੰਜੀਵ ਸੋਨੀ, ਰਾਜੇਸ਼ ਪੰਡਿਤ, ਹਿਤੇਸ਼ ਮਹਾਜਨ ਨੌਜਵਾਨ ਆਗੂ, ਸੁਖਵਿੰਦਰ ਸੁੱਖ, ਹਰੀਸ਼ ਕੋਹਲੀ, ਚੇਤਨ ਮਹਿਰਾ, ਦੀਪਕ ਕੁਮਾਰ, ਅਮਨ ਖੁਲਰ, ਮਨੂ ਕੋਹਲੀ, ਚੰਦਨ ਕੁਮਾਰ, ਪੱਪਲੂ , ਰੋਹਿਤ ਅਬਰੋਲ, ਦੀਪਕ ਸ਼ਰਮਾ ਆਦਿ ਸਮੇਤ ਸ਼ਹਿਰ ਤੇ ਇਲਾਕਾ ਵਾਸੀ ਸੰਗਤਾਂ ਸ਼ਾਮਲ ਸਨ।

## ਪੰਜਾਬ ਸਰਕਾਰ ਲੋਕਾਂ ਦਾ ਧਿਆਨ ਮੁੱਖ ਮੁੱਦਿਆਂ ਵੱਲੋਂ ਹਟਾਉਣਾ ਚਾਹੁੰਦੀ: ਮਜੀਠੀਆ

ਟਾਂਗਰਾ (ਲਾਡੀ ਮੱਲ੍ਹੀ)-ਪੰਜਾਬ ਦੇ ਹਾਲਾਤ ਨਾਸਾਜ਼ਗਾਰ ਕਰ ਰਹੀ ਹੈ ਭਗਵੰਤ ਮਾਨ ਦੀ ਸਰਕਾਰ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਇਥੋਂ ਨਜ਼ਦੀਕੀ ਪਿੰਡ ਸ਼ਾਹਪੁਰ ਸੰਗਰਾਵਾਂ ਵਿਖੇ ਕੀਤਾ। ਉਹ ਅਕਾਲੀ ਆਗੂ ਜਗਰੂਪ ਸਿੰਘ ਦੇ ਭਤੀਜੇ ਗੋਲਡਨਪ੍ਰੀਤ ਸਿੰਘ ਦੀ ਪਿਛਲੇ ਦਿਨੀਂ ਅਚਾਨਕ ਸੜਕ ਹਾਦਸੇ ਕਾਰਣ ਹੋਈ ਮੌਤ 'ਤੇ ਦੁੱਖ ਪ੍ਰਗਟ ਕਰਨ ਪਹੁੰਚੇ ਸਨ। ਪੱਤਰਕਾਰਾਂ ਨਾਲ ਗੱਲ-ਬਾਤ ਕਰਦਿਆਂ ਮਜੀਠੀਆ ਨੇ ਕਿਹਾ ਕਿ ਪੰਜਾਬ ਸਰਕਾਰ ਇਕ ਗਿਣੀ ਮਿਥੀ ਸਾਜ਼ਿਸ਼ ਤਹਿਤ ਪੰਜਾਬ ਦੇ ਸ਼ਾਂਤਮਈ ਮਾਹੌਲ ਨੂੰ ਖਰਾਬ ਕਰਕੇ ਲੋਕਾਂ ਦਾ ਧਿਆਨ ਮੁੱਖ ਮਸਲਿਆਂ ਵੱਲੋਂ ਹਟਾ ਕੇ ਦੂਸਰੇ ਪਾਸੇ ਲਗਾਉਣਾ ਚਾਹੁੰਦੀ ਹੈ। ਪੰਜਾਬ ਦੇ ਲੋਕਾਂ ਦਾ ਦੁਨੀਆ ਵਿਚ ਅਕਸ ਖਰਾਬ ਕੀਤਾ ਜਾ ਰਿਹਾ ਹੈ। ਇਸ ਸਮੇਂ ਪ੍ਰਮੁੱਖ ਆਗੂ ਤਲਬੀਰ ਸਿੰਘ ਗਿੱਲ, ਸੁਖਰਾਜ ਸਿੰਘ ਮੁੱਛਲ ਪ੍ਰਧਾਨ ਸਰਕਲ ਟਾਂਗਰਾ, ਗੁਰਭੇਜ ਸਿੰਘ ਜੱਬੋਵਾਲ ਪ੍ਰਧਾਨ ਯੂਥ ਵਿੰਗ, ਸੁਖਵਿੰਦਰ ਸਿੰਘ ਸੰਗਰਾਵਾਂ, ਜਗਰੂਪ ਸਿੰਘ ਸ਼ਾਹਪੁਰ, ਤੇਜਿੰਦਰ ਸਿੰਘ ਬੇਰੀਆਂਵਾਲਾ, ਪ੍ਰਭਦਿਆਲ ਸਿੰਘ ਸਰਜਾ ਸੂਬਾਈ ਆਗੂ, ਰਣਬੀਰ ਸਿੰਘ ਰਾਣਾ, ਪ੍ਰਮਜੀਤ ਸਿੰਘ, ਰਮਿੰਦਰ ਸਿੰਘ ਕੋਟਹਯਾਤ, ਤਰਸੇਮ ਸਿੰਘ ਟਾਂਗਰਾ, ਅਮਰੀਕ ਸਿੰਘ ਜੋਧਾਨਗਰੀ, ਬਲਕਾਰ ਸਿੰਘ ਕੋਟ ਖਹਿਰਾ, ਬਲਦੇਵ ਸਿੰਘ ਰਾਇਪੁਰ, ਲੱਖਾ ਸਿੰਘ ਅਤੇ ਧਿਆਨ ਸਿੰਘ ਸ਼ਾਹਪੁਰ ਆਦਿ ਆਗੂ ਹਾਜ਼ਰ ਸਨ।

## ਸੂਬੇਦਾਰ ਅਜੈਬ ਸਿੰਘ ਖਿੱਦੋਵਾਲੀ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਉਘੇ ਸਮਾਜ ਸੇਵੀ ਅਤੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਸੇਵਾ ਸਿੰਘ ਸਾਧਪੁਰ ਦੇ ਸਹੁਰਾ ਸਾਹਿਬ ਸੀਨੀਅਰ ਕਾਂਗਰਸੀ ਆਗੂ ਸੂਬੇਦਾਰ ਅਜੈਬ ਸਿੰਘ ਖਿੱਦੋਵਾਲੀ ਜਿਨ੍ਹਾਂ ਦਾ ਅਚਾਨਕ ਦੇਹਾਂਤ ਹੋ ਗਿਆ ਸੀ ਨਮਿੱਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾ ਦੇ ਗ੍ਰਹਿ ਵਿਖੇ ਪਾਏ ਗਏ। ਭੋਗ ਉਪਰੰਤ ਰਾਗੀ ਸਿੰਘਾਂ ਦੇ ਜਥਿਆਂ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ।

ਅੰਤਿਮ ਅਰਦਾਸ ਉਪਰੰਤ ਸ਼ਰਧਾਂਜਲੀ ਸਮਾਰੋਹ ਹੋਇਆ ਜਿਸ 'ਚ ਕਾਂਗਰਸ ਦੇ ਹਲਕਾ ਇਚਾਰਜ ਜਗਵਿੰਦਰਪਾਲ ਸਿੰਘ ਜੱਗਾ, ਆਪ ਆਗੂ ਸੁਖਜਿੰਦਰਰਾਜ ਸਿੰਘ ਲਾਲੀ ਮਜੀਠੀਆ ਦੀ ਸੁਪਤਨੀ ਡਾ. ਸਤਿੰਦਰ ਕੌਰ ਗਿੱਲ, ਭਗਵੰਤਪਾਲ ਸਿੰਘ ਸੱਚਰ ਸਾਬਕਾ ਜ਼ਿਲ੍ਹਾ ਪ੍ਰਧਾਨ ਕਾਂਗਰਸ ਕਮੇਟੀ, ਸੀਨੀਅਰ ਕਾਂਗਰਸੀ ਝਿਲਮਿਲ ਸਿੰਘ ਬਾਠ ਸਾਧਪੁਰ, ਪੰਚਾਇਤ ਸੈਕਟਰੀ ਮੇਵਾ ਸਿੰਘ ਸਾਧਪੁਰ, ਡਾ. ਗੰਜਣ ਸਿੰਘ , ਸਰਪੰਚ ਜਗੀਰ ਸਿੰਘ ਸਾਧਪੁਰ, ਮੈਂਬਰ ਪੰਚਾਇਤ ਭਾਈ ਦਲੇਰ ਸਿੰਘ ਸਾਧਪੁਰ, ਸਰਪੰਚ ਸਿਕੰਦਰ ਸਿੰਘ ਖਿੱਦੋਵਾਲੀ, ਸਰਪੰਚ ਅੰਗਰੇਜ਼ ਸਿੰਘ ਖੈੜੇ, ਜਸਮਿੱਤਰ ਸਿੰਘ ਚੋਗਾਵਾਂ, ਇੰਦਰਜੀਤ ਸਿੰਘ ਰਾਏਪੁਰ, ਸਰਪੰਚ ਸਤਨਾਮ ਸਿੰਘ ਕਾਜ਼ੀਕੋਟ, ਡਾ. ਸੁਖਵਿੰਦਰ ਸਿੰਘ ਗੋਲਡੀ ਤਰਸਿੱਕਾ, ਬਲਕਾਰ ਸਿੰਘ ਤਰਸਿੱਕਾ, ਸਰਪੰਚ ਬਲਕਾਰ ਸਿੰਘ ਬੋਪਾਰਾਏ, ਸਰਪੰਚ ਗੁਰਨਾਮ ਸਿੰਘ ਕਾਦਰਾਬਾਦ, ਕੈਪਟਨ ਸਿੰਘ ਆਦਿ ਆਗੂਆਂ ਨੇ ਸੂਬਦੇਾਰ ਅਜੈਬ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਸ਼ਮਸ਼ੇਰ ਸਿੰਘ ਨੇ ਦੁੱਖ 'ਚ ਸ਼ਰੀਕ ਹੋਣ ਵਾਲੀਆਂ ਸੰਗਤਾਂ ਦਾ ਧੰਨਵਾਦ ਕੀਤਾ।

# ਕਿਸਾਨਾਂ ਵੱਲੋਂ ਬਟਾਲਾ ਰੇਲਵੇ ਟਰੈਕ ਪੱਕੇ ਤੌਰ 'ਤੇ ਜਾਮ ਕਰਨ ਦਾ ਐਲਾਨ



ਗੁਰਦਾਸਪੁਰ (ਜਨਕ ਮਹਾਜਨ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਦੋ ਜ਼ਿਲ੍ਹਿਆਂ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਵੱਲੋਂ ਕਾਹਨੂੰਵਾਨ ਦੀ ਦਾਣਾ ਮੰਡੀ ਵਿਚ ਵੱਡਾ ਇਕੱਠ ਕਰਕੇ ਸ਼ਹੀਦ ਅੰਗਰੇਜ਼ ਸਿੰਘ ਬਾਕੀਪੁਰ ਅਤੇ ਜਥੇਬੰਦੀ ਦੇ ਦੂਸਰੇ ਸ਼ਹੀਦਾਂ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਹਜ਼ਾਰਾਂ ਕਿਸਾਨਾਂ, ਮਜ਼ਦੂਰਾਂ ਅਤੇ ਬੀਬੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਆਗੂ ਸਵਿੰਦਰ ਸਿੰਘ ਚੁਤਾਲਾ, ਜ਼ਿਲ੍ਹਾ ਪ੍ਰਧਾਨ ਹਰਦੀਪ ਸਿੰਘ ਫ਼ੌਜੀ, ਸਕੱਤਰ ਹਰਵਿੰਦਰ ਸਿੰਘ ਮਸਾਣੀਆਂ, ਪਰਮਜੀਤ ਸਿੰਘ ਭੁੱਲਾ, ਕੁਲਦੀਪ ਸਿੰਘ ਬੇਗੋਵਾਲ ਨੇ ਕਿਹਾ ਕਿ 29 ਮਾਰਚ 2004 ਨੂੰ ਮਾਨਾਵਾਲਾ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਲੱਗੇ ਧਰਨੇ ਵਿਚ ਪੁਲਸ ਦੀ ਗੋਲੀ ਨਾਲ ਅੰਗਰੇਜ਼ ਸਿੰਘ ਬਾਕੀਪੁਰ ਨੇ ਸ਼ਹੀਦੀ ਦਿੱਤੀ ਸੀ। ਇਸ ਲਈ ਹਰ ਸਾਲ ਵਾਂਗ ਜਥੇਬੰਦੀ ਵੱਲੋਂ ਵੱਖ-ਵੱਖ ਜ਼ਿਲ੍ਹਿਆਂ ਵਿਚ ਜਥੇਬੰਦੀ ਦੇ ਪਲੇਠੇ ਸ਼ਹੀਦ ਅੰਗਰੇਜ਼ ਸਿੰਘ ਬਾਕੀਪੁਰ ਅਤੇ ਦੂਸਰੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਂਦੀਆਂ ਹਨ। ਕਿਸਾਨੀ ਸੰਘਰਸ਼ ਨੂੰ ਅੱਗੇ ਤੋਰਦਿਆਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਵਿਚ ਨੈਸ਼ਨਲ ਹਾਈਵੇ ਪ੍ਰੋਜੈਕਟ ਦੌਰਾਨ ਐਕਵਾਇਰ ਹੋਈਆਂ ਜ਼ਮੀਨਾਂ ਦੇ ਘੱਟ ਮੁਆਵਜ਼ੇ ਨੂੰ ਲੈ ਕੇ ਲਗਾਤਾਰ ਸਰਕਾਰ ਦੇ ਨਾਲ ਲੜਾਈ ਜਾਰੀ ਹੈ। ਕਿਸਾਨਾਂ ਦੇ ਦੁਬਾਰਾ ਤੋਂ ਆਪਣੇ ਰੋਸ ਸੰਘਰਸ਼ ਨੂੰ ਤੇਜ਼ ਕਰਦਿਆਂ ਭਾਰੀ ਇਕੱਠ ਵਿਚ ਐਲਾਨ ਕੀਤਾ ਕਿ 2 ਅਪ੍ਰੈਲ ਨੂੰ ਜ਼ਿਲ੍ਹਾ ਗੁਰਦਾਸਪੁਰ ਹੁਸ਼ਿਆਰਪੁਰ ਅਤੇ ਅੰਮ੍ਰਿਤਸਰ ਜ਼ਿਲਿਆਂ ਵੱਲੋਂ ਬਟਾਲਾ ਰੇਲਵੇ ਟਰੈਕ ਅਣਮਿਥੇ ਸਮੇਂ ਲਈ ਜਾਮ ਕਰ ਦਿੱਤਾ ਜਾਏਗਾ। ਕਿਸਾਨ ਆਗੂ ਵਰਿਆਮ, ਨੰਗਲ ਗੁਰਪ੍ਰੀਤ ਸਿੰਘ ਖ਼ਾਨਪੁਰ, ਕੈਪਟਨ ਸ਼ਮਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਅਤੇ ਕੇਂਦਰ ਸਰਕਾਰ ਅੰਮ੍ਰਿਤਪਾਲ ਦੀ ਆੜ ਹੇਠ ਨਿਰਦੋਸ਼ ਨੌਜਵਾਨਾਂ ਨੂੰ ਚੁੱਕ ਕੇ ਜੇਲ੍ਹਾਂ ਵਿਚ ਡੱਕ ਰਹੀ ਹੈ, ਨਿਰਦੋਸ਼ ਕਿਸਾਨਾਂ ਨੂੰ ਰਿਹਾਅ ਕੀਤਾ ਜਾਵੇ। ਇਸ ਮੌਕੇ ਗੁਰਪ੍ਰੀਤ ਕੌਰ, ਅਮਨ, ਗੁਰਦੀਪ ਕੌਰ, ਸੁਖਜਿੰਦਰ ਸਿੰਘ ਗੋਤ, ਰਣਜੀਤ ਸਿੰਘ, ਜਸਬੀਰ ਸਿੰਘ ਗੁਰਾਇਆ, ਸਤਨਾਮ ਸਿੰਘ ਮਧਰਾ, ਅਨੂਪ ਸਿੰਘ ਸੁਲਤਾਨੀ, ਹਰਭਜਨ ਸਿੰਘ, ਹਰਦੀਪ ਸਿੰਘ, ਭਜਨ ਸਿੰਘ ਨੱਤ, ਹਰਜੀਤ ਸਿੰਘ ਲੀਲ ਕਲਾਂ, ਕੁਲਜੀਤ ਸਿੰਘ, ਬਲਦੇਵ ਸਿੰਘ ਪੰਡੋਰੀ, ਸੁਖਵਿੰਦਰ ਸਿੰਘ ਅੱਲੜਪਿੰਡੀ, ਕਰਨੈਲ ਸਿੰਘ ਅੱਧੀ, ਹਜ਼ੂਰ ਸਿੰਘ, ਮਾਸਟਰ ਗੁਰਜੀਤ ਸਿੰਘ, ਜੋਗਾ ਸਿੰਘ, ਝਿਰਮਲ ਸਿੰਘ ਬੱਜੂਮਾਨ, ਗੁਰਮੁਖ ਸਿੰਘ, ਅਨੂਪ ਸਿੰਘ, ਪਰਮਿੰਦਰ ਸਿੰਘ, ਕਵਲਜੀਤ ਸਿੰਘ, ਮਨਜੀਤ ਸਿੰਘ, ਗੁਰਪ੍ਰੀਤ ਨਾਨੋਵਾਲ, ਬਾਬਾ ਸੁਖਦੇਵ ਸਿੰਘ ਨੱਤ ਅਤੇ ਹੋਰ ਵੱਡੀ ਗਿਣਤੀ ਵਿਚ ਕਿਸਾਨ, ਮਜ਼ਦੂਰ ਅਤੇ ਬੀਬੀਆਂ ਹਾਜ਼ਰ ਸਨ।

# ਭਾਦਸੋਂ ਰੋਡ ਪਟਿਆਲਾ ਦੇ ਨੁਮਾਇੰਦਿਆਂ ਅਤੇ ਨਗਰ ਨਿਗਮ ਅਧਿਕਾਰੀਆਂ ਦੀ ਮੀਟਿੰਗ



ਪਟਿਆਲਾ : ਅੱਜ ਇੱਥੇ ਵੈਲਫੇਅਰ ਸੋਸਾਇਟੀ ਵਾਰਡ ਨੰ: 2 ਭਾਦਸੋਂ ਰੋਡ ਪਟਿਆਲਾ ਦੇ ਨੁਮਾਇੰਦਿਆਂ ਅਤੇ ਨਗਰ ਨਿਗਮ ਅਧਿਕਾਰੀਆਂ ਦੀ ਮੀਟਿੰਗ ਕਮਿਸ਼ਨਰ ਆਦਿੱਤਿਆ ਉੱਪਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਨਗਰ ਨਿਗਮ ਵੱਲੋਂ ਗੁਰਪ੍ਰੀਤ ਸਿੰਘ ਨਿਗਰਾਨ ਇੰਜੀਨੀਅਰ, ਰਾਜਿੰਦਰ ਚੋਪੜਾ ਨਿਗਰਾਨ ਇੰਜੀਨੀਅਰ, ਸੰਜੀਵ ਕੁਮਾਰ ਚੀਫ ਸੈਨੇਟਰੀ ਇੰਸਪੈਕਟਰ ਸਮੇਤ ਹੋਰ ਅਧਿਕਾਰੀ ਤੇ ਕਰਮਚਾਰੀ ਅਤੇ ਵੈਲਫੇਅਰ ਸੋਸਾਇਟੀ ਵੱਲੋਂ ਡਾ. ਦਰਸ਼ਨ ਪਾਲ ਪ੍ਰਧਾਨ, ਇੰਜ: ਕਰਮ ਚੰਦ ਭਾਰਦਵਾਜ ਸਕੱਤਰ, ਇੰਜ: ਦਰਬਾਰਾ ਸਿੰਘ, ਧਰਮ ਸਿੰਘ, ਤਰਲੋਚਨ ਸਿੰਘ ਸੰਧੂ, ਮੁਰਾਰੀ ਲਾਲ, ਸਤਪ੍ਰਕਾਸ਼, ਟੇਕ ਸਿੰਘ ਆਦਿ ਆਗੂ ਸ਼ਾਮਲ ਹੋਏ। ਕਮਿਸ਼ਨਰ ਨੇ ਵਾਰਡ ਨੰ: 2 ਨਿਵਾਸੀਆਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ ਅਤੇ ਮੌਕੇ ਤੇ ਹਾਜ਼ਰ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਨ੍ਹਾਂ ਸਮੱਸਿਆਵਾਂ ਦਾ ਜਲਦੀ ਹੱਲ ਕੀਤਾ ਜਾਵੇ। ਕਮਿਸ਼ਨਰ ਨੇ ਨਿਗਰਾਨ ਇੰਜੀਨੀਅਰ ਨੂੰ ਹਦਾਇਤ ਕੀਤੀ ਕਿ ਕੱਲ੍ਹ ਤੋਂ ਹੀ ਸੀਵਰੇਜ ਜਾਮ ਦੀ ਸਮੱਸਿਆ ਹੱਲ ਕੀਤੀ ਜਾਵੇ। ਭਾਦਸੋਂ ਰੋਡ ਤੋਂ ਥਾਪਰ ਕਾਲਜ ਦੀ ਕੰਧ ਨਾਲ ਅਬਲੋਵਾਲ ਮੋੜ ਤੱਕ ਜਾਂਦੀ ਸੜਕ ਥਾਪਰ ਕਾਲਜ ਪ੍ਰਬੰਧਕਾਂ ਨਾਲ ਗੱਲ ਕਰਕੇ ਸੜਕ ਚੌੜੀ ਕਰਵਾਈ ਜਾਵੇਗੀ। ਥਾਪਰ ਪੋਲੀਟੈਕਨਿਕ ਕਾਲਜ ਦੇ ਗੇਟ ਅੱਗੇ ਰੰਬਲ ਸਟਰਿਪਸ ਲਗਾਈਆਂ ਜਾਣਗੀਆਂ, ਜਨਤਾ ਦੀ ਸਹੂਲਤ ਲਈ ਪਬਲਿਕ ਟਰਾਂਸਪੋਰਟ ਸੰਬੰਧੀ ਪੀ ਆਰ ਟੀ ਸੀ ਨੂੰ ਪੱਤਰ ਲਿਖਿਆ ਜਾਵੇਗਾ। ਥਾਪਰ ਕਾਲਜ ਚੌਕ 'ਚ ਜੇਲ੍ਹ ਦੇ ਮੋੜ ਤੋਂ ਸੜਕ ਚੌੜੀ ਕਰਨ, ਭਾਦਸੋਂ ਰੋਡ ਤੇ ਆਵਾਜਾਈ ਦੇ ਨਿਰਵਿਘਨ ਚੱਲਣ ਤੇ ਇਨਕਰੋਚਮੈਂਟ ਦਾ ਮਸਲਾ ਹੱਲ ਕੀਤਾ ਜਾਵੇਗਾ। ਪੀਣ ਦੇ ਪਾਣੀ ਲਈ ਇੱਕ ਟਿਊਬਵੈਲ ਹੋਰ ਲਗਾਇਆ ਜਾਵੇਗਾ। ਗਲੀਆਂ ਤੇ ਸੜਕਾਂ ਦੀ ਮੁਰੰਮਤ ਤੇ ਸਫਾਈ, ਅਵਾਰਾ ਪਸ਼ੂਆਂ ਤੇ ਜਾਨਵਰਾਂ ਤੋਂ ਰਾਹਤ, ਮੱਖੀ ਮੱਛਰ ਤੇ ਬਚਾਅ ਲਈ ਹੈਲਥ ਵਿਭਾਗ ਨਾਲ ਪੱਤਰ ਵਿਹਾਰ ਕਰਕੇ ਸਪਰੇਅ ਕਰਵਾਉਣ, ਚੋਰਸਤਿਆਂ 'ਚ ਸਟਰੀਟ ਲਾਈਟ ਦੇ ਵੱਡੇ ਪੁਆਇੰਟ ਲਗਾਉਣਾ, ਟਿਵਾਣਾ ਚੌਕ 'ਚ ਟਰੈਫਿਕ ਲਾਈਟਾਂ ਲਗਾਉਣ ਅਤੇ ਬੰਦ ਪਏ ਸਟਰੀਟ ਲਾਈਟ ਪੁਆਇੰਟ ਜਲਦੀ ਠੀਕ ਕਰਵਾਉਣ ਅਤੇ ਗਲੀਆਂ ਤੇ ਸੜਕਾਂ ਦੀ ਸਫਾਈ ਕਰਵਾਉਣ ਦਾ ਭਰੋਸਾ ਦਿੱਤਾ। ਇਨ੍ਹਾਂ ਤੋਂ ਇਲਾਵਾ ਥਾਪਰ ਕਾਲਜ ਤੋਂ ਪੁਰਾਣੀ ਚੁੰਗੀ ਤੱਕ ਟ੍ਰੈਫਿਕ ਸੰਬੰਧੀ ਆਉਂਦੀ ਪ੍ਰੇਸ਼ਾਨੀ ਨੂੰ ਦੂਰ ਕਰਨ ਲਈ ਸੜਕ ਤੇ ਯੈਲੋ ਲਾਈਨ ਲਗਾਈ ਜਾਵੇਗੀ। ਸਾਥੀ ਕਰਮਚੰਦ ਭਾਰਦਵਾਜ ਨੇ ਦੱਸਿਆ ਕਿ ਮੀਟਿੰਗ ਸਦਭਾਵਨਾ ਭਰੇ ਮਾਹੌਲ 'ਚ ਹੋਈ।

## ਬੁਢਾਪਾ ਤੇ ਸਮਾਜਕ ਸੁਰੱਖਿਆ ਪੈਨਸ਼ਨਾਂ ਤਹਿਤ ਦਿੱਤਾ ਜਾ ਰਿਹੈ 1500 ਰੁਪਏ ਪ੍ਰਤੀ ਮਹੀਨਾ: ਡਾ. ਕਿਰਤਪ੍ਰੀਤ ਕੌਰ



ਤਰਨਤਾਰਨ (ਪ੍ਰਿਤਪਾਲ ਸਿੰਘ)-ਬੁਢਾਪਾ ਪੈਨਸ਼ਨ ਅਤੇ ਹੋਰ ਵਿੱਤੀ ਸਹਾਇਤਾ ਸਕੀਮਾਂ ਤਹਿਤ ਮਹੀਨਾ ਨਵੰਬਰ, 2022 ਦੌਰਾਨ ਜ਼ਿਲਾ ਤਰਨਤਾਰਨ ਦੇ 1,60,843 ਯੋਗ ਲਾਭਪਾਤਰੀਆਂ ਨੂੰ 24 ਕਰੋੜ 12 ਲੱਖ 64 ਹਜ਼ਾਰ 500 ਰੁਪਏ ਦੀ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਗਈ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਤਰਨਤਾਰਨ ਰਿਸ਼ੀਪਾਲ ਸਿੰਘ ਨੇ ਦੱਸਿਆ ਕਿ ਪੈਨਸ਼ਨ ਸਕੀਮਾਂ ਤਹਿਤ ਸਹਾਇਤਾ ਰਾਸ਼ੀ ਦਾ ਭੁਗਤਾਨ ਆਨਲਾਈਨ ਅਦਾਇਗੀ ਰਾਹੀਂ ਸਿੱਧਾ ਯੋਗ ਲਾਭਪਾਤਰੀਆਂ ਦੇ ਬੈਂਕ ਖਾਤੇ ਵਿੱਚ ਕੀਤਾ ਜਾਂਦਾ ਹੈ।

ਉਨ੍ਹਾਂ ਦੱਸਿਆਂ ਕਿ ਪੈਨਸ਼ਨ ਸਕੀਮਾਂ ਅਧੀਨ ਮਹੀਨਾ ਫਰਵਰੀ, 2023 ਦੀ ਪੈਨਸ਼ਨ ਰਾਸ਼ੀ ਤਹਿਤ ਬੁਢਾਪਾ ਪੈਨਸ਼ਨ ਦੇ 1,09,097 ਲਾਭਪਾਤਰੀਆਂ ਨੂੰ 16 ਕਰੋੜ 36 ਲੱਖ 45 ਹਜ਼ਾਰ 500 ਰੁਪਏ, ਵਿਧਵਾ ਤੇ ਨਿਆਸ਼ਰਿਤ ਔਰਤਾਂ ਨੂੰ ਪੈਨਸ਼ਨ ਤਹਿਤ 27,359 ਲਾਭਪਾਤਰੀਆਂ ਨੂੰ 04 ਕਰੋੜ 10 ਲੱਖ 38 ਹਜ਼ਾਰ 500 ਰੁਪਏ ਅਤੇ 11,917 ਆਸ਼ਰਿਤ ਬੱਚਿਆਂ ਨੂੰ 01 ਕਰੋੜ 78 ਲੱਖ 75 ਹਜ਼ਾਰ 500 ਰੁਪਏ ਜਾਰੀ ਕੀਤੇ ਗਏ ਹਨ। ਇਸ ਤੋਂ ਇਲਾਵਾ 12,470 ਦਿਵਿਆਂਗਜਨਾਂ ਪੈਨਸ਼ਨਰਾਂ ਨੂੰ 1 ਕਰੋੜ 87 ਲੱਖ 05 ਹਜ਼ਾਰ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਜ਼ਿਲਾ ਸਮਾਜਿਕ ਸੁਰੱਖਿਆ ਅਫ਼ਸਰ ਤਰਨ ਤਾਰਨ ਡਾ. ਕਿਰਤਪ੍ਰੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਬੁਢਾਪਾ ਪੈਨਸ਼ਨ ਅਤੇ ਹੋਰ ਸਮਾਜਿਕ ਸੁਰੱਖਿਆ ਪੈਨਸ਼ਨਾਂ ਤਹਿਤ ਯੋਗ ਲਾਭਪਾਤਰੀਆਂ ਨੂੰ 1500 ਰੁਪਏ ਪ੍ਰਤੀ ਮਹੀਨਾ ਦਿੱਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਬੁਢਾਪਾ ਪੈਨਸ਼ਨ ਸਕੀਮ ਅਧੀਨ 65 ਸਾਲ ਤੋਂ ਵੱਧ ਪੁਰਸ਼ਾਂ ਅਤੇ 58 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਵਿਧਵਾ ਅਤੇ ਨਿਆਸ਼ਰਿਤ ਔਰਤਾਂ ਨੂੰ ਪੈਨਸ਼ਨ ਦੇਣ ਦੀ ਸਕੀਮ ਅਧੀਨ 58 ਸਾਲ ਤੋਂ ਘੱਟ ਉਮਰ ਦੀਆਂ ਔਰਤਾਂ ਅਤੇ ਨਿਆਸ਼ਰਿਤ ਔਰਤਾਂ ਨੂੰ ਸਰਕਾਰ ਵੱਲੋਂ 1500 ਰੁਪਏ ਪ੍ਰਤੀ ਮਹੀਨਾ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਆਸ਼ਰਿਤ ਬੱਚਿਆਂ ਦੀ ਵਿੱਤੀ ਸਹਾਇਤਾ ਸਕੀਮ ਅਧੀਨ ਵਿਧਵਾ ਔਰਤ ਦੇ ਦੋ ਬੱਚਿਆਂ ਨੂੰ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ, ਜਿਸ ਦੀ ਉਮਰ 21 ਸਾਲ ਤੋਂ ਵੱਧ ਨਾ ਹੋਵੇ। ਇਸ ਸਕੀਮ ਤਹਿਤ ਸਰਕਾਰ ਵੱਲੋਂ 1500 ਰੁਪਏ ਪ੍ਰਤੀ ਮਹੀਨਾ ਦਿੱਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਦਿਵਿਆਂਗ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਦੇਣ ਦੀ ਸਕੀਮ ਅਧੀਨ ਜਿਸ ਵਿਅਕਤੀ ਦੀ ਦਿਵਿਆਂਗਤਾ 50 ਫੀਸਦੀ ਜਾਂ ਇਸ ਤੋਂ ਵੱਧ ਹੋਵੇ ਉਸ ਨੂੰ 1500 ਰੁਪਏ ਪ੍ਰਤੀ ਮਹੀਨਾ ਦਿੱਤਾ ਜਾਂਦਾ ਹੈ।

# ਮਾਣ ਧੀਆਂ 'ਤੇ ਸੰਸਥਾ ਵੱਲੋਂ ਐੱਸ ਡੀ ਐੱਮ ਮਜੀਠਾ ਡਾ. ਹਰਨੂਰ ਢਿੱਲੋਂ ਸਨਮਾਨਤ



ਮਜੀਠਾ (ਸੋਇਮ ਆਨੰਦ)-ਜ਼ਿਲ੍ਹੇ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਮਾਣ ਧੀਆਂ 'ਤੇ ਸਮਾਜ ਭਲਾਈ ਸੋਸਾਇਟੀ (ਰਜਿ) ਅੰਮ੍ਰਿਤਸਰ ਦੇ ਪ੍ਰਧਾਨ ਗੁਰਿੰਦਰ ਸਿੰਘ ਮੱਟੂ ਅਤੇ ਸੀਨੀਅਰ ਮੀਤ ਪ੍ਰਧਾਨ ਨਿਰਵੈਰ ਸਿੰਘ ਸਰਕਾਰੀਆ ਵੱਲੋਂ ਸਾਦੇ ਅਤੇ ਪ੍ਰਭਾਵਸ਼ਾਲੀ ਸਮਾਰੋਹ ਦੌਰਾਨ ਮਿਹਨਤ ਤੇ ਜਜ਼ਬੇ ਨਾਲ ਵੱਡਾ ਮੁਕਾਮ ਹਾਸਲ ਕਰਨ ਵਾਲੀ ਸ਼ਖਸੀਅਤ ਐੱਸਡੀਐੱਮ ਮਜੀਠਾ ਡਾ. ਹਰਨੂਰ ਕੌਰ ਢਿੱਲੋਂ ਨੂੰ ਬੇਹਤਰੀਨ ਸੇਵਾਵਾਂ ਸਦਕਾ ਸਨਮਾਨਿਤ ਕੀਤਾ ਗਿਆ। ਇਸ ਮੌਕੇ ਐੱਸਡੀਐੱਮ ਮਜੀਠਾ ਅਤੇ ਸਹਾਇਕ ਕਮਿਸ਼ਨਰ (ਜਨਰਲ) ਅੰਮ੍ਰਿਤਸਰ ਡਾ. ਹਰਨੂਰ ਕੌਰ ਢਿੱਲੋਂ ਨੇ ਸੰਸਥਾ ਦੇ ਪ੍ਰਧਾਨ ਗੁਰਿੰਦਰ ਸਿੰਘ ਮੱਟੂ ਅਤੇ ਉਨ੍ਹਾਂ ਨਾਲ ਆਏ ਮਹਿਮਾਨਾਂ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਮੈਂ ਆਪਣੀ ਡਿਊਟੀ ਨੂੰ ਹੀ ਰੂਹ ਦੀ 'ਖੁਰਾਕ' ਮੰਨਦੀ ਹਾਂ ਮੈਨੂੰ ਪੀੜਤਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਕੇ ਦਿਲੀ ਸਕੂਨ ਤੇ ਮਨ ਨੂੰ ਸ਼ਾਂਤੀ ਮਿਲਦੀ ਹੈ। ਇਸ ਮੌਕੇ ਪ੍ਰਧਾਨ ਮੱਟੂ ਨੇ ਡਾ. ਢਿੱਲੋਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਇਹ ਵਾਤਾਵਰਨ ਪ੍ਰੇਮੀ ਅਤੇ ਪੰਜਾਬੀ ਮਾਂ ਬੋਲੀ ਨਾਲ ਅਥਾਹ ਮੋਹ ਰੱਖਣ ਵਾਲੀ ਸ਼ਖਸੀਅਤ ਹੈ। ਇਨ੍ਹਾਂ ਨੂੰ ਲੋਕ ਸੇਵਾ ਦੀ 'ਗੁੜ੍ਹਤੀ' ਆਪਣੇ ਪਿਤਾ ਡਾ. ਹਰਬੀਰ ਸਿੰਘ ਢਿੱਲੋਂ ਕੋਲੋਂ ਮਿਲੀ ਅਤੇ ਪੀਐੱਮਟੀ ਦੇ ਇਮਤਿਹਾਨ 'ਚ 16ਵਾਂ ਰੈਂਕ ਹਾਸਲ ਕੀਤਾ। ਗੌਰਮਿੰਟ ਮੈਡੀਕਲ ਕਾਲਜ ਅੰਮ੍ਰਿਤਸਰ ਤੋਂ ਆਪਣੇ ਨਾਂ ਨਾਲ 'ਡਾਕਟਰ' ਸ਼ਬਦ ਲਿਖਵਾਉਣ ਦਾ ਮਾਣ ਹਾਸਲ ਕੀਤਾ। ਉਨ੍ਹਾਂ ਆਪਣੇ ਪਿਤਾ ਡਾ. ਹਰਬੀਰ ਸਿੰਘ ਢਿੱਲੋਂ ਵਲੋਂ ਮਿਲੀ ਪ੍ਰੇਰਣਾ ਸਦਕਾ 2017 ਵਿਚ ਪੂਰਾ ਸਾਲ ਸਿਵਲ ਸਰਵਸਿਜ਼ ਪ੍ਰੀਖਿਆ ਦੀ ਤਿਆਰੀ ਕਰਦਿਆਂ 2018 ਵਿਚ ਇਹ ਪ੍ਰੀਖਿਆ ਦਿੱਤੀ। 2018 ਨਵੰਬਰ ਵਿਚ ਇਸ ਦਾ ਮੇਨਜ਼ ਟੈਸਟ ਦਿੱਤਾ ਅਤੇ ਪਹਿਲੀ ਵਾਰ ਵਿਚ ਹੀ ਇਹ ਪ੍ਰੀਖਿਆ ਪਾਸ ਕਰ ਲਈ। 2019 ਮਾਰਚ ਵਿਚ ਇੰਟਰਵਿਊ ਹੋਈ ਤਾਂ ਪੰਜਾਬ ਭਰ ਤੋਂ ਛੇਵਾਂ ਸਥਾਨ, ਜਦਕਿ ਲਿਖਤੀ ਵਿਚ ਪੰਜਾਬ ਭਰ ਤੋਂ ਪਹਿਲਾ ਸਥਾਨ ਹਾਸਲ ਕੀਤਾ। ਕੋਵਿਡ ਮਹਾਮਾਰੀ ਸਮੇਂ ਲਾਕਡਾਊਨ ਦੌਰਾਨ ਅੰਮ੍ਰਿਤਸਰ 'ਚ ਹੀ ਟ੍ਰੇਨਿੰਗ ਹਾਸਲ ਕਰਦਿਆਂ ਜ਼ਮੀਨੀ ਪੱਧਰ 'ਤੇ ਬਹੁਤ ਕੁਝ ਸਿੱਖਿਆ। ਇਸ ਉਪਰੰਤ ਉਨ੍ਹਾਂ ਦੀ ਪਹਿਲੀ ਪੋਸਟਿੰਗ ਸਹਾਇਕ ਕਮਿਸ਼ਨਰ ਜਨਰਲ ਅੰਮ੍ਰਿਤਸਰ ਵਜੋਂ ਮਿਲੀ। ਇਸੇ ਦੌਰਾਨ ਉਨ੍ਹਾਂ ਐੱਸਡੀਐੱਮ ਲੋਪੋਕੇ ਵਜੋਂ ਵੀ ਥੋੜਾ ਸਮਾਂ ਕੰਮ ਕੀਤਾ। ਉਨ੍ਹਾਂ ਦੇ ਕੰਮ ਤੋਂ ਪ੍ਰਭਾਵਿਤ ਹੁੰਦਿਆਂ ਪ੍ਰਸ਼ਾਸਨ ਵਲੋਂ 11 ਅਕਤੂਬਰ 2022 ਨੂੰ ਐੱਸਡੀਐੱਮ ਮਜੀਠੇ ਦਾ ਮੁੱਖ ਚਾਰਜ ਉਨ੍ਹਾਂ ਨੂੰ ਸੌਂਪਿਆ ਗਿਆ ਅਤੇ ਇਸ ਦੇ ਨਾਲ ਹੀ ਸਹਾਇਕ ਕਮਿਸ਼ਨਰ ਜਨਰਲ ਅੰਮ੍ਰਿਤਸਰ ਦਾ ਵਾਧੂ ਚਾਰਜ ਵੀ ਉਨ੍ਹਾਂ ਕੋਲ ਹੈ। ਉਹ ਆਪਣੀ ਡਿਊਟੀ ਨੂੰ ਹੀ ਰੂਹ ਦੀ 'ਖੁਰਾਕ' ਮੰਨਦੇ ਹਨ। ਇਨ੍ਹਾਂ ਦੇ ਪਤੀ ਐੱਸਡੀਐੱਮ ਅੰਮ੍ਰਿਤਸਰ-2 ਹਨ।

ਇਸ ਮੌਕੇ ਡਾ. ਹਰਨੂਰ ਕੌਰ ਢਿੱਲੋਂ ਨੇ ਕਿਹਾ ਉਨ੍ਹਾਂ ਮਜੀਠਾ ਹਲਕੇ ਦੀ ਨੁਹਾਰ ਬਦਲਣ ਲਈ ਆਪਣੇ ਪੱਧਰ 'ਤੇ ਵੀ ਕਾਫੀ ਯਤਨ ਕੀਤੇ ਹਨ ਅਤੇ ਕਲੀਨ ਮਜੀਠਾ, ਗ੍ਰੀਨ ਮਜੀਠਾ ਮੁਹਿੰਮ ਤਹਿਤ ਸਮੇਂ-ਸਮੇਂ ਕਈ ਗਤੀਵਿਧੀਆਂ ਕਰਦੇ ਹਨ ਅਤੇ 'ਸਫਾਈ, ਸਿਹਤ ਅਤੇ ਸਿੱਖਿਆ' ਇਨ੍ਹਾਂ ਦੇ ਮੁੱਖ ਤਿੰਨ ਟੀਚੇ ਹਨ। ਉਨ੍ਹਾਂ ਦੱਸਿਆ ਕਿ ਹੁਣ ਮਾਣ ਧੀਆਂ 'ਤੇ ਸੰਸਥਾ ਦੇ ਸਹਿਯੋਗ ਨਾਲ ਭਰੂਣ ਹੱਤਿਆ ਖ਼ਿਲਾਫ਼ "ਬੇਟੀ ਬਚਾਓ, ਬੇਟੀ ਪੜ੍ਹਾਓ" ਮੁਹਿੰਮ ਦੀ ਸ਼ੁਰੂਆਤ ਜਲਦ ਹੀ ਮਜੀਠਾ ਵਿਖੇ ਵੀ ਹੋਵੇਗੀ। ਇਸ ਮੌਕੇ ਪ੍ਰਧਾਨ ਗੁਰਿੰਦਰ ਸਿੰਘ ਮੱਟੂ ਅਤੇ ਸੀਨੀਅਰ ਮੀਤ ਪ੍ਰਧਾਨ ਨਿਰਵੈਰ ਸਿੰਘ ਸਰਕਾਰੀਆ, ਜਰਮਨਜੀਤ ਸਿੰਘ ਸਰਕਾਰੀਆ, ਅਮਨਦੀਪ ਸਿੰਘ ਮੌਜੂਦ ਸਨ।

